
ISSN 2394-8507
ਭੇਟਾ : ₹ ੫/-

ਮਾਸਿਕ

# ਗੁਰਮਤਿ ਪ੍ਰਕਾਸ਼

ਜਿਲਦ: ੬੮ ਫੱਗਣ-ਚੇਤ ਸੰਮਤ ਨਾਨਕਸ਼ਾਹੀ ੫੫੬-੫੭ ਮਾਰਚ ੨੦੨੫ ਅੰਕ : ੧੨
Vol. : 68 March 2025 Issue : 12



ਦਿੱਲੀ ਫ਼ਤਿਹ ਦਾ ਦ੍ਰਿਸ਼

ਅਕਾਲੀ ਫੂਲਾ ਸਿੰਘ ਜੀ



੧ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਫੱਗਣ-ਚੇਤ, ਸੰਮਤ ਨਾਨਕਸ਼ਾਹੀ ੫੫੬-੫੭ ਮਾਰਚ 2025

ਜਿਲਦ ੬੮ (Vol. 68) ਅੰਕ ੧੨ (Issue 12)

*ਸੰਪਾਦਕ*
**ਸਤਵਿੰਦਰ ਸਿੰਘ**

*ਸਹਾਇਕ ਸੰਪਾਦਕ*
**ਬਿਕਰਮਜੀਤ ਸਿੰਘ**


## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ 5 | ਸਾਲਾਨਾ | ₹ 1250 |
| ਸਾਲਾਨਾ | ₹ 50 | ਪੰਜ ਸਾਲ | ₹ 5000 |
| ਪੰਜ ਸਾਲ | ₹ 250 | ਲਾਈਫ਼ | ₹ 10000 |
| ਲਾਈਫ਼ | ₹ 500 | | |

## ਚੰਦਾ ਭੇਜਣ ਦਾ ਪਤਾ


ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

*Secretary*
*Dharam Parchar Committee*
*(S.G.P.C.)*
*Sri Amritsar-143006*

**ਫੋਨ: 0183-2553956-59 ਐਕਸ 304 ਫੈਕਸ: 0183-2553919**

website : www.sgpc.net
e-mail :gurmatparkashmonthly@gmail.com,
gyan_gurmat@yahoo.com


**ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।**


Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

## ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੮ |
| ਸ੍ਰੀ ਗੁਰੂ ਨਾਨਕ ਦੇਵ ਜੀ ਬਾਣੀ ਦਾ ਸੱਭਿਆਚਾਰਕ ਪ੍ਰਸੰਗ... | -ਡਾ. ਗੁੰਜਨਜੋਤ ਕੌਰ | ੧੦ |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਅਨੰਦਪੁਰ ਸਾਹਿਬ ਵਿਖੇ ਸਥਾਪਿਤ ਪੰਜ ਕਿਲ੍ਹੇ | -ਡਾ. ਅਮਨ ਸਿੰਘ ਕਤਲੌਰ | ੧੬ |
| ਕਾਲੇ ਪਾਣੀਆਂ ਦੀ ਸੈਲੂਲਰ ਜੇਲ੍ਹ ਦੇ ਜਾਂਬਾਜ਼ ਸਿਰਲੱਥ ਸ਼ਹੀਦ ਯੋਧੇ | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੨੨ |
| ...ਸ੍ਰੀ ਦਰਬਾਰ ਸਾਹਿਬ ਵਿਖੇ ਨਿਭਾਈ ਜਾਣ ਵਾਲੀ ਰੋਜ਼ਾਨਾ ਦੀ ਮਰਿਆਦਾ | -ਸ. ਭਗਵੰਤ ਸਿੰਘ ਧੰਗੇੜਾ | ੨੭ |
| ਭਾਈ ਮਨੀ ਸਿੰਘ ਜੀ ਦੀ ਸ਼ਹਾਦਤ: ਇਕ ਅਧਿਐਨ | -ਭਾਈ ਬਲਵਿੰਦਰ ਸਿੰਘ ਲੌਂਗੋਵਾਲ | ੩੭ |
| ਸਿੱਖੀ ਦਾ ਜਲਾਲੀ ਰੂਪ: ਬਾਬਾ ਦੀਪ ਸਿੰਘ ਜੀ | -ਡਾ. ਇੰਦਰਜੀਤ ਸਿੰਘ ਗੋਗੋਆਣੀ | ੪੪ |
| ਹੋਲੀ ਤੋਂ ਹੋਲਾ ਮਹੱਲਾ | -ਡਾ. ਸ਼ਮਸ਼ੇਰ ਸਿੰਘ | ੪੮ |
| ਮਾਰਚ ਮਹੀਨੇ ਨਾਲ ਸੰਬੰਧਿਤ ਸ਼ਖ਼ਸੀਅਤਾਂ: | -ਡਾ. ਗੁਰਪ੍ਰੀਤ ਸਿੰਘ | ੫੩ |
| ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ | -ਭਾਈ ਰੇਸ਼ਮ ਸਿੰਘ | ੬੧ |
| ਗਾਥਾ: ਖਾਲਸਾ ਕਾਲਜ, ਬੰਬਈ | -ਸ. ਹਰਵਿੰਦਰ ਸਿੰਘ ਖਾਲਸਾ | ੬੩ |
| ਸਬਰ ਤੇ ਸੰਤੋਖ | -ਡਾ. ਰਾਜਵਿੰਦਰ ਸਿੰਘ ਜੋਗਾ | ੬੮ |
| ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ | -ਬੀਬੀ ਅੰਮ੍ਰਿਤ ਕੌਰ | ੭੧ |
| ਸਿੱਖ ਧਰਮ ਅੰਦਰ ਇਸਤਰੀ ਦਾ ਸਥਾਨ ਤੇ ਜ਼ਿੰਮੇਵਾਰੀ | -ਸ. ਮਨਪ੍ਰੀਤ ਸਿੰਘ ਬਾਜ | ੭੪ |
| ਬਸੰਤ ਅਤੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਾਤਸ਼ਾਹੀ ਨੌਵੀਂ | -ਪ੍ਰੋ. ਨਵ ਸੰਗੀਤ ਸਿੰਘ | ੮੩ |
| ਸਿੱਖਾਂ ਦੀ ਧਰਮ ਯੁੱਧ ਕਲਾ: ਗਤਕਾ | -ਸ. ਮੋਹਨ ਸਿੰਘ ਉਰਲਾਣਾ | ੮੬ |
| ਮਾਰਚ ਅਤੇ ਅਪ੍ਰੈਲ ੨੦੨੫ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ | | ੯੦ |
| ਇਤਿਹਾਸ ਸਿੱਖ ਰਹਿਤ ਮਰਯਾਦਾ... | -ਸ. ਗੁਰਚਰਨਜੀਤ ਸਿੰਘ ਲਾਂਬਾ | ੯੧ |
| ਰਾਗੁ ਗੂਜਰੀ | -ਮਾ. ਬਲਬੀਰ ਸਿੰਘ ਹੰਸਪਾਲ | ੯੬ |
| "ਬਾਰਹ ਮਾਹਾ" ਦਾ ਬਸੰਤ (ਕਵਿਤਾ) | -ਭਾਈ ਹਰਪ੍ਰੀਤ ਸਿੰਘ | ੯੮ |
| ਮਤੇ | | ੧੦੦ |
| ਖ਼ਬਰਨਾਮਾ | | ੧੦੨ |

# ਗੁਰਬਾਣੀ ਵਿਚਾਰ

*ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥*
*ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ॥*
*ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ॥*
*ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ॥*
*ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ॥*
*ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ॥*
*ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ॥*
*ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ॥*
*ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ॥*
*ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੩)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਬਾਰਹ ਮਾਹਾ ਮਾਂਝ ਦੀ ਇਸ ਅਰੰਭਕ ਪਉੜੀ ਵਿਚ ਮਨੁੱਖ-ਮਾਤਰ ਨੂੰ ਪਰਮਾਤਮਾ ਦੇ ਨਾਮ ਬਿਨਾਂ ਮਨੁੱਖਾ ਸਰੀਰ ਦੇ ਵਿਅਰਥ ਜਾਣ ਦੀ ਵਾਸਤਵਿਕਤਾ ਸਮਝਾਉਂਦਿਆਂ, ਮਨੁੱਖਾ ਜਨਮ ਦੀ ਦੁਰਲੱਭਤਾ ਤੇ ਉੱਚੀ ਕੀਮਤ ਦਾ ਅਹਿਸਾਸ ਕਰਾਉਂਦੇ ਹਨ। ਗੁਰੂ ਪਾਤਸ਼ਾਹ ਜੀ ਇਸ ਵਿਚ ਅਧਿਆਤਮ ਮਾਰਗ 'ਤੇ ਤੁਰਨਾ ਅਤਿ ਜ਼ਰੂਰੀ ਦੱਸਦੇ ਹੋਏ ਇਸ ਦਿਸ਼ਾ ਵਿਚ ਤੁਰਨ ਹਿੱਤ ਉਸ ਨੂੰ ਪਰਮਾਤਮਾ ਦੀ ਕਿਰਪਾ ਦੀ ਜਾਚਨਾ ਕਰਨ ਅਤੇ ਉਸ ਦੇ ਸੱਚੇ ਸਦੀਵੀ ਕੰਮ ਆਉਣ ਵਾਲੇ ਨਾਮ ਨੂੰ ਮਨ-ਚਿਤ-ਆਤਮਾ ਵਿਚ ਵਸਾਉਣ ਦਾ ਗੁਰਮਤਿ ਗਾਡੀ ਮਾਰਗ ਬਖ਼ਸ਼ਿਸ਼ ਕਰਦੇ ਹਨ।

ਸਤਿਗੁਰੂ ਜੀ ਅਕਾਲ ਪੁਰਖ ਪਰਮਾਤਮਾ ਨੂੰ ਸੰਬੋਧਨ ਕਰਦਿਆਂ ਫੁਰਮਾਨ ਕਰਦੇ ਹਨ ਕਿ, ਹੇ ਪ੍ਰਭੂ! ਆਪਣੇ ਕਰਮਾਂ ਦੀ ਕਮਾਈ ਕਰਕੇ ਤੇਰੇ ਤੋਂ ਵਿਛੜੇ ਹੋਏ ਹਾਂ। ਆਪਣੀ ਕਿਰਪਾ ਕਰਦਿਆਂ ਹੇ ਪ੍ਰਭੂ, ਆਪ ਨੇ ਸਾਨੂੰ ਆਪਣੇ ਨਾਲ ਮਿਲਾ ਲੈਣਾ। ਭਾਵ ਸਾਡਾ ਆਪ ਨੂੰ ਵਿਸਾਰੀ ਰੱਖਣਾ ਖ਼ਤਮ ਹੋ ਜਾਵੇ। ਅਸੀਂ ਆਪਣੇ ਆਲੇ-ਦੁਆਲੇ ਦੀਆਂ ਚਾਰੋਂ ਹੀ ਨੁੱਕਰਾਂ ਅਤੇ ਦਸਾਂ ਹੀ ਦਿਸ਼ਾਵਾਂ ਵਿਚ ਜਗਤ ਦੀ ਮਾਇਆ ਦੇ ਅਸਰ ਥੱਲੇ ਭੌਂਦੇ ਫਿਰਦੇ ਰਹੇ ਹਾਂ, ਹੁਣ ਹਾਰ-ਹੁੱਟ ਕੇ ਤੁਹਾਡਾ ਆਸਰਾ ਤੱਕਿਆ ਹੈ।

ਪਰਮਾਤਮਾ ਦੇ ਸਦੀਵੀ ਸੱਚੇ ਨਾਮ ਤੋਂ ਬਗੈਰ ਅਰਥਹੀਣ ਅਤੇ ਦੁਖਦਾਇਕ

ਮਾਨਸਿਕ ਆਤਮਿਕ ਹਾਲਤ ਨੂੰ ਦੋ ਦ੍ਰਿਸ਼ਟਾਂਤਾਂ ਰਾਹੀਂ ਦਰਸਾਉਂਦੇ ਹੋਏ ਗੁਰੂ ਪਾਤਸ਼ਾਹ ਕਥਨ ਕਰਦੇ ਹਨ ਕਿ ਗਊ ਜੋ ਦੁੱਧ ਨਹੀਂ ਦਿੰਦੀ, ਕਿਸੇ ਕੰਮ ਨਹੀਂ ਆਉਂਦੀ। ਦੂਸਰਾ ਦ੍ਰਿਸ਼ਟਾਂਤ ਦਿੰਦਿਆਂ ਗੁਰੂ ਜੀ ਕਥਨ ਕਰਦੇ ਹਨ ਕਿ ਪਾਣੀ ਬਿਨਾਂ ਖੇਤੀ ਮੁਰਝਾਅ ਜਾਂਦੀ ਹੈ ਅਤੇ ਉਸ ਤੋਂ ਪੂਰੀ ਆਮਦਨ ਨਹੀਂ ਹੋ ਸਕਦੀ ਭਾਵ ਪਾਣੀ ਖੇਤੀ ਦੇ ਵਿਕਾਸ-ਵਿਗਾਸ ਵਾਸਤੇ ਅਤਿ ਜ਼ਰੂਰੀ ਤੱਤ ਹੈ। ਦੋਨਾਂ ਦ੍ਰਿਸ਼ਟਾਂਤਾਂ ਦੀ ਸੰਰਚਨਾਤਮਕ ਯੋਜਨਾਬੰਦੀ ਦੁਆਰਾ ਸਹਿਜੇ ਹੀ ਸਿੱਟਾ ਕੱਢਦੇ ਹੋਏ ਗੁਰੂ ਜੀ ਦ੍ਰਿੜ੍ਹ ਕਰਾਉਂਦੇ ਹਨ ਕਿ ਇਨਸਾਨ ਦਾ ਸੱਜਣ ਕੇਵਲ ਤੇ ਕੇਵਲ ਉਹ ਪਰਮਾਤਮਾ ਹੈ। ਉਸ ਬਗ਼ੈਰ ਸੁਖ-ਸ਼ਾਂਤੀ ਕਿਵੇਂ ਮਿਲੇਗੀ? ਭਾਵ ਕਦਾਚਿਤ ਵੀ ਨਹੀਂ ਮਿਲੇਗੀ। 'ਪ੍ਰਭੂ ਦੇ ਨਾਮ ਵਿਚ ਹੀ ਸੱਚਾ ਸੁਖ ਮਿਲ ਸਕਦਾ ਹੈ' ਇਹ ਭਾਵ ਦ੍ਰਿੜ੍ਹ ਕਰਾਉਣ ਵਾਸਤੇ ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਹੜੇ ਘਰ ਅਰਥਾਤ ਹਿਰਦੇ ਅੰਦਰ ਪਰਮਾਤਮਾ-ਰੂਪੀ ਪਿਆਰਾ ਪਤੀ ਪ੍ਰਗਟ ਨਹੀਂ ਹੁੰਦਾ ਮਤਲਬ ਕਿ ਜਿਹੜਾ ਹਿਰਦਾ ਉਹਨੂੰ ਯਾਦ ਨਹੀਂ ਰੱਖਦਾ ਜਾਂ ਹੱਦੋਂ ਵੱਧ ਦਿੱਸਦੇ ਸੰਸਾਰ ਦੀ ਮੋਹ-ਮਾਇਆ ਵਿਚ ਗੁਆਚ ਜਾਂਦਾ ਹੈ ਉਹ ਵੱਡੀ ਭੱਠੀ ਸਮਾਨ ਤਪਦੇ ਸ਼ਹਿਰ ਜਾਂ ਪਿੰਡ ਜਿਹਾ ਹੈ। ਜੀਵ-ਇਸਤਰੀ ਦਾ ਸਰੀਰਿਕ ਸ਼ਿੰਗਾਰ ਉਸ ਦੇ ਸਰੀਰ ਸਮੇਤ ਝੂਠਾ ਜਾਂ ਖ਼ਤਮ ਹੋ ਜਾਣ ਵਾਲਾ ਹੈ। ਮਾਲਕ ਪਰਮਾਤਮਾ ਬਿਨਾਂ ਬਾਹਰੀ ਰੂਪ ਵਿਚ ਮਿੱਤਰ ਜਾਂ ਹਿਤੈਸ਼ੀ ਦਿੱਸਦੇ ਲੋਕ ਜਮਾਂ/ਜਮਦੂਤਾਂ ਸਮਾਨ ਹਨ। ਗੁਰੂ ਜੀ ਮਨੁੱਖ-ਮਾਤਰ ਨੂੰ ਅਧਿਆਤਮ ਮਾਰਗ 'ਤੇ ਪਾਉਣ ਹਿੱਤ ਪ੍ਰਭੂ ਮਾਲਕ ਅੱਗੇ ਅਰਦਾਸ-ਜਾਚਨਾ ਕਰਦੇ ਹਨ ਕਿ, ਹੇ ਨਾਨਕ! ਆਪਣੀ ਮਿਹਰ ਕਰ ਕੇ ਮੈਨੂੰ ਆਪਣਾ ਨਾਮ ਬਖ਼ਸ਼ ਦਿਓ! ਮੈਨੂੰ ਆਪਣੇ ਨਾਲ ਆਪਣੇ ਨਾਮ ਦੁਆਰਾ ਮਿਲਾ ਲੈਣਾ ਜੀ! ਕੇਵਲ ਤੇ ਕੇਵਲ ਇਸ ਸ੍ਰਿਸ਼ਟੀ ਉੱਪਰ ਆਪ ਜੀ ਦਾ ਨਾਮ ਹੀ ਸਦਾ ਅਟੱਲ ਰਹਿਣ ਵਾਲਾ ਹੈ ਭਾਵ ਇਸ ਸੰਸਾਰ ਉੱਪਰ ਹੋਰ ਜੋ ਕੁਝ ਵੀ ਦ੍ਰਿਸ਼ਟਮਾਨ ਹੈ ਸਭ ਬਦਲ ਜਾਣ ਵਾਲਾ ਹੈ।

*ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥*
*ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥*
*ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ॥*
*ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ॥*
*ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥*
*ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥*
*ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ॥*
*ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ॥*
*ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ॥੨॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੩)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਬਾਰਹ ਮਾਹਾ ਮਾਂਝ ਦੀ ਇਸ ਪਾਵਨ ਪਉੜੀ ਦੁਆਰਾ ਚੇਤ ਮਹੀਨੇ ਨਾਲ ਸੰਬੰਧਿਤ ਵਾਤਾਵਰਨ ਅਤੇ ਮੌਸਮ ਦੇ ਰੂ-ਬ-ਰੂ ਜੀਵ-ਇਸਤਰੀ ਨੂੰ ਮਾਲਕ ਪਰਮਾਤਮਾ ਨੂੰ ਯਾਦ ਕਰਦਿਆਂ ਉਸ ਵਿਚ ਸੁਖ-ਅਨੰਦ ਮਾਣਦਿਆਂ, ਬਨਸਪਤੀ ਅਤੇ ਕੁਦਰਤ 'ਚ ਵੱਸਦੇ ਕਾਦਰ ਨੂੰ ਮਹਿਸੂਸ ਕਰਦਿਆਂ ਅਧਿਆਤਮਿਕ ਖੇਤਰ ਵਿਚ ਵਿਗਾਸ ਹਿੱਤ ਸਦਾ ਯਤਨਸ਼ੀਲ ਰਹਿਣ ਲਈ, ਸੱਚੇ ਗੁਰੂ ਦੀ ਅਗਵਾਈ ਹਾਸਲ ਕਰਨ ਦੀ ਗੁਰਮਤਿ-ਜੁਗਤ ਬਖ਼ਸ਼ਿਸ਼ ਕਰਦੇ ਹਨ।

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਮਨੁੱਖਾ ਜੀਵਨ ਰੂਪੀ ਚੇਤ ਮਹੀਨੇ ਵਿਚ ਜੇਕਰ ਉਸ ਸੱਚੇ ਮਾਲਕ ਨੂੰ ਯਾਦ ਕਰੀਏ ਤਾਂ ਡੂੰਘਾ ਅਨੰਦ ਮਿਲਦਾ ਹੈ। ਸੰਤ ਭਾਵ ਰੱਬ ਨਾਲ ਮਿਲੇ ਹੋਏ ਲੋਕਾਂ ਨਾਲ ਮਿਲ-ਬੈਠ ਕੇ, ਜੀਭਾ ਨਾਲ ਉਸ ਮਾਲਕ ਦਾ ਨਾਮ ਜਪਣਾ ਸਹਿਜੇ ਹੀ ਸੰਭਵ ਹੋ ਜਾਂਦਾ ਹੈ। ਇੱਥੇ ਗੁਰੂ ਜੀ ਦਾ ਅੰਤਰੀਵ ਭਾਵ ਹੈ ਕਿ ਜਗਤ ਤੋਂ ਕਿਨਾਰਾ ਕਰਨਾ ਕਿਸੇ ਤਰ੍ਹਾਂ ਵੀ ਪ੍ਰਭੂ-ਭਗਤੀ ਦੇ ਵਾਸਤੇ ਲੋੜੀਂਦਾ ਅਤੇ ਯੋਗ ਨਹੀਂ ਸਿਰਫ਼ ਚੰਗੀ ਸੰਗਤ ਲੱਭਣ ਦੀ ਲੋੜ ਹੈ। ਚੰਗੀ ਸੰਗਤ ਵਿਚ ਹੋਣ ਵਾਲੀ ਪਰਸਪਰ ਵਿਚਾਰ ਮਨੁੱਖ ਨੂੰ ਭਟਕਣ ਤੋਂ ਬਚਾਉਂਦੀ ਹੋਈ ਰੂਹਾਨੀ ਮੰਜ਼ਲ ਵੱਲ ਤੋਰ ਦਿੰਦੀ ਹੈ।

ਗੁਰੂ ਜੀ ਫੁਰਮਾਉਂਦੇ ਹਨ ਕਿ ਜਿਸ ਮਨੁੱਖ ਨੇ ਮਾਲਕ (ਪਰਮਾਤਮਾ) ਨੂੰ ਪਾ ਲਿਆ ਹੈ ਉਸੇ ਨੂੰ ਹੀ ਇਸ ਸੰਸਾਰ ਉੱਪਰ ਆਇਆ ਗਿਣੀਏ। ਕਹਿਣ ਤੋਂ ਭਾਵ, ਮਾਲਕ ਨੂੰ ਰੀਝਾਉਣ ਬਿਨਾਂ ਮਨੁੱਖੀ ਸਰੀਰ ਨੂੰ ਪਾਉਣ ਦਾ ਕੋਈ ਅਰਥ ਹੀ ਨਹੀਂ। ਜਿਹੜਾ ਮਾਲਕ ਨੂੰ ਪਛਾਣ ਲੈਂਦਾ ਹੈ ਉਹ ਤਾਂ ਉਸ ਦੀ ਯਾਦ ਬਿਨਾਂ, ਉਸ ਨੂੰ ਚਿਤਵਣ ਬਿਨਾਂ ਨਹੀਂ ਰਹਿੰਦਾ। ਉਹ ਮਾਲਕ ਦਾ ਪਸਾਰਾ ਸਾਰੇ ਪਾਸੇ ਜਲ-ਥਲ ਅਤੇ ਬਨਸਪਤੀ ਵਿਚ ਵੇਖਦਾ-ਮਹਿਸੂਸਦਾ ਹੈ। ਦੂਜੇ ਬੰਨੇ ਜਿਸ ਨੂੰ ਉਹ ਮਾਲਕ ਯਾਦ ਨਹੀਂ ਆਉਂਦਾ ਉਹਦਾ ਦੁੱਖ ਬਹੁਤ ਹੀ ਵੱਡਾ ਹੈ। ਜਿਨ੍ਹਾਂ ਮਨੁੱਖਾਂ ਨੇ ਉਸ ਨੂੰ ਸਿਮਰਿਆ ਹੈ ਉਨ੍ਹਾਂ ਦੇ ਭਾਗ ਵੱਡੇ ਹਨ। ਹੇ ਨਾਨਕ! ਪ੍ਰਭੂ ਨੂੰ ਮਿਲਿਆਂ ਹੋਇਆਂ ਨੂੰ ਵੇਖ ਕੇ ਮਨ ਵਿਚ ਪਰਮਾਤਮਾ ਮਾਲਕ ਨੂੰ ਮਿਲ ਪੈਣ ਦੀ ਇੱਛਾ ਉਪਜੀ ਹੈ, ਮਨ ਵਿਚ ਇਕ ਤ੍ਰੇਹ ਲੱਗ ਗਈ ਹੈ। ਮਨੁੱਖਾ ਜੀਵਨ ਰੂਪੀ ਚੇਤ ਮਹੀਨੇ ਵਿਚ ਜੇਕਰ ਕੋਈ ਉਸ ਮਾਲਕ ਨਾਲ ਮਿਲਾ ਦੇਣ ਦੀ ਆਸ ਬੰਨ੍ਹਾਏ ਤਾਂ ਉਸ ਦੇ ਚਰਨੀਂ ਲੱਗਣਾ ਚਾਹੀਦਾ ਹੈ।

ਸੰਪਾਦਕੀ...

# ਗੁਰਸਿੱਖੀ ਕਿਰਦਾਰ ਦੀਆਂ ਘੜਨਹਾਰੀਆਂ

*ਵਰਤਮਾਨ ਵਿਚ ਅਸੀਂ ਜੇਕਰ ਆਪਣੇ ਆਲੇ-ਦੁਆਲੇ ਵੱਲ ਝਾਤ ਮਾਰੀਏ ਤਾਂ ਅੱਜ ਸਾਨੂੰ ਗੁਰੂ ਸਾਹਿਬਾਨ ਦੀਆਂ ਉਮੰਗਾਂ ਵਾਲੇ ਆਦਰਸ਼ਕ ਸਮਾਜ ਦੀ ਅਣਹੋਂਦ ਹੀ ਨਜ਼ਰ ਆਉਂਦੀ ਹੈ। ਇਸ ਸਮਾਜਿਕ ਨਿਘਾਰ ਨੇ ਮਨੁੱਖਤਾ ਦੇ ਨੈਤਿਕ ਪੱਧਰ ਨੂੰ ਬਹੁਤ ਨੀਵਿਆਂ ਕਰ ਛੱਡਿਆ ਹੈ। ਅਜਿਹੀ ਦਸ਼ਾ ਵਿਚ ਧਰਮੀ ਸਮਾਜ ਦੀ ਸਿਰਜਣਾ ਹੀ ਸਾਰੀਆਂ ਸਮਾਜਿਕ ਬੁਰਾਈਆਂ ਦਾ ਸਾਰਥਕ ਸਮਾਧਾਨ ਹੋ ਸਕਦੀ ਹੈ। ਧਰਮ ਦੇ ਪ੍ਰਚਾਰ ਪ੍ਰਸਾਰ ਲਈ ਜਿੱਥੇ ਧਾਰਮਿਕ ਸੰਸਥਾਵਾਂ, ਪ੍ਰਚਾਰਕ, ਕਥਾ-ਵਾਚਕ ਆਦਿ ਆਪੋ-ਆਪਣਾ ਬਣਦਾ ਸਰਦਾ ਯੋਗਦਾਨ ਪਾ ਰਹੇ ਹਨ, ਉੱਥੇ ਸਾਡੀਆਂ ਮਾਤਾਵਾਂ ਇਸ ਕਾਰਜ ਵਿਚ ਸਭ ਨਾਲੋਂ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ। ਜੇਕਰ ਅਸੀਂ ਗੁਰਮਤਿ ਅਨੁਸਾਰੀ ਆਦਰਸ਼ਕ ਧਰਮੀ ਸਮਾਜ ਦੀ ਸਿਰਜਣਾ ਕਰਨੀ ਚਾਹੁੰਦੇ ਹਾਂ ਤਾਂ ਸਭ ਤੋਂ ਪਹਿਲਾਂ ਗੁਰਮਤਿ ਦੀ ਰੋਸ਼ਨੀ ਵਿਚ ਬਚਪਨ ਨੂੰ ਸਵਾਰਨਾ ਹੋਵੇਗਾ, ਜਿਸ ਤਰ੍ਹਾਂ ਫਸਲ ਬੀਜਣ ਲੱਗਿਆਂ ਪਨੀਰੀ ਦਾ ਵਿਸ਼ੇਸ਼ ਰੂਪ ਵਿਚ ਪਾਲਣ-ਪੋਸ਼ਣ ਕੀਤਾ ਜਾਂਦਾ ਹੈ ਕਿਉਂਕਿ ਜੇਕਰ ਪਨੀਰੀ ਸਿਹਤਮੰਦ ਤੇ ਅਰੋਗ ਹੋਵੇਗੀ ਤਾਂ ਹੀ ਫਸਲ ਤੋਂ ਵਧੀਆ ਝਾੜ ਦੀ ਆਸ ਰੱਖੀ ਜਾ ਸਕਦੀ ਹੈ। ਇਸੇ ਤਰ੍ਹਾਂ ਬੱਚੇ ਸਮਾਜ ਦੀ ਪਨੀਰੀ ਹਨ ਅਤੇ ਜੇਕਰ ਗੁਰਬਾਣੀ ਦੀ ਖੁਰਾਕ ਅਤੇ ਧਾਰਮਿਕ ਸੰਸਕਾਰਾਂ ਦੀ ਵਾੜ ਦੇ ਕੇ ਬੱਚਿਆਂ ਦੀ ਪਰਵਰਿਸ਼ ਕੀਤੀ ਜਾਵੇ ਤਾਂ ਭਵਿੱਖ ਵਿਚ ਧਰਮੀ ਸਮਾਜ ਦੀ ਸਿਰਜਣਾ ਸੰਭਵ ਹੋ ਸਕਦੀ ਹੈ। ਇਹ ਕਾਰਜ ਮਾਤਾਵਾਂ ਹੀ ਕਰ ਸਕਦੀਆਂ ਹਨ। ਮਾਂ ਨੂੰ ਬੱਚੇ ਦਾ ਪਹਿਲਾ ਅਧਿਆਪਕ ਮੰਨਿਆ ਜਾਂਦਾ ਹੈ। ਬੱਚੇ ਦੀ ਸ਼ਖ਼ਸੀਅਤ ਮਾਤਾਵਾਂ ਦੁਆਰਾ ਬਚਪਨ ਵਿਚ ਦਿੱਤੇ ਸੰਸਕਾਰਾਂ ਉੱਪਰ ਨਿਰਭਰ ਕਰਦੀ ਹੈ। ਮਨੋਵਿਗਿਆਨੀ ਵੀ ਇਹ ਗੱਲ ਮੰਨਦੇ ਹਨ ਕਿ ਬਚਪਨ ਵਿਚ ਦਿੱਤੇ ਸੰਸਕਾਰਾਂ ਦਾ ਅਸਰ ਚਿਰਕਾਲ ਤਕ ਰਹਿੰਦਾ ਹੈ। ਅਸੀਂ ਜਦੋਂ ਪੁਰਾਤਨ ਸਿੱਖਾਂ ਦੇ ਉੱਚੇ, ਸੁੱਚੇ ਆਦਰਸ਼ਕ ਕਿਰਦਾਰ ਵੱਲ ਦੇਖਦੇ ਹਾਂ ਤਾਂ ਤੁਲਨਾਤਮਕ ਪੱਧਰ 'ਤੇ ਅੱਜ ਸਾਡੇ ਕਿਰਦਾਰ ਦੇ ਮੁਕਾਬਲੇ ਭਾਰੀ ਅੰਤਰ ਨਜ਼ਰ ਆਉਂਦਾ ਹੈ। ਹੁਣ ਜੇਕਰ ਅਸੀਂ ਇਸ ਅੰਤਰ ਦੇ ਕਾਰਨਾਂ ਨੂੰ ਤਲਾਸ਼ਣ ਦਾ ਯਤਨ ਕਰੀਏ ਤਾਂ ਇਸ ਪਿੱਛੇ ਪੁਰਾਤਨ ਮਾਤਾਵਾਂ ਦਾ ਆਪਣਾ ਗੁਰਸਿੱਖੀ ਕਿਰਦਾਰ ਅਤੇ ਆਪਣੇ ਬੱਚਿਆਂ ਨੂੰ ਦਿੱਤੀ ਜਾਂਦੀ ਗੁਰਮਤਿ ਦੀ ਗੁੜਤੀ ਮੁੱਖ ਕਾਰਨ ਨਜ਼ਰ ਆਵੇਗੀ।*

*ਪੁਰਾਤਨ ਮਾਤਾਵਾਂ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰ ਕੇ ਜਦੋਂ ਦੁੱਧ ਰਿੜਕਣ, ਆਟਾ ਗੁੰਨਣ ਲਗਦੀਆਂ ਤਾਂ ਗੁਰਬਾਣੀ ਦਾ ਪਾਠ ਅਰੰਭ ਕਰ ਲੈਂਦੀਆਂ ਅਤੇ ਅੰਨ ਪਾਣੀ ਤਿਆਰ ਕਰਦਿਆਂ ਨਿਤਨੇਮ ਸੰਪੂਰਨ ਕਰ ਲੈਂਦੀਆਂ ਸਨ। ਇਸ ਤਰ੍ਹਾਂ ਦਹੀਂ, ਲੱਸੀ, ਮੱਖਣ ਦੇ ਵਿਚ ਸੁਖਮਨੀ ਸਾਹਿਬ ਦੀ ਬਾਣੀ ਦਾ ਅੰਮ੍ਰਿਤ ਘੁਲ ਜਾਂਦਾ, ਆਟੇ ਵਿਚ ਜਪੁ ਬਾਣੀ ਦਾ ਰਸ ਗੁੰਨ੍ਹਿਆ ਜਾਂਦਾ। ਪੂਰੀ ਰਸੋਈ ਅੰਮ੍ਰਿਤ-ਮਈ ਬਣ ਜਾਂਦੀ। ਅਜਿਹਾ ਅੰਮ੍ਰਿਤ ਭੋਜਨ ਛਕ ਕੇ ਪੂਰੇ ਪਰਵਾਰ ਦੀਆਂ ਰਗਾਂ ਅੰਦਰ ਧਰਮ ਦੀ ਰੌਂਅ ਚੱਲ ਪੈਂਦੀ। ਅਜਿਹੇ ਗੁਰਬਾਣੀ ਦੇ ਰਸ ਨਾਲ ਭਰਪੂਰ ਪਰਵਾਰਾਂ ਵਾਲਾ ਸਮਾਜ ਗੁਰੂ ਸਾਹਿਬਾਨ ਦੇ ਆਸ਼ਿਆਂ*

*ਵਾਲਾ ਧਰਮੀ ਸਮਾਜ ਹੋ ਨਿਬੜਦਾ ਸੀ। ਅਜਿਹੇ ਸਮਾਜ ਅੰਦਰ ਦਸਾਂ ਨਹੁੰਆਂ ਦੀ ਕਿਰਤ ਨੂੰ ਸਤਿਕਾਰਿਆ ਜਾਂਦਾ ਅਤੇ ਪਾਪ ਦੀ ਕਮਾਈ ਨੂੰ ਗੁਰਬਾਣੀ ਦੀ ਪੰਕਤੀ* ***ਉਸੁ ਸੂਅਰ ਉਸੁ ਗਾਇ*** *ਅਨੁਸਾਰ ਹਰਾਮ ਸਮਝਿਆ ਜਾਂਦਾ ਸੀ। ਪੁਰਾਤਨ ਮਾਤਾਵਾਂ ਜਦੋਂ ਆਪਣੇ ਲਾਲਾਂ ਨੂੰ ਗੋਦ ਅੰਦਰ ਲੈ ਕੇ ਨਾਮ-ਬਾਣੀ ਦੀ ਗੁੜਤੀ ਦਿੰਦੀਆਂ ਤਾਂ ਅਜਿਹੀ ਪਰਵਰਿਸ਼ ਪਾ ਕੇ ਉੱਚੇ ਆਚਰਣ ਵਾਲੇ, ਨਾਮ-ਰਸੀਏ ਸਿੱਖ ਸਮਾਜ ਅੰਦਰ ਆਦਰਸ਼ਕ ਮਿਸਾਲ ਬਣ ਕੇ ਵਿਚਰਦੇ। ਇਨ੍ਹਾਂ ਧਰਮੀ ਮਾਤਾਵਾਂ ਦੀ ਨਿੱਘੀ ਪਰਵਿਰਸ਼ ਦੇ ਸਦਕਾ ਹੀ ਧਰਮ ਹੇਤ ਸੀਸ ਦੇਣ ਵਾਲੇ, ਬੰਦ-ਬੰਦ ਕਟਾਉਣ ਵਾਲੇ, ਖੋਪਰੀਆਂ ਲਹਾਉਣ ਵਾਲੇ, ਚਰਖੀਆਂ 'ਤੇ ਚੜ੍ਹਨ ਵਾਲੇ, ਆਰਿਆਂ ਨਾਲ ਚੀਰੇ ਜਾਣ ਵਾਲੇ, ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਉਣ ਵਾਲੇ ਧਰਮੀ ਜਿਊੜੇ ਨਿੱਤ ਦੀ ਅਰਦਾਸ ਵਿਚ ਯਾਦ ਕੀਤੇ ਜਾਂਦੇ ਹਨ।*

*ਅੱਜ ਜੇਕਰ ਗੁਰੂ ਸਾਹਿਬਾਨ ਦੇ ਆਦਰਸ਼ਾਂ ਵਾਲਾ ਸਮਾਜ ਸਿਰਜਣਾ ਹੈ ਤਾਂ ਅਜੋਕੀਆਂ ਮਾਤਾਵਾਂ ਨੂੰ ਬੀਬੀ ਭਾਨੀ ਜੀ ਵਾਲੇ ਉੱਚ ਆਦਰਸ਼ ਦੀਆਂ ਧਾਰਨੀ ਹੋ ਕੇ ਗੁਰੂ ਸਾਹਿਬਾਨ ਦੇ ਵਾਰਸਾਂ ਆਪਣੇ ਪੁੱਤਰਾਂ ਨੂੰ ਇਹ ਅਸੀਸਾਂ ਦੇਣੀਆਂ ਪੈਣਗੀਆਂ ਕਿ* ***ਹੇ ਪੁੱਤਰ! ਤੈਨੂੰ ਮਾਂ ਦੀ ਇਹ ਅਸੀਸ ਹੈ- ਤੈਨੂੰ ਪਰਮਾਤਮਾ ਅੱਖ ਝਮਕਣ ਜਿਤਨੇ ਸਮੇਂ ਲਈ ਭੀ ਨਾਂਹ ਭੁੱਲੇ, ਤੂੰ ਜਗਤ ਦੇ ਮਾਲਕ ਪ੍ਰਭੂ ਦਾ ਨਾਮ ਜਪਦਾ ਰਹੁ। . . . ਹੇ ਪੁੱਤਰ! ਸਤਿਗੁਰੂ ਤੇਰੇ ਉੱਤੇ ਦਇਆਵਾਨ ਰਹੇ, ਗੁਰੂ ਨਾਲ ਤੇਰਾ ਪਿਆਰ ਬਣਿਆ ਰਹੇ। . . . ਹੇ ਪੁੱਤਰ! ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਸਦਾ ਪੀਂਦਾ ਰਹੁ, ਸਦਾ ਲਈ ਤੇਰਾ ਉੱਚਾ ਆਤਮਕ ਜੀਵਨ ਬਣਿਆ ਰਹੇ।*** *ਜੇਕਰ ਬਚਪਨ ਵਿਚ ਹੀ ਬੱਚਿਆਂ ਦੇ ਦੁਆਲੇ ਅਜਿਹੀਆਂ ਅਸੀਸਾਂ ਦਾ ਚੌਗਿਰਦਾ ਸਿਰਜਿਆ ਜਾਵੇ ਤਾਂ ਯਕੀਨਨ ਬੱਚੇ ਵੱਡੇ ਹੋ ਕੇ ਗੁਰਮਤਿ ਰਹਿਣੀ ਦੇ ਧਾਰਨੀ, ਗੁਰੂ-ਘਰ ਦੇ ਪ੍ਰੇਮੀ ਅਤੇ ਉੱਚੇ ਆਦਰਸ਼ਾਂ ਦੇ ਮਾਲਕ ਬਣਨਗੇ।*

*ਸਾਨੂੰ ਲੋੜ ਹੈ ਕਿ ਸਿੱਖ ਮਾਤਾਵਾਂ ਸਿੱਖੀ ਦੇ ਪ੍ਰਚਾਰ ਅਤੇ ਆਦਰਸ਼ਕ ਸਮਾਜ ਦੀ ਘਾੜਤ ਲਈ ਇਕ ਲਹਿਰ ਬਣ ਕੇ ਸਾਹਮਣੇ ਆਉਣ। ਆਪ ਮਾਤਾ ਭਾਗੋ ਜੀ, ਬੀਬੀ ਭਾਨੀ ਜੀ ਦੀਆਂ ਵਾਰਸ ਬਣ ਕੇ ਆਪਣੇ ਬੱਚਿਆਂ ਨੂੰ ਆਪਣੇ ਅਮੀਰ ਗੁਰਮਤਿ ਵਿਰਸੇ ਨਾਲ ਜੋੜਨ। ਜਿਨ੍ਹਾਂ ਬੱਚਿਆਂ ਨੂੰ ਮਾਤਾਵਾਂ ਆਪਣੀ ਨਿੱਘੀ ਗੋਦ ਵਿਚ ਲੈ ਕੇ ਗੁਰਬਾਣੀ ਪੜ੍ਹਨ, ਉੱਚੇ ਆਚਰਣ ਦੀ ਸਿੱਖਿਆ ਦੇਣ, ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਦੇ ਸਾਕੇ ਸੁਣਾਉਣ, ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ ਜੀ ਦੀਆਂ ਲਾਸਾਨੀ ਸ਼ਹਾਦਤਾਂ ਦਾ ਇਤਿਹਾਸ ਸੁਣਾਉਣ ਤਾਂ ਵੱਡੇ ਹੋ ਕੇ ਇਨ੍ਹਾਂ ਬੱਚਿਆਂ ਦੇ ਸਿਰਾਂ ਉੱਪਰ ਕਦੇ ਕੈਂਚੀਆਂ ਨਹੀਂ ਚੱਲ ਸਕਦੀਆਂ। ਅਜਿਹੀ ਪਰਵਰਿਸ਼ ਪਾ ਕੇ ਇਹ ਬੱਚੇ ਪਤਿਤਪੁਣਾ, ਨਸ਼ਾ, ਭਰੂਣ ਹੱਤਿਆ, ਦਹੇਜ਼ ਪ੍ਰਥਾ, ਫੈਸ਼ਨਪ੍ਰਸਤੀ ਆਦਿ ਵਰਗੀਆਂ ਅਨੇਕਾਂ ਅਲਾਮਤਾਂ ਅਤੇ ਸਮਾਜਿਕ ਬੁਰਾਈਆਂ ਤੋਂ ਮੁਕਤ ਆਦਰਸ਼ਕ ਸਮਾਜ ਦੀ ਸਿਰਜਣਾ ਕਰਨ ਦੇ ਸਮਰੱਥ ਹੋ ਸਕਦੇ ਹਨ। ਅੱਜ ਸਮਾਜ ਅੰਦਰ ਪ੍ਰਚਲਿਤ ਲੱਚਰਤਾ ਵਿੱਚੋਂ ਕੱਢ ਕੇ ਬੱਚਿਆਂ ਨੂੰ ਸਾਹਿਬਜ਼ਾਦਿਆਂ ਦੇ ਵਾਰਸ ਬਣਾਉਣਾ ਮਾਤਾਵਾਂ ਦੇ ਹੱਥ ਵਸ ਹੈ। ਮਾਤਾਵਾਂ ਹੀ ਆਪਣੇ ਬੱਚੇ ਦਾ ਗੁਰਸਿੱਖੀ ਵਾਲਾ ਕਿਰਦਾਰ ਘੜਨ ਲਈ ਸਮਰੱਥ ਹਨ।*

# ਸ੍ਰੀ ਗੁਰੂ ਨਾਨਕ ਦੇਵ ਜੀ ਬਾਣੀ ਦਾ ਸੱਭਿਆਚਾਰਕ ਪ੍ਰਸੰਗ: ਸਮਕਾਲੀ ਪਰਿਪੇਖ ਵਿਚ

*-ਡਾ. ਗੁੰਜਨਜੋਤ ਕੌਰ**

*ਗੁਰਬਾਣੀ ਇਸੁ ਜਗਿ ਮਹਿ ਚਾਨਣੁ ਕਰਮਿ ਵਸੈ ਮਨਿ ਆਇ॥* ਅਰਥਾਤ ਗੁਰਬਾਣੀ ਗਿਆਨ ਦਾ ਆਥਾਹ ਸਮੁੰਦਰ ਹੈ, ਸਮੂਹ ਬਾਣੀਕਾਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਕ ਅਦੇਸ਼ਾਂ ਵਿਚ ਆਪਣੇ ਇਤਿਹਾਸਿਕ ਅਮਲ ਤੇ ਕਰਨੀ ਰਾਹੀਂ ਇੱਕ ਚੰਗੇ ਤੇ ਉਸਾਰੂ ਸੱਭਿਆਚਾਰ ਸਿਰਜਣ ਦੇ ਆਧਾਰ ਪ੍ਰਦਾਨ ਕੀਤੇ ਹਨ। ਉਨ੍ਹਾਂ ਨੇ ਸਮੁੱਚੀ ਜੀਵਨ-ਸ਼ੈਲੀ ਨੂੰ ਨਿਵੇਕਲੀ ਨੁਹਾਰ ਪ੍ਰਦਾਨ ਕੀਤੀ। ਸਾਰੇ ਬਾਣੀਕਾਰ ਉੱਚ ਆਤਮਿਕ ਅਤੇ ਅਧਿਆਤਮਿਕ ਮੰਡਲਾਂ ਦੇ ਵਾਸੀ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਬੰਧ ਜਿੱਥੇ ਇੱਕ ਪਾਸੇ ਮਨੁੱਖੀ ਹੋਂਦ ਨਾਲ ਜੁੜੇ ਪ੍ਰਸ਼ਨਾਂ ਜੀਵ, ਜਗਤ ਅਤੇ ਰੂਹਾਨੀ ਅਭਿਵਿਅਕਤੀ ਨਾਲ ਹੈ, ਉੱਥੇ ਦੂਜੇ ਪਾਸੇ ਉਨ੍ਹਾਂ ਨੇ ਬਾਹਰੀ ਜਗਤ ਜਾਂ ਸੱਭਿਆਚਾਰਕ ਜੀਵਨ-ਜਾਚ ਨੂੰ ਵੀ ਰੂਪਮਾਨ ਕੀਤਾ। ਮਾਨਵ ਕਲਿਆਣ ਅਤੇ ਮਨੁੱਖੀ ਗੌਰਵ ਦੀ ਬਹਾਲੀ ਉਨ੍ਹਾਂ ਦਾ ਪਹਿਲਾ ਵਿਸ਼ਾ ਸੀ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿਧਾਂਤਕ ਮਾਡਲ, ਵਿਭਿੰਨ ਸੱਭਿਆਚਾਰਕ ਇਕਾਈਆਂ ਵਿਚਕਾਰ ਆਦਾਨ-ਪ੍ਰਦਾਨ ਅਤੇ ਸੰਵਾਦ ਨੂੰ ਉਤਸ਼ਾਹਿਤ ਕਰਦਾ ਹੋਇਆ ਇਨ੍ਹਾਂ ਦੇ ਇੱਕ ਸੰਗਠਨ ਵਿਚ ਬੱਝ ਕੇ ਮਨੁੱਖਤਾ ਦੇ ਭਲੇ ਲਈ ਸਾਂਝੇ ਤੌਰ 'ਤੇ ਯਤਨ ਕਰਦਾ ਹੈ।

ਇੱਕੀਵੀਂ ਸਦੀ ਵਿਗਿਆਨ ਅਤੇ ਤਕਨਾਲੋਜੀ ਕਾਰਨ ਨਵੇਂ ਦ੍ਰਿਸ਼ਟੀਕੋਣ, ਨਵੇਂ ਪਾਸਾਰ ਅਤੇ ਨਿਵੇਕਲੇਪਨ ਦਾ ਯੁੱਗ ਹੈ। ਇਸ ਯੁੱਗ ਵਿਚ ਸਭ ਤੋਂ ਵੱਧ ਚੁਣੌਤੀਆਂ ਸੱਭਿਆਚਾਰਕ ਕਦਰਾਂ-ਕੀਮਤਾਂ, ਸਮਾਜਿਕ ਰਿਸ਼ਤੇ, ਵਿਰਸੇ ਦੀ ਮਹਾਨਤਾ ਅਤੇ ਵਾਤਾਵਰਨ ਨਾਲ ਸੰਬੰਧਿਤ ਮਸਲਿਆਂ ਦੇ ਸੰਬੰਧ ਵਿਚ ਵੇਖੀਆਂ ਜਾ ਸਕਦੀਆਂ ਹਨ। ਵਰਤਮਾਨ ਦੌਰ ਤੇਜ਼ ਰਫਤਾਰ ਵਾਲਾ ਹੈ। ਸਾਰੇ ਪਾਸੇ ਭੱਜ-ਦੌੜ, ਆਪਾ-ਧਾਪੀ, ਅਸੰਜਮ ਹੈ ਅਤੇ ਮਨੁੱਖ ਦੇ ਮਾਨਸਿਕ ਸਹਿਜ ਵਿਚ ਵਿਗਾੜ ਆਇਆ ਹੈ। ਲੋਭ ਅਤੇ ਲਾਲਚੀ ਬਿਰਤੀ ਅਧੀਨ ਉਸ ਦੀ ਸੋਚ ਪਰ ਤੋਂ ਨਿੱਜ ਤਕ ਸੀਮਤ ਹੋ ਕੇ ਰਹਿ ਗਈ ਅਤੇ ਸਰਬੱਤ ਦੇ ਭਲੇ ਵਾਲੀ ਸੁਰ ਹਾਸ਼ੀਏ 'ਤੇ ਚਲੀ ਗਈ। ਸੋ ਬਾਹਰੀ ਤੌਰ 'ਤੇ ਭਾਵੇਂ ਅਸੀਂ ਇਸ ਸਮੇਂ ਬਹੁਤ ਵਿਕਾਸ ਕੀਤਾ ਇੱਥੋਂ ਤਕ ਕਿ ਅਕਾਸ਼

** ਅਸਿਸਟੈਂਟ ਪ੍ਰੋਫੈਸਰ, ਸ੍ਰੀ ਗੁਰੂ ਗ੍ਰੰਥ ਸਾਹਿਬ, ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ। ਮੋ: ੯੯੧੫੩-੭੦੪੮੧*

ਦੀਆਂ ਬੁਲੰਦੀਆਂ ਨੂੰ ਛੂਹਿਆ ਪਰੰਤੂ ਅੰਦਰੂਨੀ ਤੌਰ 'ਤੇ ਨੈਤਿਕ ਕਦਰਾਂ-ਕੀਮਤਾਂ ਪੱਖੋਂ ਅਸੀਂ ਬਹੁਤ ਪਿੱਛੇ ਚਲੇ ਗਏ। ਸਮਾਜ ਵਿਚ ਅੱਜ ਵੀ ਉਹੀ ਸਥਿਤੀ ਬਣੀ ਹੋਈ ਹੈ ਜੋ ੫੫੦ ਸਾਲ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮਕਾਲ ਵਿਚ ਸੀ, ਜਿਸ ਦਾ ਜ਼ਿਕਰ ਗੁਰੂ ਸਾਹਿਬ ਨੇ ਇਸ ਤਰ੍ਹਾਂ ਕੀਤਾ:

*ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥*
*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥*
*ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੫)*

ਸੋ ਸਮਾਜ ਵਿਚ ਜਦੋਂ ਵੀ ਮਨੁੱਖ ਦੀ ਜੀਵਨ-ਸ਼ੈਲੀ ਨਾ-ਪੱਖੀ ਵਰਤਾਰਿਆਂ ਨਾਲ ਭਰੀ ਵਿਖਾਈ ਦਿੰਦੀ ਹੈ ਤਾਂ ਇਸ ਸਮੇਂ ਨਵੀਂ ਅਤੇ ਕ੍ਰਾਂਤੀਕਾਰੀ ਚੇਤਨਾ ਹੀ ਸਮਾਜ ਦੇ ਇਸ ਕਰੂਰਤਾ ਭਰੇ ਪ੍ਰਸੰਗਾਂ ਨਾਲ ਨਜਿੱਠ ਸਕਦੀ ਹੈ। ਅਜਿਹੇ ਸਮੇਂ ਯੁੱਗ-ਪੁਰਸ਼ ਅਤੇ ਮਹਾਨ ਪੁਰਸ਼ ਆਪਣੇ ਅਨੁਭਵ ਤੇ ਚਿੰਤਨ ਨਾਲ ਮਨੁੱਖਤਾ ਨੂੰ ਸਿੱਧੇ ਰਾਹ ਪਾਉਣ ਦਾ ਯਤਨ ਕਰਦੇ ਹਨ। ਸ੍ਰੀ ਗੁਰੂ ਨਾਨਕ ਦੇ ਜੀ ਦੇ ਸਮਕਾਲ ਸਮੇਂ ਸਮਾਜ ਦੇ ਲੋਕ ਫੋਕੇ ਕਰਮ-ਕਾਂਡਾਂ, ਜਬਰ-ਜ਼ੁਲਮਾਂ, ਧੋਖੇਬਾਜ਼ੀ, ਲੋਭ ਲਾਲਚ ਅਤੇ ਅੰਧਕਾਰਾਂ ਵਿਚ ਫਸੇ ਹੱਕ-ਸੱਚ ਤੇ ਇਨਸਾਫ ਵਰਗੀਆਂ ਕੀਮਤਾਂ ਤੋਂ ਵਿਰਵੇ ਵਿਖਾਈ ਦਿੰਦੇ ਸਨ। ਸੋ ਇਸ ਕੂੜ ਦੇ ਪਸਾਰੇ ਨੂੰ ਖਤਮ ਕਰਨ ਹਿੱਤ ਗੁਰੂ ਨਾਨਕ ਪਾਤਸ਼ਾਹ ਦੀ ਆਮਦ ਹੋਈ ਅਤੇ ਸੱਚ ਦਾ ਸੂਰਜ ਉਦੈ ਹੋਇਆ। ਭਾਈ ਗੁਰਦਾਸ ਜੀ ਨੇ ਗੁਰੂ ਜੀ ਦੇ ਪ੍ਰਕਾਸ਼ ਬਾਬਤ ਫੁਰਮਾਇਆ:

*ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।*
*ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ। (ਵਾਰ ੧:੨੭)*

ਡਾ. ਮੁਹੰਮਦ ਇਕਬਾਲ ਨੇ ਇਸ ਸਮੇਂ ਦੀ ਘਟਨਾ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ:

*ਬੁਤਕਦਾ ਫਿਰ ਬਾਅਦ ਮੁੱਦਤ ਕੇ ਮਗਰ ਰੋਸ਼ਨ ਹੁਆ।*
*ਨੂਰੇ ਇਬਰਾਹਿਮ ਸੇ ਅਜ਼ਰ ਕਾ ਘਰ ਰੋਸ਼ਨ ਹੁਆ।*
*ਫਿਰ ਉਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ।*
*ਹਿੰਦ ਕੋ ਇਕ ਮਰਦਿ-ਕਾਮਲਿ ਨੇ ਜਗਾਇਆ ਖ਼੍ਵਾਬ ਸੇ। (ਬਾਂਗੇ ਦਰਿਆ, ਪੰਨਾ ੩੭)*

ਗੁਰੂ ਸਾਹਿਬ ਦੀ ਆਮਦ ਨਾਲ ਨਵੇਂ ਯੁੱਗ ਦੀ ਸ਼ੁਰੂਆਤ ਹੋਈ ਤੇ ਮਨੁੱਖਤਾ ਫਿਰ ਜੀਅ ਉੱਠੀ। ਗੁਰੂ ਸਾਹਿਬ ਦੀ ਬਾਣੀ ਦੀ ਮਹਿਕ ਨੇ ਮੋਈ ਧਰਤੀ ਵਿਚ ਜਾਨ ਪਾ ਦਿੱਤੀ। ਪੰਜਾਬ ਗੁਰਾਂ ਦੇ ਨਾਮ ਉੱਤੇ ਜਿਊਣ ਲੱਗਾ। ਉਨ੍ਹਾਂ ਅਗਵਾਈ ਤੋਂ ਵਿਹੂਣੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਜਾਣਨ ਸਮਝਣ ਦਾ ਯਤਨ ਕੀਤਾ ਅਤੇ ਸੁਧਾਰ ਹਿੱਤ ਹੱਲ ਸੁਝਾਏ। ਭਾਈ ਗੁਰਦਾਸ ਜੀ ਨੇ ਇਸ ਦ੍ਰਿਸ਼ ਨੂੰ ਪੇਸ਼ ਕਰਦਿਆਂ ਫੁਰਮਇਆ:

*ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।*

*ਬਾਝੁ ਗੁਰੂ ਗੁਬਾਰੁ ਹੈ ਹੈ ਹੈ ਕਰਦੀ ਸੁਣੀ ਲੁਕਾਈ।*
*ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।*
*ਚੜ੍ਹਿਆ ਸੋਧਣਿ ਧਰਤਿ ਲੁਕਾਈ।* *(ਵਾਰ ੧:੨੪)*

ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦਾ ਸੰਦੇਸ਼ ਕਿਸੇ ਖਾਸ ਖਿੱਤੇ ਦੇ ਲੋਕਾਂ ਲਈ ਨਹੀਂ ਸਗੋਂ ਸਮੁੱਚੀ ਮਾਨਵਤਾ ਲਈ ਸਾਂਝਾ ਸੀ। ਉਨ੍ਹਾਂ ਨੇ ਅਧਿਆਤਮਿਕਤਾ ਦੇ ਨਾਲ-ਨਾਲ ਜ਼ਿੰਦਗੀ ਦੇ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਵਰਤਾਰਿਆਂ ਨੂੰ ਬਿਆਨਦਿਆਂ ਇੱਕ ਉੱਚੀ-ਸੁੱਚੀ ਤੇ ਨਿਰੋਲ ਜੀਵਨ-ਸ਼ੈਲੀ ਦੀ ਸੋਝੀ ਕਰਵਾਈ। ਮਨੁੱਖ ਦੀਆਂ ਅੰਤਰੀਵ ਗੁਣਾਂ, ਸਮਰੱਥਾਵਾਂ ਅਤੇ ਸੰਭਾਵਨਾਵਾਂ ਨੂੰ ਵਿਕਸਿਤ ਕਰਨ ਵਾਲੀ ਇਹ ਸਿੱਖਿਆ ਪ੍ਰਣਾਲੀ ਮਨੁੱਖੀ ਜੀਵਨ-ਸ਼ੈਲੀ ਦਾ ਗੁਰਸਿੱਖੀ ਮਾਡਲ ਹੈ। ਇਸ ਹਥਲੇ ਲੇਖ ਦਾ ਵਿਸ਼ਾ ਹੈ ਕਿ ਗੁਰੂ ਨਾਨਕ ਚਿੰਤਨ ਨੇ ਸੰਸਾਰ ਦੇ ਪ੍ਰਾਣੀ ਮਾਤਰ ਲਈ ਕਿਹੋ ਜਿਹੀ ਸੱਭਿਆਚਾਰਕ ਜਾਗ੍ਰਿਤੀ ਪੈਦਾ ਕੀਤੀ ਤੇ ਉਸ ਜਾਗ੍ਰਿਤੀ ਦਾ ਲੋਕਾਂ ਨੇ ਕੀ ਪ੍ਰਭਾਵ ਕਬੂਲਿਆ।

ਸੱਭਿਆਚਾਰ ਜੋ ਮਨੁੱਖੀ ਜ਼ਿੰਦਗੀ ਦਾ ਧੁਰਾ ਹੈ ਅਤੇ ਕੌਮੀ ਪਛਾਣ ਹੈ। ਇਸ ਵਿਚ ਉਨ੍ਹਾਂ ਸਮੂਹ ਸਮਾਜਿਕ, ਧਾਰਮਿਕ, ਰਾਜਨੀਤਿਕ ਤੇ ਆਰਥਿਕ ਕਦਰਾਂ-ਕੀਮਤਾਂ ਦਾ ਵਿਸਥਾਰਪੂਰਵਕ ਵਰਤਾਓ ਹੈ ਜਿਹੜਾ ਇੱਕ ਸੱਭਿਅਕ ਸਮਾਜ ਨੂੰ ਚਲਾਉਣ ਲਈ ਸਹਾਈ ਹੀ ਨਹੀਂ ਹੁੰਦਾ ਸਗੋਂ ਪਥ-ਪ੍ਰਦਰਸ਼ਨ ਵੀ ਕਰਦਾ ਹੈ। ਸੱਭਿਆਚਾਰ ਵਿਚ ਕਿਸੇ ਵੀ ਸਮਾਜ ਦੇ ਆਚਾਰ-ਵਿਹਾਰ, ਰਹਿਣ-ਸਹਿਣ, ਲੋਕ ਵਿਸ਼ਵਾਸ, ਕੰਮ-ਧੰਦੇ, ਰਹੁ-ਰੀਤਾਂ, ਮਸਲਨ ਸਮੁੱਚੀ ਜੀਵਨ-ਸ਼ੈਲੀ ਦੀ ਨੁਹਾਰ ਆ ਜਾਂਦੀ ਹੈ। ਗੁਰੂ ਨਾਨਕ ਪਾਤਸ਼ਾਹ ਨੇ ਕਿਸ ਤਰ੍ਹਾਂ ਸਾਡੇ ਜੀਵਨ ਦੇ ਸਮਾਜਿਕ, ਧਾਰਮਿਕ, ਰਾਜਨੀਤਿਕ ਅਤੇ ਆਰਥਿਕ ਸਰੋਕਾਰਾਂ ਦੀ ਨਿਸ਼ਾਨਦੇਹੀ ਕਰਦਿਆਂ ਇੱਕ ਸੱਭਿਅਕ ਤੇ ਸਚਿਆਰ ਬਣਨ ਦੀ ਪ੍ਰੇਰਣਾ ਦਿੱਤੀ ਦਾ ਜ਼ਿਕਰ ਨਿਮਨਲਿਖਤ ਹੈ:

## ਧਾਰਮਿਕ ਜੀਵਨ ਸੰਬੰਧੀ ਉਪਦੇਸ਼

ਗੁਰੂ ਨਾਨਕ ਪਾਤਸ਼ਾਹ ਨੇ ਸਾਰੇ ਫੋਕਟ ਕਰਮ-ਕਾਂਡਾਂ ਤੇ ਵਿਸ਼ਵਾਸਾਂ ਦਾ ਤਿਆਗ ਕਰ ਕੇ ਇੱਕ ਅਕਾਲ ਪੁਰਖ ਵਿਚ ਵਿਸ਼ਵਾਸ ਪ੍ਰਗਟਾਇਆ ਤੇ ਕਿਹਾ ਕਿ ਉਹ "ਸੰਸਾਰ ਦਾ ਕਰਤਾ ਹੈ, ਪਾਲਣ ਵਾਲਾ, ਤਾਰਣ ਵਾਲਾ, ਨਿਰਗੁਣ ਹੈ, ਸਰਗੁਣ ਸਰੂਪ ਵਾਲਾ ਹੈ, ਨਿਰਭਉ, ਨਿਰਵੈਰ ਅਤੇ ਸਰਬ-ਵਿਆਪਕ ਹੁੰਦਿਆਂ ਵੀ ਇੱਕ ਹੈ, ਇਸ ਵਿਚ ਬਹੁਦੇਵਵਾਦ ਲਈ ਕੋਈ ਥਾਂ ਨਹੀਂ:

*ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੯੩੦)*

ਗੁਰੂ ਸਾਹਿਬ ਨੇ ਧਾਰਮਿਕ ਖੇਤਰ ਵਿਚ ਪ੍ਰਚਲਿਤ ਵੱਖ-ਵੱਖ ਤਰ੍ਹਾਂ ਦੇ ਗ਼ਲਤ ਵਿਸ਼ਵਾਸਾਂ, ਮੂਰਤੀ-ਪੂਜਾ, ਮੜ੍ਹੀਆਂ-ਮਸਾਣੀਆਂ ਦੀ ਪੂਜਾ, ਯੋਗ ਲਾਉਣੇ, ਮੋਨ ਧਾਰਨੇ, ਵਰਤ ਰੱਖਣੇ ਆਦਿ ਕਰਮ-ਕਾਂਡਾਂ ਦੀ ਨਿਖੇਧੀ ਕੀਤੀ ਕਿਉਂਕਿ ਇਨ੍ਹਾਂ ਭੇਖਾਂ

ਸਾਧਨਾਂ ਨੇ ਧਰਮ ਦੀ ਪਰਿਭਾਸ਼ਾ ਬਹੁਤ ਗੁੰਝਲਦਾਰ ਕਰ ਦਿੱਤੀ ਸੀ। ਗੁਰੂ ਸਾਹਿਬ ਵੇਲੇ ਤਿੰਨ ਤਰ੍ਹਾਂ ਦੇ ਧਾਰਮਿਕ ਆਗੂ- ਕਾਜੀ, ਬ੍ਰਾਹਮਣ ਅਤੇ ਜੋਗੀ ਪੂਰੀ ਤਰ੍ਹਾਂ ਸਰਗਰਮ ਸਨ ਜੋ ਧਾਰਮਿਕ ਭੇਖਾਂ ਵਿਚ ਛੁਪ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਸਨ ਅਤੇ ਉਨ੍ਹਾਂ ਦੇ ਉਜਾੜੇ ਦਾ ਕਾਰਨ ਬਣ ਰਹੇ ਸਨ:

*- ਕਾਦੀ ਕੂੜੁ ਬੋਲਿ ਮਲੁ ਖਾਇ॥*
*ਬ੍ਰਾਹਮਣੁ ਨਾਵੈ ਜੀਆ ਘਾਇ॥*
*ਜੋਗੀ ਜੁਗਤਿ ਨ ਜਾਣੈ ਅੰਧੁ॥*
*ਤੀਨੇ ਓਜਾੜੇ ਕਾ ਬੰਧੁ॥੨॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੬੨)*
*- ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥*
*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੫)*

ਗੁਰੂ ਸਾਹਿਬ ਦੇ ਜੀਵਨ ਦਾ ਮਕਸਦ ਸੱਚੇ ਧਰਮ ਦੀ ਪਰਿਭਾਸ਼ਾ ਦੱਸਦਿਆਂ ਸਮੁੱਚੇ ਮਜ਼ਹਬਾਂ ਤੇ ਜਾਤੀਆਂ ਨੂੰ ਇੱਕ ਪ੍ਰੇਮ ਅਤੇ ਏਕਤਾ ਦੇ ਧਾਗੇ ਵਿਚ ਪਰੋਣਾ ਸੀ। ਉਨ੍ਹਾਂ ਨੇ ਧਰਮਾਂ ਦੇ ਬਾਹਰੀ ਵਿਖਾਵੇ ਨਾਲੋਂ ਅੰਦਰੂਨੀ ਸ਼ੁੱਧਤਾ ਜਾਂ ਸ਼ੁਭ ਅਮਲਾਂ ਉੱਪਰ ਜ਼ੋਰ ਦਿੰਦਿਆਂ ਕਿਹਾ ਨੇਕ ਅਮਲ ਹੀ ਮਨੁੱਖ ਨੂੰ ਵੱਡਾ ਬਣਾਉਂਦੇ ਹਨ। ਹੱਜ ਦੇ ਸਮੇਂ ਮੱਕੇ ਵਿਚ ਜਦੋਂ ਗੁਰੂ ਜੀ ਨੂੰ ਹਾਜੀਆਂ ਵੱਲੋਂ ਸਵਾਲ ਕੀਤਾ ਗਿਆ ਕਿ ਦੋਵੇਂ ਧਰਮਾਂ ਦੇ ਲੋਕਾਂ ਵਿੱਚੋਂ ਵੱਡਾ ਕੌਣ ਹੈ ਤਾਂ ਗੁਰੂ ਸਾਹਿਬ ਨੇ ਅਸਲੀ ਤੇ ਸੱਚੇ ਧਰਮ ਦੀ ਪਹਿਚਾਣ 'ਸ਼ੁਭ ਅਮਲਾਂ' ਨੂੰ ਦੱਸਿਆ। ਭਾਈ ਗੁਰਦਾਸ ਜੀ ਨੇ ਇਸ ਚਰਚਾ ਨੂੰ ਇਉਂ ਬਿਆਨ ਕੀਤਾ:

*ਪੁਛਨਿ ਗਲ ਈਮਾਨ ਦੀ ਕਾਜੀ ਮੁਲਾਂ ਇਕਠੇ ਹੋਈ।*
*ਵਡਾ ਸਾਂਗ ਵਰਤਾਇਆ ਲਖਿ ਨ ਸਕੈ ਕੁਦਰਤਿ ਕੋਈ।*
*ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ।*
*ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।*
*ਹਿੰਦੂ ਮੁਸਲਮਾਨ ਦੁਇ ਦਰਗਹ ਅੰਦਰਿ ਲਹਿਨ ਨ ਢੋਈ।* *(ਵਾਰ ੧:੩੩)*

ਇਸ ਤਰ੍ਹਾਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਧਰਮ ਦੀ ਅਸਲ ਭਾਵਨਾ ਨੂੰ ਪ੍ਰਗਟ ਕਰਦਿਆਂ ਦੂਜੇ ਧਰਮ ਦੇ ਅਕੀਦਿਆਂ ਵਿਚ ਵਿਸ਼ਵਾਸ ਰੱਖਣ ਵਾਲਿਆਂ ਦੀ ਹੋਂਦ ਨੂੰ ਕੇਵਲ ਸਵੀਕਾਰਿਆ ਹੀ ਨਹੀਂ ਸਗੋਂ ਉਸ ਨੂੰ ਸਵਾਰਨ ਦਾ ਵੀ ਕੰਮ ਕੀਤਾ। ਉਦਾਹਰਨ ਵਜੋਂ ਮੁਸਲਮਾਨ ਨੂੰ ਕਿਹਾ ਕਿ ਤੈਨੂੰ ਤੇਰਾ ਧਰਮ ਮੁਬਾਰਕ ਹੈ ਪਰ ਤੇਰਾ ਅਸਲ ਸਰੂਪ ਇਹ ਹੈ ਕਿ ਜੇਕਰ ਤੂੰ ਇਹੋ ਜਿਹੇ ਸਦਾਚਾਰਕ ਗੁਣਾਂ ਦਾ ਮਾਲਕ ਬਣ ਜਾਵੇ ਤਾਂ ਇਸਲਾਮਿਕ ਧਰਮ ਹੀ ਤੇਰੇ ਲਈ ਕਲਿਆਣ ਦਾ ਸਾਧਨ ਹੈ:

*ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ॥*

*ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ॥*
*ਹੋਇ ਮੁਸਲਿਮੁ ਦੀਨ ਮੁਹਾਵੈ ਮਰਣ ਜੀਵਣ ਕਾ ਭਰਮੁ ਚੁਕਾਵੈ॥*
*ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ॥*
*ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧)*

ਇਸੇ ਤਰ੍ਹਾਂ ਬ੍ਰਾਹਮਣ ਨੂੰ ਉਪਦੇਸ਼ ਕਰਦੇ ਫੁਰਮਾਉਂਦੇ ਹਨ ਕਿ ਅਸਲੀ ਬ੍ਰਾਹਮਣ ਉਹ ਹੈ ਜੋ ਪ੍ਰਭੂ ਨੂੰ ਜਾਣਦਾ, ਜਪੁ, ਤਪ ਅਤੇ ਸਵੈ-ਜਾਬਤੇ ਦੇ ਅਮਲ ਵਿਚ ਨਿਮਰਤਾ ਤੇ ਸੰਤੁਸ਼ਟਤਾ ਦਾ ਧਾਰਨੀ ਹੋਵੇ:

*ਸੋ ਬ੍ਰਾਹਮਣੁ ਜੋ ਬਿੰਦੈ ਬ੍ਰਹਮੁ॥ ਜਪੁ ਤਪੁ ਸੰਜਮੁ ਕਮਾਵੈ ਕਰਮੁ॥*
*ਸੀਲ ਸੰਤੋਖ ਕਾ ਰਖੈ ਧਰਮੁ॥ ਬੰਧਨ ਤੋੜੈ ਹੋਵੈ ਮੁਕਤੁ॥*
*ਸੋਈ ਬ੍ਰਾਹਮਣੁ ਪੂਜਣ ਜੁਗਤੁ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧੧)*

## ਸਮਾਜਿਕ ਜੀਵਨ ਸੰਬੰਧੀ ਉਪਦੇਸ਼

ਸਮਾਜਿਕ ਅਸਮਾਨਤਾ ਕਿਸੇ ਵੀ ਦੇਸ਼ ਜਾਂ ਖਿੱਤੇ ਦੇ ਲੋਕਾਂ ਨੂੰ ਰਲ-ਮਿਲ ਕੇ ਸਮੂਹਿਕ ਸ਼ਕਤੀ ਬਣਨ ਦੇ ਵਿਚ ਇੱਕ ਬਹੁਤ ਵੱਡੀ ਰੁਕਾਵਟ ਹੁੰਦੀ ਹੈ। ਗੁਰੂ ਪਾਤਸ਼ਾਹ ਵੇਲੇ ਸਮਾਜ ਬੁਰੀ ਤਰ੍ਹਾਂ ਸਮਾਜਿਕ ਨਾ-ਬਰਾਬਰੀ ਤੋਂ ਪੀੜਤ ਸੀ ਜਿਸ ਨੂੰ ਗੁਰੂ ਜੀ ਨੇ ਡੂੰਘੀ ਸ਼ਿੱਦਤ ਨਾਲ ਮਹਿਸੂਸ ਕੀਤਾ। ਨਾਨਕ ਚਿੰਤਨ ਨੇ ਸਦੀਆਂ ਤੋਂ ਚਲੀ ਆ ਰਹੀ ਵਰਨ-ਵੰਡ ਆਧਾਰਿਤ ਜਾਤ-ਪਾਤ ਦਾ ਖੰਡਨ ਕਰਦੇ ਹੋਏ ਮਨੁੱਖੀ ਏਕਤਾ, ਸਮਾਨਤਾ, ਸੁਤੰਤਰਤਾ ਅਤੇ ਸਾਂਝੀਵਾਲਤਾ ਦਾ ਪਾਠ ਮਨੁੱਖਤਾ ਨੂੰ ਪੜ੍ਹਾਇਆ। ਗੁਰੂ ਨਾਨਕ ਸਾਹਿਬ ਵੇਲੇ ਸਮੁੱਚਾ ਭਾਰਤੀ ਸਮਾਜ ਚਾਰ ਵਰਨਾਂ ਵਿਚ ਵੰਡਿਆ ਹੋਇਆ ਸੀ: ਖੱਤਰੀ, ਬ੍ਰਾਹਮਣ, ਸ਼ੂਦ ਤੇ ਵੈਸ਼। ਇਸ ਵਰਨ ਵੰਡ ਕਰਕੇ ਹੀ ਲੋਕਾਂ ਵਿੱਚ ਉਚ-ਨੀਚ, ਜਾਤ-ਪਾਤ, ਛੂਤ-ਛਾਤ ਦੀ ਭਾਵਨਾ ਭਰੀ ਹੋਈ ਸੀ। ਬ੍ਰਾਹਮਣ ਤੇ ਖੱਤਰੀ ਵਰਗ ਸਭ ਤੋਂ ਉੱਚਾ ਅਤੇ ਸ੍ਰੇਸ਼ਟ ਮੰਨਿਆ ਜਾਂਦਾ ਸੀ। ਬ੍ਰਾਹਮਣ ਤੇ ਉੱਚ ਵਰਗ ਦੇ ਲੋਕਾਂ ਨੇ ਨੀਵੀਂ ਜਾਤ ਦੇ ਸੰਤਾਂ-ਭਗਤਾਂ ਨੂੰ ਇਹ ਕਹਿ ਕੇ ਦੁਰਕਾਰ ਦਿੱਤਾ ਕਿ ਤੁਸੀਂ ਸ਼ੂਦਰ ਹੋ, ਨਾਮ ਜਪਣਾ ਤੇ ਭਗਤੀ ਕਰਨੀ ਤੁਹਾਡਾ ਕੰਮ ਨਹੀਂ ਹੈ। ਤੁਹਾਡਾ ਕੰਮ ਉੱਚੀ ਜਾਤੀ ਦੀ ਸੇਵਾ ਕਰਕੇ ਪੇਟ ਪਾਲਣਾ ਹੈ। ਸਮਾਜ ਦੇ ਸਨਮਾਨ ਯੋਗ ਕੰਮ ਵਿੱਦਿਆ ਗ੍ਰਹਿਣ ਕਰਨੀ ਅਤੇ ਦੇਣੀ, ਦਾਨ ਲੈਣਾ ਅਤੇ ਦੇਣਾ, ਯੱਗ ਕਰਨੇ ਅਤੇ ਕਰਾਉਣੇ ਆਦਿ 'ਤੇ ਬ੍ਰਾਹਮਣ ਸ਼੍ਰੇਣੀ ਦਾ ਕਬਜ਼ਾ ਹੋ ਗਿਆ। ਇਹੋ ਕਾਰਨ ਸੀ ਕਿ ਭਗਤ ਕਬੀਰ ਜੀ ਭਗਤ ਰਵਿਦਾਸ ਜੀ ਅਤੇ ਭਗਤ ਨਾਮਦੇਵ ਜੀ ਨੇ ਜਾਤ-ਪਾਤ ਦੇ ਇਸ ਵਿਤਕਰੇ ਨੂੰ ਦੂਰ ਕਰਨ ਲਈ ਕ੍ਰਾਂਤੀਕਾਰੀ ਢੰਗ ਨਾਲ ਵਿਰੋਧਤਾ ਕੀਤੀ। ਭਗਤ ਕਬੀਰ ਜੀ ਨੇ ਫੁਰਮਾਇਆ:

*ਗਰਭ ਵਾਸ ਮਹਿ ਕੁਲੁ ਨਹੀ ਜਾਤੀ॥*

*ਬ੍ਰਹਮ ਬਿੰਦੁ ਤੇ ਸਭ ਉਤਪਾਤੀ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੩੨੪)*

ਗੁਰੂ ਨਾਨਕ ਪਾਤਸ਼ਾਹ ਨੇ ਵੀ ਇੱਕ ਅੱਲ੍ਹਾ ਦੇ ਨੂਰ ਤੋਂ ਉਤਪੰਨ ਖਲਕਤ ਨੂੰ ਕਈ ਦੀਵਾਰਾਂ ਖੜ੍ਹੀਆਂ ਕਰ ਕੇ ਵੰਡ ਦੇਣਾ ਕਦਾਚਿਤ ਪ੍ਰਵਾਨ ਨਹੀਂ ਕੀਤਾ ਤੇ ਫੁਰਮਾਇਆ:

*ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥*
*ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੪੯)*

ਗੁਰੂ ਸਾਹਿਬ ਨੇ ਸੰਦੇਸ਼ ਦਿੱਤਾ ਕਿ ਊਚ-ਨੀਚ, ਜਾਤ-ਪਾਤ ਅਤੇ ਛੂਤ-ਛਾਤ ਦੀ ਵੰਡ ਕਾਰਨ ਕੋਈ ਇਨਸਾਨ ਉੱਚਾ-ਨੀਵਾਂ ਨਹੀਂ ਬਲਕਿ ਮਨੁੱਖ ਵੱਲੋਂ ਕੀਤੇ ਜਾਣ ਵਾਲੇ ਚੰਗੇ-ਮਾੜੇ ਕੰਮ ਹੀ ਉਸ ਦੀ ਅਸਲ ਪਹਿਚਾਣ ਅਤੇ ਮਾਣ-ਸਨਮਾਨ ਵਾਲੀ ਜੀਵਨ-ਸ਼ੈਲੀ ਨੂੰ ਤੈਅ ਕਰਦੇ ਹਨ:

*ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ॥*
*ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੩੦)*

ਇਸ ਤੋਂ ਵੀ ਅੱਗੇ ਗੁਰੂ ਨਾਨਕ ਪਾਤਸ਼ਾਹ ਨੇ ਸਮਾਜ ਵੱਲੋਂ ਦੱਬੇ-ਕੁਚਲੇ, ਲਤਾੜਿਆਂ ਅਤੇ ਦੁਰਕਾਰਿਆਂ ਨੂੰ ਆਪਣੇ ਸੀਨੇ ਲਾਇਆ ਅਤੇ ਆਪਣੇ-ਆਪ ਨੂੰ ਨੀਚਾਂ ਤੋਂ ਵੀ ਨੀਚ ਸੰਬੋਧਿਤ ਕਰਦਿਆਂ ਫੁਰਮਾਇਆ:

*ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥*
*ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥*
*ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੫)*

**ਚਲਦਾ...**

## ਸਿੱਖ ਮਿਸ਼ਨ ਕਲਕੱਤਾ ਵੱਲੋਂ ਗੁਰਮਤਿ ਸਮਾਗਮ

ਸਿੱਖ ਮਿਸ਼ਨ ਕਲਕੱਤਾ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਸ. ਹਰਜਿੰਦਰ ਸਿੰਘ ਧਾਮੀ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ. ਬਲਵਿੰਦਰ ਸਿੰਘ ਕਾਹਲਵਾਂ, ਸਕੱਤਰ, ਧਰਮ ਪ੍ਰਚਾਰ ਕਮੇਟੀ ਦੇ ਨਿਰਦੇਸ਼ਾਂ ਮੁਤਾਬਕ ਮਿਸ਼ਨ ਦੇ ਇੰਚਾਰਜ ਸ. ਜਗਮੋਹਨ ਸਿੰਘ ਦੀ ਅਗਵਾਈ ਵਿਚ ਪ੍ਰਚਾਰਕ ਭਾਈ ਚਰਨਜੀਤ ਸਿੰਘ ਫਾਨੀ ਅਤੇ ਭਾਈ ਗੁਰਵਿੰਦਰ ਸਿੰਘ ਜੰਮੂ ਦੇ ਸਹਿਯੋਗ ਨਾਲ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਇਤਿਹਾਸਿਕ ਗੁਰਦੁਆਰਾ ਸਰਦਾਰ ਨਗਰ, ਲਛਮੀਪੁਰ, ਜ਼ਿਲ੍ਹਾ ਕਟਿਹਾਰ (ਬਿਹਾਰ) ਵਿਖੇ ੦੧ ਦਸੰਬਰ ਤੋਂ ੦੬ ਦਸੰਬਰ, ੨੦੨੪ ਤਕ ਗੁਰਮਤਿ ਸਮਾਗਮ ਕਰਵਾਏ ਗਏ ਜਿਸ ਤਹਿਤ ੦੩ ਦਸੰਬਰ, ੨੦੨੪ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮ ਦੌਰਾਨ ੨੩ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ਮਿਤੀ ੦੪ ਅਤੇ ੦੫ ਦਸੰਬਰ, ੨੦੨੪ ਈ. ਨੂੰ ਬੱਚਿਆਂ ਦੇ ਦਸਤਾਰ, ਕਵਿਤਾ, ਲੈਕਚਰ/ਸਾਖੀ ਸੁਣਾਉਣ ਦੇ ਮੁਕਾਬਲੇ ਵੀ ਕਰਵਾਏ ਗਏ।

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਥਾਪਿਤ ਪੰਜ ਕਿਲ੍ਹੇ

*-ਡਾ. ਅਮਨ ਸਿੰਘ ਕਤਲੌਰ**

ਸ੍ਰੀ ਅਨੰਦਪੁਰ ਸਾਹਿਬ, ਪੁਆਧ ਦੇ ਜ਼ਿਲ੍ਹਾ ਰੂਪਨਗਰ ਦਾ ਬਹੁਤ ਪ੍ਰਸਿੱਧ ਧਾਰਮਿਕ ਅਤੇ ਇਤਿਹਾਸਿਕ ਸ਼ਹਿਰ ਹੈ। ਇਸ ਨਗਰ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਬਿਲਾਸਪੁਰ ਦੇ ਰਾਜੇ ਤੋਂ ਜ਼ਮੀਨ ਖਰੀਦ ਕੇ, ੧੬੭੫ ਈ. ਵਿਚ ਵਸਾਇਆ ਅਤੇ ਇਸ ਦਾ ਨਾਂ ਆਪਣੀ ਮਾਤਾ ਨਾਨਕੀ ਜੀ ਦੇ ਨਾਂ 'ਤੇ 'ਚੱਕ ਨਾਨਕੀ' ਰੱਖਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਇਸ ਦਾ ਨਾਂ 'ਅਨੰਦਪੁਰ ਸਾਹਿਬ' ਹੋਇਆ। ਸਿੱਖ ਧਰਮ ਦੇ ਪੰਜ ਤਖ਼ਤਾਂ ਵਿੱਚੋਂ ਇਕ 'ਤਖ਼ਤ ਸ੍ਰੀ ਕੇਸਗੜ੍ਹ ਸਾਹਿਬ' ਇੱਥੇ ਹੋਣ ਕਾਰਨ ਇਸ ਨਗਰ ਦੀ ਮਹੱਤਤਾ ਹੋਰ ਵੀ ਵਧ ਜਾਂਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇੱਥੇ ਹੀ ਸਿੱਖਾਂ ਨੂੰ 'ਧਰਮ ਯੁੱਧ' ਲਈ ਸੈਨਿਕ ਸਿਖਲਾਈ ਦਿੱਤੀ, ਬੀਰ ਰਸ ਪੈਦਾ ਕਰਨ ਲਈ ਬੀਰ ਰਸੀ ਸਾਹਿਤ ਲਿਖਣ ਅਤੇ ਲਿਖਵਾਉਣ ਦਾ ਕਾਰਜ ਕਰਨ ਦੇ ਨਾਲ-ਨਾਲ, ਨਗਰ ਨੂੰ ਸੈਨਿਕ ਛਾਉਣੀ ਦੀ ਦ੍ਰਿਸ਼ਟੀ ਤੋਂ ਸੁਰੱਖਿਅਤ ਬਣਾਉਣ ਲਈ ਪੰਜ ਕਿਲ੍ਹਿਆਂ ਦੀ ਉਸਾਰੀ ਵੀ ਕਰਵਾਈ। ਇਹ ਨਗਰ ਸਿੱਖ ਇਤਿਹਾਸ ਦੀਆਂ ਕਈ ਜੰਗਾਂ ਅਤੇ ਹੋਰਨਾਂ ਇਤਿਹਾਸਿਕ ਘਟਨਾਵਾਂ ਦਾ ਗਵਾਹ ਹੈ।

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਚ ਬਣਵਾਏ ਪੰਜ ਕਿਲ੍ਹਿਆਂ ਦੇ ਨਾਂ- ਕਿਲ੍ਹਾ ਅਨੰਦਗੜ੍ਹ, ਲੋਹਗੜ੍ਹ, ਤਾਰਾਗੜ੍ਹ, ਹੋਲਗੜ੍ਹ ਅਤੇ ਫਤਿਹਗੜ੍ਹ ਰੱਖੇ।[੧] ਇਹ ਕਿਲ੍ਹੇ ਸਿਰਫ ਯੁੱਧ ਕਲਾ ਵਿਚ ਪ੍ਰਬੀਨਤਾ ਦੇ ਗਵਾਹ ਹੀ ਨਹੀਂ ਬਲਕਿ ਸਿੱਖ ਕੌਮ ਦੀ ਚੜ੍ਹਦੀ ਕਲਾ ਅਤੇ ਉੱਚੇ ਆਦਰਸ਼ਾਂ ਦੇ ਪ੍ਰਤੀਕ ਵੀ ਹਨ।

## ਖ਼ਾਲਸੇ ਦੀ ਅਧਿਆਤਮਿਕ ਅਵਸਥਾ ਦੇ ਪ੍ਰਤੀਕ ਪੰਜ ਕਿਲ੍ਹੇ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਇਨ੍ਹਾਂ ਪੰਜਾਂ ਕਿਲਿਆਂ ਦੇ ਨਾਂ ਵੀ ਬਹੁਤ ਚੜ੍ਹਦੀ ਕਲਾ ਵਾਲੇ ਅਤੇ ਅਧਿਆਤਮਿਕ ਅਵਸਥਾ ਦੀ ਪ੍ਰਗਤੀ ਦੇ ਪ੍ਰਤੀਕਾਤਮਕ ਰੱਖੇ ਗਏ। ਕਿਲ੍ਹਾ ਲੋਹਗੜ੍ਹ ਹਰ ਸਿੱਖ ਨੂੰ ਲੋਹੇ ਵਰਗੀ ਮਜ਼ਬੂਤ ਦ੍ਰਿੜ੍ਹ ਸ਼ਕਤੀ ਦਾ ਧਾਰਨੀ ਹੋਣ ਦੀ ਤਾਕੀਦ ਕਰਦਾ ਹੈ। ਆਪਣੇ ਆਪ ਨੂੰ ਪੰਜ ਵਿਕਾਰਾਂ ਤੋਂ ਬਚਾਅ ਲਈ ਲੋਹੇ ਦੇ ਗੜ੍ਹ ਜਿਹਾ ਮਜ਼ਬੂਤ ਬਣਾਉਣ ਦੀ ਪ੍ਰੇਰਣਾ ਕਰਦਾ ਹੈ। ਕਿਲ੍ਹਾ ਹੋਲਗੜ੍ਹ, ਹੋਲੇ ਭਾਵ ਹੱਲੇ ਦਾ ਪ੍ਰਤੀਕ ਹੈ ਜੋ ਕਿ ਖ਼ਾਲਸੇ ਨੂੰ ਆਪਣੀ ਅਧਿਆਤਮਿਕ ਅਵਸਥਾ ਦੇ ਰਾਹ ਵਿਚ ਆਉਣ ਵਾਲੇ ਦੁਸ਼ਮਣਾਂ ਉਤੇ

** ਅਸਿਸਟੈਂਟ ਪ੍ਰੋਫੈਸਰ, ਲੈਮਰਿਨ ਟੈੱਕ ਸਕਿਲਜ਼ ਯੂਨੀਵਰਸਿਟੀ, ਰੈਲ ਮਾਜਰਾ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ-੧੪੪੫੩੩; ਮੋ. ੮੧੪੬੩-੮੭੩੮੮*

ਹੱਲਾ ਕਰਨ ਭਾਵ ਹਾਵੀ ਹੋਣ ਦੀ ਪ੍ਰੇਰਣਾ ਕਰਦਾ ਹੈ। ਕਿਲ੍ਹਾ ਫ਼ਤਿਹਗੜ੍ਹ, ਖ਼ਾਲਸੇ ਨੂੰ ਪਹਿਲੀਆਂ ਦੋਵਾਂ ਅਵਸਥਾਵਾਂ ਵਿੱਚੋਂ ਜੇਤੂ ਹੋਣ ਅਤੇ ਵਿਕਾਰਾਂ ਰੂਪੀ ਦੁਸ਼ਮਣਾਂ ਉਤੇ ਫ਼ਤਿਹ ਪ੍ਰਾਪਤ ਕਰਨ ਦੀ ਪ੍ਰੇਰਣਾ ਕਰਦਾ ਹੈ। ਕਿਲ੍ਹਾ ਅਨੰਦਗੜ੍ਹ ਸਿੱਖ ਦੀ ਉਸ ਅਵਸਥਾ ਦਾ ਪ੍ਰਤੀਕ ਹੈ ਜਦੋਂ ਸਿੱਖ ਪੰਜਾਂ ਵਿਕਾਰਾਂ ਉੱਤੇ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਅਨੰਦ ਦੀ ਅਵਸਥਾ ਦਾ ਧਾਰਨੀ ਹੋ ਜਾਂਦਾ ਹੈ। ਉਸ ਅਵਸਥਾ ਵਿਚ ਫਿਰ ਵਿਕਾਰ ਰੂਪੀ ਦੁਸ਼ਮਣਾਂ ਦਾ ਫਿਕਰ ਬਾਕੀ ਨਹੀਂ ਰਹਿ ਜਾਂਦਾ ਸਗੋਂ ਆਤਮਿਕ ਅਨੰਦ ਦੀ ਅਵਸਥਾ ਸਦੈਵ ਬਣੀ ਰਹਿੰਦੀ ਹੈ। ਉੱਚੇ ਸਥਾਨ ਉਤੇ ਸੁਸ਼ੋਭਿਤ ਕਿਲ੍ਹਾ ਤਾਰਾਗੜ੍ਹ, ਖ਼ਾਲਸੇ ਦੀ ਅਨੰਦ ਪ੍ਰਾਪਤੀ ਦੀ ਉਚ ਅਧਿਆਤਮਿਕ ਅਵਸਥਾ ਤੋਂ ਬਾਅਦ ਤਾਰਿਆਂ ਵਾਂਗ ਰੂਹਾਨੀ ਮੰਡਲ ਵਿਚ ਸਦਾ ਲਈ ਚਮਕਦੇ ਰਹਿਣ ਦੀ ਅਵਸਥਾ ਦਾ ਪ੍ਰਤੀਕ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਬਣਵਾਏ ਇਨ੍ਹਾਂ ਪੰਜ ਕਿਲ੍ਹਿਆਂ ਦਾ ਵਿਸਥਾਰਿਤ ਵਰਣਨ ਨਿਮਨ ਅਨੁਸਾਰ ਹੈ:

**ਕਿਲ੍ਹਾ ਅਨੰਦਗੜ੍ਹ ਸਾਹਿਬ**

ਕਿਲ੍ਹਾ ਅਨੰਦਗੜ੍ਹ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਲਗਪਗ ਸਾਢੇ ਸੱਤ ਸੌ ਮੀਟਰ ਦੂਰੀ 'ਤੇ ਸਥਿਤ ਹੈ। ਇਹ ਕਿਲ੍ਹਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਿਵਾਸ ਅਸਥਾਨ ਹੁੰਦਾ ਸੀ। ਕਿਲ੍ਹਾ ਅਨੰਦਗੜ੍ਹ ਨੂੰ ਖਾਲਸਾ ਪੰਥ ਦਾ ਪ੍ਰਮੁੱਖ ਪ੍ਰਬੰਧਕੀ ਕਿਲ੍ਹਾ ਵੀ ਕਿਹਾ ਜਾ ਸਕਦਾ ਹੈ ਕਿਉਂਕਿ ਇੱਥੇ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖਾਲਸਾ ਪੰਥ ਦੀਆਂ ਧਾਰਮਿਕ ਅਤੇ ਰਾਜਨੀਤਿਕ ਗਤੀਵਿਧੀਆਂ ਨੂੰ ਵਿਵਹਾਰਕ ਰੂਪ ਦਿੰਦੇ ਸਨ।

ਇਸ ਕਿਲ੍ਹੇ ਦਾ ਨਿਰਮਾਣ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਾਉਂਟਾ ਸਾਹਿਬ ਤੋਂ ਵਾਪਸ ਆਉਣ ਤੋਂ ਬਾਅਦ ਕਰਵਾਇਆ। ਭੰਗਾਣੀ ਦੀ ਜੰਗ ਤੋਂ ਬਾਅਦ ਗੁਰੂ ਜੀ ਨੇ ਦੂਰਅੰਦੇਸ਼ੀ ਨਾਲ ਜਾਣ ਲਿਆ ਸੀ ਕਿ ਈਰਖਾਲੂ ਪਹਾੜੀ ਰਾਜੇ ਕਦੇ ਵੀ 'ਚੱਕ ਨਾਨਕੀ' 'ਤੇ ਹਮਲਾ ਕਰ ਸਕਦੇ ਹਨ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਮੁਗ਼ਲ ਹਕੂਮਤ ਨਾਲ ਟੱਕਰ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਸੀ। ਇਸ ਲਈ ਸ੍ਰੀ ਦਸਮੇਸ਼ ਜੀ ਨੇ ਚੱਕ ਨਾਨਕੀ ਨੂੰ ਸੁਰੱਖਿਅਤਾ ਪ੍ਰਦਾਨ ਕਰਨ ਲਈ ਪੰਜ ਢੁੱਕਵੀਆਂ ਥਾਵਾਂ 'ਤੇ ਨਾਕੇਬੰਦੀ ਦੇ ਤੌਰ 'ਤੇ ਕਿਲ੍ਹੇ ਬਣਾਉਣ ਦੀ ਸੋਚੀ। ਜਿਸ ਦਾ ਜ਼ਿਕਰ ਭਾਈ ਸੰਤੋਖ ਸਿੰਘ ਨੇ ਇਸ ਤਰ੍ਹਾਂ ਕੀਤਾ ਹੈ:

*ਸ੍ਰੀ ਪ੍ਰਭੁ ਨੀਤ ਬਿਚਾਰਿ ਰਿਦੇ ਮਹਿਂ ਕੀਨਿ ਕਿਲਾ ਚਿਨਵਾਵਨਿ ਕੋ।*
*ਮੋਰਚੇ ਬ੍ਰਿੰਦ ਰਖੇ ਹਤਿਬੇ ਕਹੁ ਆਵਤਿ ਸ਼ੱਤ੍ਰਨ ਘਾਵਨ ਕੋ।*[੨]

ਇਨ੍ਹਾਂ ਵਿੱਚੋਂ ਅਨੰਦਗੜ੍ਹ ਕਿਲ੍ਹਾ ਬਹੁਤ ਮਜ਼ਬੂਤ ਬਣਿਆ ਹੋਣ ਕਾਰਨ ਅਜਿੱਤ ਸੀ, ਇਸੇ ਲਈ ਭਾਈ ਸੁੱਖਾ ਸਿੰਘ ਨੇ 'ਗੁਰਬਿਲਾਸ ਪਾਤਸ਼ਾਹੀ ਦਸਵੀਂ' ਵਿਚ ਇਸ ਦਾ ਨਾਂ 'ਬਿਜੈਗੜ੍ਹ' ਵੀ ਲਿਖਿਆ ਹੈ।[੩]

ਸ੍ਰੀ ਅਨੰਦਪੁਰ ਸਾਹਿਬ ਦੀ ਆਖਰੀ ਜੰਗ ਤੋਂ ਬਾਅਦ ਗੁਰੂ ਜੀ ਦੁਆਰਾ ਸ੍ਰੀ

ਅਨੰਦਪੁਰ ਸਾਹਿਬ ਛੱਡਣ ਉਪਰੰਤ ਇਸ ਕਿਲ੍ਹੇ ਦੀ ਇਮਾਰਤ ਨੂੰ ਰਾਜਾ ਅਜਮੇਰ ਚੰਦ ਦੀਆਂ ਫੌਜਾਂ ਨੇ ਢਹਿ-ਢੇਰੀ ਕਰ ਦਿੱਤਾ ਸੀ। ਫਿਰ ਗਿਆਨੀ ਕਰਤਾਰ ਸਿੰਘ ਕਲਾਸਵਾਲੀਆ, ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੇ ਗੁਰੂ ਕਾ ਬਾਗ਼, ਸ੍ਰੀ ਅੰਮ੍ਰਿਤਸਰ ਵਿਖੇ 'ਸੂਰਜ ਗ੍ਰੰਥ' ਦੀ ਕਥਾ ਸੁਣਨ ਵਾਲੀ ਸੰਗਤ ਤੋਂ ਇਕੱਤਰ ਕੀਤੀ ਮਾਇਆ ਦੇ ਸਹਿਯੋਗ ਨਾਲ ਕਿਲ੍ਹਾ ਅਨੰਦਗੜ੍ਹ ਦੀ ਸੇਵਾ ਦੀ ਅਰੰਭਤਾ ੧ ਮੱਘਰ, ੧੯੯੦ ਨੂੰ ਕਰਵਾਈ ਅਤੇ ਇਸ ਦੀ ਇਮਾਰਤ ਪੋਹ ੧੯੯੨ ਨੂੰ ਤਿਆਰ ਹੋਈ।[੪]

ਕਿਲ੍ਹਾ ਅਨੰਦਗੜ੍ਹ ਦੇ ਸਾਹਮਣੇ ਸੰਤ ਬਾਬਾ ਸੇਵਾ ਸਿੰਘ, ਕਾਰ ਸੇਵਾ ਵਾਲਿਆਂ ਨੇ ਗੁਰਦੁਆਰਾ ਅਨੰਦਗੜ੍ਹ ਸਾਹਿਬ ਦੀ ਉਸਾਰੀ ੧੯੧੨ ਈ. ਵਿਚ ਕਰਵਾਈ। ਨਵੀਂ ਇਮਾਰਤ ਬਣਾਉਣ ਸਮੇਂ, ਇਹ ਅਸਥਾਨ ਉੱਚੀ ਥਾਂ 'ਤੇ ਹੋਣ ਕਰਕੇ ਇਸ ਨੂੰ ਪੱਥਰ ਸੀਮਿੰਟ ਆਦਿ ਨਾਲ ਹੇਠਾਂ ਤੋਂ ਹੀ ਬਹੁਤ ਮਜ਼ਬੂਤ ਬਣਾਇਆ ਗਿਆ ਹੈ।

**ਕਿਲ੍ਹਾ ਫ਼ਤਿਹਗੜ੍ਹ ਸਾਹਿਬ**

ਇਹ ਕਿਲ੍ਹਾ, ਅਨੰਦਪੁਰ ਸਾਹਿਬ ਦੇ ਉੱਤਰ ਦਿਸ਼ਾ ਵਾਲੇ ਪਾਸੇ ਬਣਿਆ ਹੋਇਆ ਹੈ। ਇਹ ਅਸਥਾਨ, ਗੁਰੂ ਕੇ ਮਹਿਲ ਤੋਂ ਥੋੜਾ ਦੂਰੀ 'ਤੇ ਸ਼ਹਿਰੀ ਆਬਾਦੀ ਵਿਚ ਬਣਿਆ ਹੋਇਆ ਹੈ। ਕਿਲ੍ਹਾ ਫ਼ਤਿਹਗੜ੍ਹ ਦੇ ਨਾਮਕਰਨ ਸੰਬੰਧੀ ਇਕ ਰਵਾਇਤ ਪ੍ਰਚਲਿਤ ਹੈ ਜਿਸ ਅਨੁਸਾਰ ਜਦੋਂ ਇਸ ਕਿਲ੍ਹੇ ਦੀ ਉਸਾਰੀ ਕਰਵਾਈ ਜਾ ਰਹੀ ਸੀ ਤਾਂ ਉਸ ਸਮੇਂ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਦਾ ਜਨਮ ਹੋਇਆ ਸੀ। ਇਸ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਲ੍ਹੇ ਦਾ ਨਾਂ ਵੀ ਫ਼ਤਿਹਗੜ੍ਹ ਰੱਖ ਦਿੱਤਾ।

'ਗੁਰੂ ਕੀਆਂ ਸਾਖੀਆਂ' ਅਨੁਸਾਰ ਇਸ ਕਿਲ੍ਹੇ ਵਿਚ ਹੋਈ ਜੰਗ ਦਾ ਵਰਣਨ ਇਸ ਤਰ੍ਹਾਂ ਮਿਲਦਾ ਹੈ ਕਿ ੩੦ ਭਾਦਰੋਂ (ਸੰਮਤ ੧੭੫੭) ਸ਼ੁਕਰਵਾਰ ਨੂੰ ਰਾਜਾ ਅਜਮੇਰ ਚੰਦ ਨੇ ਕਿਲ੍ਹਾ ਫਤੇਗਢ ਤੇ ਮਾਰੂ ਹਮਲਾ ਕਰ ਦਿੱਤਾ। ਇਹ ਕਿਲ੍ਹਾ ਬਣ ਰਿਹਾ ਸੀ ਅਤੇ ਇਸ ਦੀ ਕੇਸਗੜ੍ਹ ਸਾਹਿਬ ਵਾਲੇ ਪਾਸੇ ਦੀ ਇਕ ਦੀਵਾਰ ਅਧੂਰੀ ਸੀ। ਕਿਲ੍ਹੇ ਦੇ ਜਥੇਦਾਰ ਭਗਵਾਨ ਸਿੰਘ ਦੀ ਅਗਵਾਈ ਵਿਚ ਖ਼ਾਲਸਾ ਸੈਨਾ ਨੇ ਪਹਾੜੀ ਫੌਜਾਂ ਦੇ ਆਹੂ ਲਾਹ ਦਿੱਤੇ। ਸੂਰਜ ਅਸਤ ਹੋਣ ਤੋਂ ਬਾਅਦ ਇਹ ਜੰਗ ਬੰਦ ਹੋਈ।[੫]

ਇਸ ਅਸਥਾਨ ਦੀ ਮੌਜੂਦਾ ਦੋ ਮੰਜਲੀ ਇਮਾਰਤ ਸੰਤ ਬਾਬਾ ਸੇਵਾ ਸਿੰਘ, ਕਿਲ੍ਹਾ ਅਨੰਦਗੜ੍ਹ ਸਾਹਿਬ ਵਾਲਿਆਂ ਦੀ ਦੇਖ-ਰੇਖ ਵਿਚ ੧੯੮੦ਵਿਆਂ ਦੇ ਅਖੀਰਲੇ ਸਾਲਾਂ ਵਿਚ ਬਣਾਈ ਗਈ ਸੀ। ਇਸ ਦੇ ਸਾਹਮਣੇ ਇਕ ਪੁਰਾਣਾ ਖੂਹ ਹੈ ਜਿਹੜਾ ਕਿਸੇ ਸਮੇਂ ਕਿਲ੍ਹਾ ਫ਼ਤਿਹਗੜ ਦੀ ਪਾਣੀ ਦੀ ਜ਼ਰੂਰਤ ਨੂੰ ਪੂਰਾ ਕਰਦਾ ਸੀ।[੬]

**ਗੁਰਦੁਆਰਾ ਕਿਲ੍ਹਾ ਲੋਹਗੜ੍ਹ ਸਾਹਿਬ**

ਇਹ ਕਿਲ੍ਹਾ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਦੱਖਣ-ਪੱਛਮ ਵੱਲ ਲਗਪਗ ਡੇਢ ਕਿਲੋਮੀਟਰ ਦੂਰ ਸਥਿਤ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਦੀ ਰੱਖਿਆ ਲਈ ਜੋ ਕਿਲ੍ਹੇ ਬਣਵਾਏ ਸਨ, ਉਨ੍ਹਾਂ ਵਿੱਚੋਂ ਇਕ ਕਿਲ੍ਹਾ ਲੋਹਗੜ੍ਹ ਸੀ।

ਰਵਾਇਤ ਅਨੁਸਾਰ ਗੁਰੂ ਜੀ ਨੇ ਲੋਹੇ ਦੇ ਸ਼ਸਤਰ ਬਣਾਉਣ ਦਾ ਕੰਮ ਵੀ ਇੱਥੇ ਹੀ ਅਰੰਭ ਕਰਵਾਇਆ। ਇੱਥੇ ਕੰਮ ਕਰਨ ਵਾਲੇ ਸਿਕਲੀਗਰਾਂ ਵਿੱਚੋਂ ਭਾਈ ਰਾਮ ਸਿੰਘ ਪ੍ਰਮੁੱਖ ਸਿਕਲੀਗਰ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ਼ਸਤਰਾਂ ਦਾ ਨਿਰੀਖਣ ਕਰਨ ਲਈ ਅਕਸਰ ਇੱਥੇ ਆਇਆ ਕਰਦੇ ਸਨ।

ਡਾ. ਸੁਖਦਿਆਲ ਸਿੰਘ ਨੇ ਲਿਖਿਆ ਹੈ ਕਿ, "ਇਸ ਤਰ੍ਹਾਂ ਇਥੇ ਲੋਹੇ ਦਾ ਸਾਮਾਨ ਤਿਆਰ ਹੋਣ ਕਰਕੇ ਹੀ, ਇਸ ਦਾ ਨਾਂ ਲੋਹਗੜ੍ਹ ਪਿਆ।"[੮] ਕਿਲ੍ਹਾ ਲੋਹਗੜ੍ਹ ਦਾ ਮੁੱਖ ਦਰਵਾਜ਼ਾ ਬਹੁਤ ਮਜ਼ਬੂਤ ਸੀ ਇਸੇ ਲਈ ਪਹਾੜੀ ਰਾਜਿਆਂ ਨੇ ਇਸ ਨੂੰ ਤੋੜਨ ਲਈ ਮਸਤ ਹਾਥੀ ਨੂੰ ਜੰਗ ਦੇ ਮੈਦਾਨ ਵਿਚ ਲਿਆਂਦਾ ਸੀ। ਇਸ ਦਾ ਜ਼ਿਕਰ ਗੁਰੂ ਕੀਆਂ ਸਾਖੀਆਂ ਵਿਚ ਪ੍ਰਾਪਤ ਹੁੰਦਾ ਹੈ।, "...ਬਚਿੱਤਰ ਸਿੰਘ ਗੁਰੂ ਜੀ ਕਾ ਹੁਕਮ ਪਾਇ ਅਰਦਾਸ ਕਰ ਕੇ ਕਿਲ੍ਹਾ ਲੋਹਗੜ੍ਹ ਕੀ ਤਰਫ ਆਇਆ। ...ਭਾਈ ਬਚਿੱਤਰ ਸਿੰਘ ਨੇ ਦੇਖਾ, ਸਮਾਂ ਨੇੜੇ ਆਇ ਚੁਕਾ ਹੈ। ਇਹ ਪ੍ਰਿਥਮੇਂ ਅਰਦਾਸ ਕਰ ਕੇ ਤੇ ਸਾਥੀ ਸਿੰਘਾਂ ਸੇ ਆਗਿਆ ਲੈ ਘੋੜੇ 'ਤੇ ਅਸਵਾਰ ਹੋਇ ਕਿਲਾ ਲੋਹਗੜ੍ਹ ਸੇ ਬਾਹਰ ਆਇਆ। ...ਬਚਿਤਰ ਸਿੰਘ 'ਸਤਿ ਸ੍ਰੀ ਅਕਾਲ' ਕਾ ਜੈਕਾਰਾ ਗਜਾਇ ਆਂਖ ਕੇ ਫੋਰ ਮੇਂ ਬਿਜਲੀ ਕੀ ਤਰਹ ਘੋੜੇ ਕੋ ਭਜਾਇ ਹਾਥੀ ਕੇ ਨਿਕਟ ਜਾਇ ਪਹੁੰਚਾ। ਭਾਈ ਸਾਹਿਬ ਨੇ ਦੋਨੋਂ ਪਾਉਂ ਕਾ ਭਾਰ ਘੋੜੇ ਕੀ ਰਕਾਬੋਂ ਮੇਂ ਪਾਇ ਐਸੇ ਜ਼ੋਰ ਸੇ ਹਾਥੀ ਕੇ ਮਸਤਕ ਮੇਂ ਬਰਛਾ ਮਾਰਾ ਕਿ ਉਸ ਕੇ ਮਾਥੇ ਕੀਆਂ ਤਵੀਆਂ ਵਿੰਨ੍ਹ ਕੇ ਬੀਚ ਫਸ ਗਈਆਂ। ਬਚਿਤਰ ਸਿੰਘ ਤੇਜੀ ਸੇ ਜ਼ੋਰ ਕੇ ਸਾਥ ਬਰਛਾ ਹਾਥੀ ਕੇ ਮਸਤਕ ਸੇ ਖੀਂਚਾ, ਹਾਥੀ ਚਿੰਘਾਰਤਾ ਹੂਆ ਪਾਛੇ ਕੀ ਤਰਫ ਮੁੜ ਆਇਆ। ਇਸੇ ਸਿਰ ਨਾਲ ਬਾਂਧੀ ਤੇਗ ਸੇ ਤੇ ਪਾਉਂ ਗੈਲ ਲਤਾੜ ਕਈ ਪਰਬਤੀ ਜਮਪੁਰੀ ਰਵਾਨਾ ਕਰ ਦੀਏ।"[੯]

ਗੁਰੂ ਕੀਆਂ ਸਾਖੀਆਂ ਵਿਚ ਭਾਈ ਉਦੈ ਸਿੰਘ ਦੁਆਰਾ ਕਿਲ੍ਹਾ ਲੋਹਗੜ੍ਹ ਦੇ ਅੱਗੇ ਤੋਂ ਹੀ ਪਹਾੜੀ ਰਾਜਾ ਕੇਸਰੀ ਚੰਦ ਦਾ ਸਿਰ ਵੱਢ ਕੇ ਨੇਜੇ ਵਿਚ ਟੰਗ ਕੇ ਕਿਲ੍ਹਾ ਅਨੰਦਗੜ੍ਹ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਲੈ ਕੇ ਜਾਣ ਦਾ ਜ਼ਿਕਰ ਮਿਲਦਾ ਹੈ।[੧੦]

ਗੁਰਦੁਆਰਾ ਕਿਲ੍ਹਾ ਲੋਹਗੜ੍ਹ ਸਾਹਿਬ ਦੀ ਮੌਜੂਦਾ ਇਮਾਰਤ ਨੂੰ ਪੁਰਾਤਨ ਦਿੱਖ ਦੇਣ ਦੀ ਸੇਵਾ ਸੰਨ ੨੦੧੫ ਤੋਂ ਸੰਤ ਬਾਬਾ ਜੋਗਿੰਦਰ ਸਿੰਘ ਡੁਮੇਲੀ ਵਾਲੇ ਕਰਵਾ ਰਹੇ ਹਨ। ਇਸ ਕਿਲ੍ਹੇ ਦੇ ਅੰਦਰ ਹੀ ਗੁਰਦੁਆਰਾ ਲੋਹਗੜ੍ਹ ਸਾਹਿਬ ਬਣਿਆ ਹੋਇਆ ਹੈ। ਇਸ ਕਿਲ੍ਹੇ ਵਿਚ ਇਕ ਪੁਰਾਤਨ ਖੂਹ ਵੀ ਮੌਜੂਦ ਹੈ, ਜਿਹੜਾ ਕਿ ਹੁਣ ਬੰਦ ਪਿਆ ਹੈ। ਮੌਜੂਦਾ ਸਮੇਂ ਕਿਲ੍ਹਾ ਲੋਹਗੜ੍ਹ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ।

**ਗੁਰਦੁਆਰਾ ਕਿਲ੍ਹਾ ਹੋਲਗੜ੍ਹ ਸਾਹਿਬ**

ਇਹ ਅਸਥਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸ੍ਰੀ ਅਨੰਦਪੁਰ ਸਾਹਿਬ ਵਿਚ ਉਸਾਰੇ ਗਏ ਪੰਜ ਕਿਲ੍ਹਿਆਂ ਵਿੱਚੋਂ ਇਕ ਹੈ। ਇਹ ਕਿਲ੍ਹਾ ਚਰਨ ਗੰਗਾ ਤੋਂ

ਪਰਲੇ ਕਿਨਾਰੇ ਉੱਤੇ ਪਿੰਡ ਅਗੰਮਪੁਰਾ ਦੀ ਹੱਦ ਵਿਚ ਬਣਿਆ ਹੋਇਆ ਹੈ। ਗੁਰੂ ਜੀ ਦੁਆਰਾ ਆਰੰਭ ਕੀਤੇ ਹੋਲੇ-ਮਹੱਲੇ ਦਾ ਸੰਬੰਧ ਵੀ ਇਸ ਕਿਲ੍ਹੇ ਨਾਲ ਜੁੜਿਆ ਹੋਇਆ ਹੈ। ਕਿਲਾ ਹੋਲਗੜ੍ਹ, ਪਿੰਡ ਅਗੰਮਪੁਰ ਵਿਚ ਸਥਾਪਿਤ ਹੋਣ ਕਰਕੇ, ਇਸ ਨੂੰ ਕਿਲ੍ਹਾ ਅਗੰਮਗੜ੍ਹ ਵੀ ਆਖ ਦਿੱਤਾ ਜਾਂਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਕਿਲ੍ਹਾ ਹੋਲਗੜ੍ਹ ਦੇ ਅਸਥਾਨ ਉੱਤੇ ਹੋਲਾ ਮਨਾਉਣ ਸੰਬੰਧੀ ਗੁਰੂ ਕੀਆਂ ਸਾਖੀਆਂ ਵਿਚ ਜ਼ਿਕਰ ਇਸ ਤਰ੍ਹਾਂ ਮਿਲਦਾ ਹੈ, "...ਪਿਛਲੇ ਸਾਲ ਕੀ ਤਰ੍ਹਾਂ ਹੋਲੀਆਂ ਕੇ ਦਿਹੁੰ ਕਿਲਾ ਹੋਲ ਗਢ ਕੇ ਨਜ਼ਦੀਕ ਬੜੀ ਚਹਿਲ ਪਹਿਲ ਹੋਈ। ਖਾਲਸਾ ਆਪਸ ਮੇਂ ਟੋਲੀਆਂ ਬਨਾਇ ਫਲਗੁਨ ਸੁਦੀ ਅਸ਼ਟਮੀ ਸੇ ਪੂਰਨਮਾਂ ਤੀਕ ਹੋਲੀ ਖੇਲਨੇ ਲਾਗਾ। ਕਿਲਾ ਅਨੰਦ ਗਢ ਸੇ ਬਾਹਰ ਕਿਲਾ ਹੋਲ ਗਢ ਕੇ ਨਜ਼ਦੀਕ ਬੜੀਆਂ ਰੌਨਕਾਂ ਰਹੀਆਂ।...ਅਗਲੇ ਦਿਵਸ ਚੇਤਰ ਵਦੀ ਏਕਮ ਕੇ ਦਿਹੁੰ ਤੀਜੇ ਪਹਿਰ ਗੁਰੂ ਜੀ ਕਾ ਬਚਨ ਪਾਇ ਸਾਰੇ ਸਿਖ ਕਿਲਾ ਅਨੰਦ ਗਢ ਕੇ ਸਾਮ੍ਹੇ ਆਏ। ਅਰਦਾਸੀਏ ਸਿਖ ਨੇ ਖਲੋ ਕੇ ਅਰਦਾਸ ਕੀ।...ਇਸ ਉਪਰੰਤ ਖਾਲਸਾ ਹੋਲ ਗਢ ਕੀ ਤਰਫ ਆਇਆ। ਪ੍ਰਿਥਮੈ ਪਾਂਚ ਨਿਸ਼ਾਨਚੀ, ਇਨ ਕੇ ਪੀਛੇ ਪਾਂਚ ਪਿਆਰੇ, ਜਿਨ ਕੇ ਹਾਥੋਂ ਮੇ ਲੰਮੀਆਂ ਕ੍ਰਿਪਾਨਾਂ ਪਕੜੀਆਂ ਹੋਈਆਂ ਸਨ। ਇਨ ਕੇ ਪੀਛੇ ਨਗਾਰਚੀ ਸਿੰਘ ਅਰਾਕੀ ਤੇ ਸਵਾਰ ਹੋਇ ਨਗਾਰੇ ਨੂੰ ਦੂਹਰੀ ਚੋਟ ਸੇ ਅਸਮਾਨ ਗੁੰਜਾ ਰਿਹਾ ਸੀ। ਸਤਿਗੁਰੂ ਜੀ ਨੀਲੇ ਤੇ ਅਸਵਾਰ ਹੋਇ ਖਾਲਸਾ ਦਲ ਕੇ ਦਾਂਏ ਪਾਸੇ ਜਾ ਰਹੇ ਸੀ।...ਇਹ ਸਮਾਂ ਦੇਖਨੇ ਵਾਲਾ ਸੀ- ਖਾਲਸੇ ਕੀਆਂ ਸੁਰਮਈ ਦਸਤਾਰਾਂ ਤੇ ਬਸਤਰਾਂ ਨੇ ਸਾਵਨ ਮਾਸ ਕੀਆਂ ਕਾਲੀਆਂ ਘਟਾਂ ਤੇ ਬਿਜਲੀ ਕੀ ਚਮਕ ਦਮਕ ਕੋ ਮਾਤ ਕਰ ਦੀਆਂ ਥਾ। ਇਸ ਤਰਾਂ ਖਾਲਸਾਈ ਦਰਿਆਇ ਠਾਠਾਂ ਮਾਰਦਾ ਹੂਆ ਪੂਰੇ ਜੋਬਨ ਸੇ ਹੋਲ ਗਢ ਕੇ ਮੈਦਾਨ ਮੇਂ ਜਾਇ ਪਹੁੰਚਾ।"[੧੧]

ਅੱਜ ਕੱਲ ਇਸ ਅਸਥਾਨ ਨੂੰ ਪੁਰਾਤਨ ਕਿਲ੍ਹੇ ਦੇ ਰੂਪ ਵਿਚ ਬਣਾਉਣ ਦੀ ਸੇਵਾ ਸੰਤ ਬਾਬਾ ਅਮਰੀਕ ਸਿੰਘ ਪਟਿਆਲਾ ਵਾਲੇ ਕਰਵਾ ਰਹੇ ਹਨ। ਹੁਣ ਇਸ ਕਿਲ੍ਹੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਾਸ ਹੈ।

### ਗੁਰਦੁਆਰਾ ਕਿਲ੍ਹਾ ਤਾਰਾਗੜ੍ਹ ਸਾਹਿਬ

ਗੁਰਦੁਆਰਾ ਕਿਲ੍ਹਾ ਤਾਰਾਗੜ੍ਹ ਸਾਹਿਬ, ਪਿੰਡ ਤਾਰਾਪੁਰ ਦੀ ਹੱਦ ਵਿਚ ਇਕ ਉੱਚੀ ਪਹਾੜੀ 'ਤੇ ਬਣਿਆ ਹੋਇਆ ਹੈ ਜੋ ਕਿ ਸ੍ਰੀ ਅਨੰਦਪੁਰ ਸਾਹਿਬ ਤੋਂ ਲਗਪਗ ਸੱਤ ਕਿਲੋਮੀਟਰ ਦੂਰ ਸ਼ਿਵਾਲਿਕ ਦੀਆਂ ਪਹਾੜੀਆਂ ਵਿਚ ਵੱਸਿਆ ਹੋਇਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਇਹ ਕਿਲ੍ਹਾ ਬਣਾਉਣ ਦਾ ਮੁੱਖ ਉਦੇਸ਼ ਬਿਲਾਸਪੁਰ ਰਿਆਸਤ ਅਤੇ ਹੋਰ ਪਹਾੜੀ ਰਾਜਿਆਂ ਵੱਲੋਂ ਕੀਤੇ ਜਾਣ ਵਾਲੇ ਹਮਲਿਆਂ ਦਾ ਟਾਕਰਾ ਕਰਨਾ ਸੀ। ਇੱਥੋਂ ਬਿਲਾਸਪੁਰ ਰਿਆਸਤ ਦੀਆਂ ਫ਼ੌਜਾਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖੀ ਜਾਂਦੀ ਸੀ। ਇਸ ਲਈ ਗੁਰੂ ਜੀ ਨੇ ਇਹ ਕਿਲ੍ਹਾ

ਯੁੱਧ ਰਣਨੀਤੀ ਪੱਖੋਂ ਬਹੁਤ ਮਜਬੂਤ ਬਣਵਾਇਆ ਸੀ।

ਇਸ ਅਸਥਾਨ 'ਤੇ ਹੋਈ ਜੰਗ ਸੰਬੰਧੀ ਗੁਰੂ ਕੀਆਂ ਸਾਖੀਆਂ ਵਿਚ ਇੰਵ ਵਰਣਨ ਪ੍ਰਾਪਤ ਹੁੰਦਾ ਹੈ, "ਸੰਮਤ ਸਤਰਾਂ ਸੈ ਸਤਵੰਜਾ ਭਾਦਵ ਪ੍ਰਵਿਸ਼ਟੇ ਉਨੱਤੀਸ ਵੀਰਵਾਰ ਕੇ ਦਿਹੁੰ ਰਾਜਾ ਅਜਮੇਰ ਚੰਦ ਨੇ ਘਾਤ ਪਾਇ ਅਨੰਦਗਢ ਸੇ ਦੁਰਾਡੇ ਕਿਲਾ ਤਾਰਾਗਢ ਤੇ ਆਇ ਹਮਲਾ ਕੀਆ। ਖਾਲਸੇ ਨੇ ਸਾਹਿਬਜ਼ਾਦਾ ਅਜੀਤ ਸਿੰਘ ਕੀ ਜਥੇਦਾਰੀ ਨੀਚੇ ਪਰਬਤੀ ਰਾਜਯੋਂ ਕੇ ਚੰਗੇ ਦਾਂਤ ਖੱਟੇ ਕੀਏ।"[੧੨] ਮੌਜੂਦਾ ਸਮੇਂ ਵਿਚ ਇੱਥੇ ਇਕ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਜਿਸ ਦੀ ਬਾਹਰੀ ਡਿਉਢੀ ਅਤੇ ਦੀਵਾਰਾਂ ਨੂੰ ਇੱਟਾਂ ਨਾਲ ਕਿਲ੍ਹੇ ਵਾਲੀ ਪੁਰਾਤਨ ਦਿੱਖ ਦਿੱਤੀ ਗਈ ਹੈ। ਹੁਣ ਇਸਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ।

ਅੰਤ ਵਿਚ ਕਹਿ ਸਕਦੇ ਹਾਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਚ ਪੰਜ ਕਿਲ੍ਹੇ ਬਣਾਏ ਤਾਂ ਜੋ ਸਿੱਖ ਕੌਮ ਉਤੇ ਹੋਣ ਵਾਲੇ ਹਮਲਿਆਂ ਤੋਂ ਮਜ਼ਬੂਤੀ ਨਾਲ ਰੱਖਿਆ ਕੀਤੀ ਜਾ ਸਕੇ। ਇਹ ਕਿਲ੍ਹੇ ਸਿੱਖ ਫੌਜੀ ਛਾਉਣੀਆਂ ਵਜੋਂ ਸੁਰੱਖਿਆ ਦੇ ਰਣਨੀਤਕ ਕੇਂਦਰਾਂ ਵਜੋਂ ਕਾਰਜਸ਼ੀਲ ਸਨ। ਗੁਰੂ ਜੀ ਨੇ ਸਿੱਖਾਂ ਨੂੰ ਸੰਤ-ਸਿਪਾਹੀ ਬਣਾਇਆ ਅਤੇ ਨਾਲ ਹੀ ਸੈਨਿਕ ਰਣਨੀਤੀ ਨੂੰ ਕਿਲ੍ਹੇ ਬਣਾ ਕੇ ਲਾਗੂ ਵੀ ਕੀਤਾ। ਕਿਲ੍ਹੇ ਸਿੱਖ ਯੋਧਿਆਂ ਲਈ ਸਿਖਲਾਈ ਕੇਂਦਰਾਂ ਵਜੋਂ ਕੰਮ ਕਰਦੇ ਸਨ ਅਤੇ ਉਹ ਹਰ ਸਮੇਂ ਅਨੰਦਪੁਰ ਦੀ ਸੁਰੱਖਿਆ ਲਈ ਤਿਆਰ-ਬਰ-ਤਿਆਰ ਰਹਿੰਦੇ। ਇਹ ਕਿਲ੍ਹੇ ਸਿੱਖਾਂ ਦੀ ਜਥੇਬੰਦਕ ਤਾਕਤ ਅਤੇ ਪੰਥਕ ਏਕਤਾ ਦਾ ਪ੍ਰਤੀਕ ਸਨ। ਇਹ ਕਿਲ੍ਹੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸਾ ਰਾਜ ਦੀ ਸਥਾਪਤੀ ਦੇ ਵਿਵਹਾਰਕ ਸਰੂਪ ਸਨ। ਇਨ੍ਹਾਂ ਕਿਲ੍ਹਿਆਂ ਦੀ ਸਥਾਪਤੀ ਤੋਂ ਬਾਅਦ ਅਨੰਦਪੁਰ ਸਾਹਿਬ ਸਿੱਖ ਸ਼ਕਤੀ ਦਾ ਗੜ੍ਹ ਬਣ ਗਿਆ।

## ਹਵਾਲੇ


**੧.** ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਪਿਆਰਾ ਸਿੰਘ ਪਦਮ (ਸੰਪਾ.), ਪੰਨੇ ੧੦੫.

**੨.** ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, (ਜਿਲਦ ਬਾਰ੍ਹਵੀਂ), ਪੰਨਾ ੪੯੪੫.

**੩.** ਭਾਈ ਸੁੱਖਾ ਸਿੰਘ, *ਗੁਰਬਿਲਾਸ ਪਾਤਿਸਾਹੀ ਦਸਵੀਂ*, ਮਨਵਿੰਦਰ ਸਿੰਘ (ਸੰਪਾ.), ਪੰਨਾ ੨੪੭.

**੪.** ਕਿਲ੍ਹਾ ਅਨੰਦਗੜ੍ਹ ਸਾਹਿਬ ਦੇ ਦਰਵਾਜ਼ੇ 'ਤੇ ਲੱਗੀ ਸਿਲ੍ਹ ਦੇ ਆਧਾਰ 'ਤੇ।

**੫.** ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਪਿਆਰਾ ਸਿੰਘ ਪਦਮ (ਸੰਪਾ.), ਪੰਨਾ ੧੩੧.

**੬.** ਜੋਧ ਸਿੰਘ (ਮੁੱਖ ਸੰਪਾ.), *ਸਿੱਖ ਧਰਮ ਵਿਸ਼ਵਕੋਸ਼*, (ਸੈਂਚੀ ਪਹਿਲੀ), ਪੰਨੇ ੧੨੨.

**੭.** ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖ਼ਾਲਸਾ* (ਭਾਗ ਪਹਿਲਾ), ਪੰਨਾ ੮੪੧.

**੮.** ਸੁਖਦਿਆਲ ਸਿੰਘ, *ਖ਼ਾਲਸਾ ਪੰਥ ਦੇ ਪੰਜ ਤਖ਼ਤ : ਇਤਿਹਾਸਕ ਵਿਸ਼ਲੇਸ਼ਣ*, ਡੈਫੋਡਿਲ ਪ੍ਰਿੰਟਰਜ਼, ਪਟਿਆਲਾ, ੨੦੦੨ (ਦੂਜੀ ਵਾਰ), ਪੰਨੇ ੧੩੪-੩੫.

**੯.** ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਪੰਨੇ ੧੩੫-੩੬.

**੧੦.** ਉਹੀ, ਪੰਨਾ ੧੩੬.

**੧੧.** ਉਹੀ, ਪੰਨੇ ੧੪੪-੪੫.

**੧੨.** ਉਹੀ, ਪੰਨਾ ੧੩੦.

# ਕਾਲੇ ਪਾਣੀਆਂ ਦੀ ਸੈਲੂਲਰ ਜੇਲ੍ਹ ਦੇ ਜਾਂਬਾਜ਼ ਸਿਰਲੱਥ ਸ਼ਹੀਦ ਯੋਧੇ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਅੰਡੇਮਾਨ-ਨਿਕੋਬਾਰ ਭਾਰਤ ਦੇ ਦੋ ਟਾਪੂ ਹਨ। ਜਿੱਥੇ ਜਾਣ ਲਈ ਸਮੁੰਦਰ ਵਿੱਚੋਂ ਦੀ ਪਹਿਲਾਂ ਸਮੁੰਦਰੀ ਜਹਾਜ਼ ਅਤੇ ਅਜੋਕੇ ਸਮੇਂ ਹਵਾਈ ਜਹਾਜ਼ ਦੁਆਰਾ ਵੀ ਜਾਇਆ ਜਾ ਸਕਦਾ ਹੈ। ਇਨ੍ਹਾਂ ਟਾਪੂਆਂ ਦੇ ਰਾਜਨੀਤਕ-ਪ੍ਰਬੰਧਕੀ ਢਾਂਚੇ ਨੂੰ ਚਲਾਉਣ, ਉੱਥੋਂ ਦੇ ਵਸਨੀਕਾਂ ਖਾਸ ਕਰਕੇ ਅਤੀ ਕਠੋਰ ਅਤੇ ਸਖਤ ਜੇਲ੍ਹ ਸਜ਼ਾਵਾਂ ਭੁਗਤਣ ਲਈ ਜਾਂ ਲੋੜ ਅਨੁਸਾਰ ਸੈਲੂਲਰ ਜੇਲ੍ਹ ਵਿਚ ਹੋਰ ਬੰਦੀ ਕੈਦੀਆਂ ਦੇ ਪ੍ਰਬੰਧ ਦਾ ਕਾਰਜ ਇਕ ਉਪ-ਰਾਜਪਾਲ ਕਰਦਾ ਹੈ। ਜਿਹੜਾ ਸਿੱਧੇ ਤੌਰ ਉਤੇ ਭਾਰਤ ਦੇ ਗ੍ਰਹਿ ਮੰਤਰੀ ਤਥਾ ਗ੍ਰਹਿ ਸਕੱਤਰ ਦੇ ਤਹਿਤ ਹੀ ਕਾਰਜਸ਼ੀਲ ਰਹਿੰਦਾ ਹੈ। ਸੈਲੂਲਰ ਜੇਲ੍ਹ ਬਰਮਾ ਦੀ ਮਾਂਡਲੇ ਜੇਲ੍ਹ ਤੋਂ ਬਾਅਦ ਦੁਨੀਆ ਦੀ ਸਭ ਤੋਂ ਵੱਧ ਜ਼ੁਲਮੀ ਅਤੇ ਬਦਨਾਮ ਜੇਲ੍ਹ ਹੈ। ਇਸ ਤੋਂ ਬਾਅਦ ਹੀ ਜ਼ਿਲ੍ਹਾ ਪਟਿਆਲਾ ਦੇ ਸ਼ਹਿਰ ਨਾਭਾ ਦੀ ਉੱਚ ਸੁਰੱਖਿਆ ਵਾਲੀ ਜੇਲ੍ਹ ਹੈ। ਇਨ੍ਹਾਂ ਜੇਲ੍ਹਾਂ ਵਿਚ ਸਮੇਂ ਦੀਆਂ ਸਰਕਾਰਾਂ ਦੀਆਂ ਨਜ਼ਰਾਂ ਵਿਚ ਅਤੀ ਖੂੰਖਾਰ ਅਤੇ ਖ਼ਤਰਨਾਕ ਸਮਝੇ ਜਾਂਦੇ ਕੈਦੀਆਂ ਨੂੰ ਰੱਖਿਆ ਜਾਂਦਾ ਹੈ ਜਿੱਥੇ ਉਨ੍ਹਾਂ ਨਾਲ ਕੇਵਲ ਅਣਮਨੁੱਖੀ ਵਿਹਾਰ ਹੀ ਨਹੀਂ ਸਗੋਂ ਅਣਮਨੁੱਖੀ ਤਸੀਹੇ ਵੀ ਦਿੱਤੇ ਜਾਂਦੇ ਹਨ। ਉੱਥੇ ਮਨੁੱਖੀ ਅਧਿਕਾਰਾਂ ਦੀ ਕੋਈ ਗੱਲਬਾਤ ਹੀ ਨਹੀਂ ਹੁੰਦੀ। ਨਾਭੇ ਦੀ ਜੇਲ੍ਹ ਦੇ ਅੰਦਰਲੇ ਹਾਲਾਤ ਬਾਰੇ ਇੱਕੋ ਗੱਲ ਨਾਲ ਹੀ ਪਾਠਕਾਂ ਨੂੰ ਸਮਝ ਆ ਜਾਵੇਗੀ ਕਿ ਜਦੋਂ ਆਪਣੇ ਧਾਰਮਿਕ ਅਤੇ ਰਾਜਸੀ ਹੱਕਾਂ ਦੀ ਬਹਾਲੀ ਲਈ ਖਾਲਸਾ ਪੰਥ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਦੀ ਅਗਵਾਈ ਹੇਠ ਬਿਲਕੁਲ ਸ਼ਾਂਤਮਈ ੧੯੨੩-੧੯੨੫ ਵਿਚ ਜੈਤੋ ਦਾ ਮੋਰਚਾ ਲਗਾਇਆ ਸੀ। ਜਥਿਆਂ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਗੁਰਦੁਆਰਾ ਸ੍ਰੀ ਗੰਗਸਰ ਜੈਤੋ ਫਰੀਦਕੋਟ ਵਿਖੇ ਅੰਗਰੇਜ਼ਾਂ ਵੱਲੋਂ ਖੰਡਤ ਸ੍ਰੀ ਅਖੰਡ ਪਾਠ ਸਾਹਿਬ ਨੂੰ ਪੂਰੀ ਗੁਰਮਰਯਾਦਾ ਨਾਲ ਕਰਨ ਅਤੇ ਨਾਭਾ ਨਰੇਸ਼ ਦੀ ਗੱਦੀ ਬਹਾਲੀ ਲਈ ਮੰਗ ਲੈ ਕੇ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰਦਿਆਂ ਪੈਦਲ ਲੰਮਾ ਸਫਰ ਕੀਤਾ ਜਾਂਦਾ ਸੀ। ਬਿਲਕੁਲ ਨਿਹੱਥੇ (ਕੇਵਲ ਗਾਤਰੇ ਵਾਲੀ ਛੋਟੀ ਕਿਰਪਾਨ ਨੂੰ ਛੱਡ ਕੇ) ਜਥਿਆਂ ਉੱਤੇ ਬੜੀ ਹੀ ਬੇਰਹਿਮੀ, ਬੇਦਰਦੀ ਅਤੇ ਨਿਰਦਈ ਤਰੀਕੇ ਨਾਲ ਅੰਗਰੇਜ਼ ਦੀ ਪੁਲਿਸ ਵੱਲੋਂ ਲਾਠੀਚਾਰਜ, ਗੋਲੀਆਂ ਦੀ ਬੁਛਾੜ ਅਤੇ ਘੋੜਿਆਂ ਦੇ ਸੁਮਾਂ ਹੇਠ ਦਰੜਕੇ ਸਿੰਘਾਂ ਨੂੰ

** ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੯੧੫੮੦੫੧੦੦*

ਸ਼ਹੀਦ ਕੀਤਾ ਜਾਂਦਾ ਸੀ। ਉਸ ਸਮੇਂ ਸਥਿਤੀ ਦਾ ਜਾਇਜ਼ਾ ਲੈਣ ਅਤੇ ਜ਼ਮੀਨੀ ਸੱਚਾਈ ਤੋਂ ਜਾਣੂ ਹੋਣ ਲਈ ਅਖੌਤੀ ਰਾਸ਼ਟਰੀ ਕਾਂਗਰਸੀ ਨੇਤਾ ਪੰਡਤ ਜਵਾਹਰ ਲਾਲ ਨਹਿਰੂ ਅਤੇ ਮਦਨ ਮੋਹਨ ਮਾਲਵੀਆ ਹੁਰੀਂ ਆਏ। ਸਰਕਾਰ ਨੇ ਨਹਿਰੂ ਨੂੰ ਗ੍ਰਿਫਤਾਰ ਕਰ ਕੇ ਨਾਭਾ ਜੇਲ ਵਿਚ ਬੰਦ ਕਰ ਦਿੱਤਾ। ਮਖਮਲੀ ਗੱਦਿਆਂ ਅਤੇ ਨਿਵਾਰੀ ਪਲੰਘਾਂ ਉੱਤੇ ਸੌਣ ਵਾਲੇ ਵੱਡੀਆਂ-ਵੱਡੀਆਂ ਸ਼ਾਨਦਾਰ ਕਾਰਾਂ ਜਾਂ ਜਹਾਜ਼ਾਂ ਵਿਚ ਸਫਰ ਕਰਨ ਵਾਲੇ, ਅੰਗਰੇਜ਼ੀ ਸਕੂਲਾਂ/ਕਾਲਜਾਂ ਅਤੇ ਅੰਗਰੇਜ਼ੀ ਸਭਿਆਚਾਰ ਵਿਚ ਵੱਡੇ ਹੋਏ ਅਮੀਰਜ਼ਾਦੇ ਨਹਿਰੂ ਹੁਰੀਂ ਉਸ ਜੇਲ੍ਹ ਵਿਚ ਇੱਕੋ ਰਾਤ ਵਿਚ ਹੀ ਤੜਫ ਗਏ ਸਨ। ਤਾਰਾਂ ਖੜਕ ਗਈਆਂ ਕਿਉਂ ਕਿ ਉਨ੍ਹਾਂ ਦੇ ਪਿਤਾ ਮੋਤੀ ਲਾਲ ਨਹਿਰੂ ਦੀ ਸਰਕਾਰ-ਏ-ਦਰਬਾਰੇ ਪੂਰੀ ਪੁੱਛ-ਪ੍ਰਤੀਤ ਸੀ। ਉਸ ਨੇ ਸਰਕਾਰ ਅੱਗੇ ਬੇਨਤੀ ਕਰ ਕੇ ਅਗਲੇ ਹੀ ਦਿਨ ਨਹਿਰੂ ਨੂੰ ਜੇਲ੍ਹ ਵਿੱਚੋਂ ਰਿਹਾਅ ਕਰਵਾ ਲਿਆ ਸੀ ਅਤੇ ਅਖੌਤੀ ਰਾਸ਼ਟਰਵਾਦੀ "ਅੱਧੀ ਤੇਰੀ ਆਂ ਮੁਲਾਹਜ਼ੇਦਾਰਾ ਅੱਧੀ ਹਾਂ ਗਰੀਬ ਜੱਟ ਦੀ" ਅਖਾਣ ਵਾਂਗ ਸਰਕਾਰ-ਅੰਗਰੇਜ਼ੀ ਨਾਲ ਅੰਦਰੋਂ-ਅੰਦਰੀ ਮਿਲ ਰਹਿੰਦੇ ਸਨ, ਇਹ ਦੇਸ਼ ਦੀ ਬਦਕਿਸਮਤੀ ਹੀ ਸਮਝੋ ਅਤੇ ਉਨ੍ਹਾਂ ਸਮੂਹ ਕੁਰਬਾਨੀ ਦੇ ਪੁੰਜ ਸੰਘਰਸ਼ੀ ਯੋਧਿਆਂ ਅਤੇ ਲਾਸਾਨੀ ਸੱਚੇ ਦੇਸ਼ ਭਗਤ ਸ਼ਹੀਦਾਂ ਦਾ ਇਹ ਅਪਮਾਨ ਹੀ ਸੀ। ਇਹੋ ਜਿਹੀ ਹੈ ਨਾਭਾ ਜੇਲ੍ਹ, ਪਰੰਤੂ ਕਾਲੇਪਾਣੀ ਦੀ ਜੇਲ੍ਹ ਤਾਂ ਨਾਭੇ ਵਾਲੀ ਜੇਲ੍ਹ ਤੋਂ ਇਕ ਹਜ਼ਾਰ ਗੁਣਾਂ ਵੱਧ ਕਠੋਰ, ਸਖਤ ਜੇਲ੍ਹ ਹੈ, ਜਿੱਥੇ ਕੈਦੀਆਂ ਨੂੰ ਮਨੁੱਖ ਤਾਂ ਦੂਰ ਦੀ ਗੱਲ ਉਨ੍ਹਾਂ ਨੂੰ ਪਸ਼ੂ ਵੀ ਨਹੀਂ ਸੀ ਸਮਝਿਆ ਜਾਂਦਾ। ਇਹ ਕਾਲੇਪਾਣੀ ਦੀ ਉਹ ਜੇਲ੍ਹ ਹੈ, ਜਿਸ ਵਿਚ ਅਜ਼ਾਦੀ ਦੇ ਲੰਮੇ ਸੰਘਰਸ਼ ਵਿਚ ਕਾਰਜਸ਼ੀਲ ਸੂਰਮਿਆਂ ਨੂੰ ਸਮੇਂ ਦੀਆਂ ਅੰਗਰੇਜ਼ੀ ਸਾਮਰਾਜ ਦੀਆਂ ਅਦਾਲਤਾਂ 'ਕਾਲੇਪਾਣੀ' ਦੀ ਸਜ਼ਾ ਸੁਣਾ ਕੇ ਭੇਜ ਦਿੰਦੀਆਂ ਸਨ। ਇਨ੍ਹਾਂ ਦਾ ਸਰਵੇਅ ਕਰਾਉਣ ਅਤੇ ਮੌਜੂਦ ਰਿਕਾਰਡ ਤੋਂ ਸਪੱਸ਼ਟ ਸੀ ਅਤੇ ਅੱਜ ਵੀ ਹੈ ਕਿ ਉਨ੍ਹਾਂ ਕੈਦੀਆਂ ਵਿਚ ੯੦% ਬਾਬਾ ਮਹਾਰਾਜ ਸਿੰਘ ਤੋਂ ਲੈ ਕੇ ਡਾ. ਦੀਵਾਨ ਸਿੰਘ 'ਕਾਲੇਪਾਣੀ' ਤੀਕ ਸਿੱਖ ਸੰਘਰਸ਼ੀ ਯੋਧੇ ਹੀ ਸਨ। ਜਿਨ੍ਹਾਂ ਦੀਆਂ ਯਾਦਾਂ ਅਤੇ ਨਿਸ਼ਾਨੀਆਂ, ਇਤਿਹਾਸ ਨੂੰ ਸਮੇਂ ਦੀਆਂ ਕੇਂਦਰੀ ਸਰਕਾਰਾਂ ਵੱਲੋਂ ਬੜੀ ਬੇਹਯਾਈ ਅਤੇ ਢੀਠਤਾ ਨਾਲ ਬਿਲਕੁਲ ਮਿਟਾ ਹੀ ਦਿੱਤਾ ਗਿਆ ਹੈ। ਸਗੋਂ ਜਿਹੜੇ ਲੋਕ ਲਿਖਤੀ ਮੁਆਫੀਆਂ ਮੰਗ ਕੇ ਬਾਹਰ ਆ ਗਏ ਜਾਂ ਫਿਰ ਉਹ ਲੋਕ ਜਿਨ੍ਹਾਂ ਨੇ ਜਪਾਨੀਆਂ ਦੇ (੧੯੪੨-੪੫) ਟਾਪੂ ਉਤੇ ਕਬਜ਼ੇ ਸਮੇਂ ਜਪਾਨੀ ਫੌਜ ਨਾਲ ਰਲ ਕੇ ਭਾਰਤੀਆਂ ਖਾਸ ਕਰਕੇ ਸਿੱਖਾਂ ਉੱਤੇ ਅਣਗਿਣਤ ਅਣਮਨੁੱਖੀ ਤਸ਼ੱਦਦ ਕਰਵਾਇਆ, ਸ਼ਹੀਦ ਕਰਵਾ ਦਿੱਤਾ। ਉਨ੍ਹਾਂ ਦੀਆਂ ਤਸਵੀਰਾਂ ਅਤੇ ਉਨ੍ਹਾਂ ਦੇ ਬੁੱਤ ਲਗਾਏ ਗਏ ਹਨ। ਉਨ੍ਹਾਂ ਦੀਆਂ ਯਾਦਗਾਰਾਂ ਬਣਾਈਆਂ ਹੋਈਆਂ ਹਨ। ਜਿਹੜਾ ਰੋਸ਼ਨੀ ਅਤੇ ਅਵਾਜ਼ ਵਾਲਾ ਸ਼ੋਅ (LIGHT AND SOUND SHOW) ਦਿਖਾਇਆ ਜਾਂਦਾ ਹੈ। ਉਸ ਵਿੱਚੋਂ ਸਿੱਖ ਸੰਘਰਸ਼ੀ ਯੋਧਿਆਂ ਨੂੰ ਮੁਢੋਂ ਹੀ ਅਲੋਪ ਕਰ ਦਿੱਤਾ ਗਿਆ।

ਇਸ ਤੋਂ ਵੱਡੀ ਬੇਇਨਸਾਫੀ ਅਤੇ ਬੇਈਮਾਨੀ ਹੋਰ ਕੀ ਹੋ ਸਕਦੀ ਹੈ? ਸੈਲੂਲਰ ਜੇਲ੍ਹ ਵਿਚ ਹਮੇਸ਼ਾ ਹੀ ਘੁੱਪ ਹਨੇਰਾ ਰਹਿੰਦਾ ਹੈ। ਜਿਹੜੀ ਕਾਲ ਕੋਠੜੀ (CELL) ਵਿਚ ਜੰਗ-ਏ-ਅਜ਼ਾਦੀ ਦੇ ਪਹਿਲੇ ਲਾਸਾਨੀ ਸੰਘਰਸ਼ੀ ਯੋਧੇ ਸ਼ਹੀਦ ਬਾਬਾ ਮਹਾਰਾਜ ਸਿੰਘ ਨੂੰ ਰੱਖਿਆ ਗਿਆ ਉਸ ਕੋਠੜੀ ਵਿਚ ੨੪ ਘੰਟਿਆਂ ਵਿਚ ਰੋਸ਼ਨੀ ਦੀ ਇਕ ਕਿਰਨ ਵੀ ਨਹੀਂ ਸੀ ਆਉਂਦੀ। ਜਿਹੜੀ ਕੋਠੜੀ ਵਿਚ ਡਾ. ਦੀਵਾਨ ਸਿੰਘ 'ਕਾਲੇ ਪਾਣੀ' ਨੂੰ ਰੱਖਿਆ ਗਿਆ ਸੀ ਅਤੇ ਉਨ੍ਹਾਂ ਉੱਤੇ ਲਗਾਤਾਰ ੮੨ ਦਿਨ ਬੇਹੱਦ ਭਾਰੀ ਤਸ਼ੱਦਦ ਢਾਹਿਆ ਗਿਆ, ਅਣਮਨੁੱਖੀ, ਅਸਹਿ ਅਤੇ ਅਕਹਿ ਤਸੀਹੇ ਦਿੱਤੇ ਜਾਂਦੇ ਰਹੇ, ਉਥੇ ਵੀ ਰੋਸ਼ਨੀ ਦਾ ਨਾਮੋ ਨਿਸ਼ਾਨ ਨਹੀਂ ਸੀ। ਦੂਸਰੇ ਪਾਸੇ ਸਰਕਾਰ-ਅੰਗਰੇਜ਼ੀ, ਜੋ ਆਪਣੇ ਆਪ ਨੂੰ ਦੁਨੀਆ ਦੀ ਸਭ ਤੋਂ ਵੱਧ ਸਭਿਅਕ ਕੌਮ ਕਹਾਉਂਦੀ ਹੈ, ਉਨ੍ਹਾਂ ਦੇ ਰਾਜ ਪ੍ਰਬੰਧ ਵਿਚ ਨਾ ਕੋਈ ਕਾਨੂੰਨ, ਨਾ ਕੋਈ ਦਲੀਲ, ਨਾ ਕੋਈ ਅਪੀਲ ਸੀ। ਉਨ੍ਹਾਂ ਦੇ ਕੋਸ਼ (DICTIONARY) ਵਿਚ ਇਨਸਾਨੀਅਤ, ਇਨਸਾਫ, ਮਨੁੱਖੀ ਅਧਿਕਾਰ ਅਤੇ ਮਨੁੱਖੀ ਬਰਾਬਰੀ ਦਾ ਸ਼ਬਦ ਹੀ ਨਹੀਂ ਸੀ। ਪੂਰੀ ਕਾਲੀ ਹਨ੍ਹੇਰਗਰਦੀ ਸੀ। ਮੈਂ ਹਥਲੇ ਲੇਖ ਦੀ ਲੰਬਾਈ ਦੀ ਸੀਮਾ ਨੂੰ ਮੁੱਖ ਰੱਖਦਿਆਂ ਕੇਵਲ ਦੋ ਮਹਾਨ ਸ਼ਖ਼ਸੀਅਤਾਂ ਦਾ ਹੀ ਜ਼ਿਕਰ ਕੀਤਾ ਹੈ ਪਰੰਤੂ ਉਥੇ ਤਾਂ ਸਾਰੇ ਸਿੱਖ ਕੈਦੀਆਂ ਨਾਲ ਇਹੋ ਕੁਝ ਵਾਪਰਦਾ ਸੀ।

ਇਹ ਵੀ ਇਤਿਹਾਸਿਕ ਅਤੇ ਅਕੱਟ ਸੱਚਾਈ ਹੈ ਕਿ ਜਦੋਂ ੧੯੪੨-੧੯੪੫ ਦੌਰਾਨ ਇਨ੍ਹਾਂ ਟਾਪੂਆਂ ਉੱਤੇ ਅੰਗਰੇਜ਼ ਦੀ ਥਾਂ ਜਪਾਨੀਆਂ ਦਾ ਕਬਜ਼ਾ ਹੋ ਗਿਆ; ਜਿਸ ਨੂੰ ਇਤਿਹਾਸ ਵਿਚ ਅੰਗਰੇਜ਼ੀ ਭਾਸ਼ਾ ਵਿਚ (JAPANESEE OCCUPATION) ਕਿਹਾ ਗਿਆ। ਜਿੱਥੇ ਸੁਭਾਸ਼ ਚੰਦਰ ਬੋਸ ਦੀ ਇੰਡੀਅਨ ਨੈਸ਼ਨਲ ਆਰਮੀ (I.N.A.) ਅਤੇ ਜਪਾਨੀ ਫੌਜ ਦਾ ਕਬਜ਼ਾ ਸੀ। ਉਨ੍ਹਾਂ ਦਿਨਾਂ ਵਿਚ ਤਾਂ ਬੇਹਯਾਈ ਨਾਲ ਕੀਤਾ ਜਾਂਦਾ ਜ਼ਬਰ, ਜ਼ੁਲਮ, ਤਸ਼ੱਦਦ ਅਤੇ ਧੱਕਾ ਸਾਰੀਆਂ ਹੱਦਾਂ-ਬੰਨੇ ਟੱਪ ਗਿਆ ਸੀ। ਉਸ ਸਮੇਂ ਦੀ ਅਤਿ ਦੀ ਹਨ੍ਹੇਰਗਰਦੀ ਨੇ ਤਾਂ ਇਤਿਹਾਸ ਨੂੰ ਵੀ ਸ਼ਰਮਸਾਰ ਕਰ ਦਿੱਤਾ ਸੀ। ਇਨ੍ਹਾਂ ਅਕੱਟ ਤੱਥਾਂ ਅਤੇ ਸੱਚਾਈਆਂ ਤੋਂ ਪਰਦਾ ਮੁਕੰਮਲ ਰੂਪ ਵਿਚ ਡਾ. ਦੀਵਾਨ ਸਿੰਘ ਜੀ 'ਕਾਲੇ ਪਾਣੀ' ਦੇ ਬੇਟੇ ਡਾ. ਮਹਿੰਦਰ ਸਿੰਘ ਢਿੱਲੋਂ ਨੇ ਆਪਣੀ ਸ਼ਾਹਕਾਰ ਪੁਸਤਕ " A TITAN IN THE ANDAMAN" ਭਾਵ 'ਅੰਡੇਮਾਨ ਵਿਚ ਇਕ ਬੱਬਰ ਸ਼ੇਰ' ਵਿਚ ਪੂਰੀ ਤਰ੍ਹਾਂ ਲਿਖ ਦਿੱਤਾ ਹੈ। ਡਾ. ਮਹਿੰਦਰ ਸਿੰਘ (ਢਿੱਲੋਂ) ਜਿਨ੍ਹਾਂ ਨੇ ਸਾਰੀ ਸੱਚਾਈ ਅਤੇ ਟਾਪੂ ਦੇ ਹਾਲਾਤ ਜਾਣਨ ਲਈ ਉੱਥੇ ਅਜ਼ਾਦੀ ਤੋਂ ਬਾਅਦ ਕਾਇਮ ਕੀਤੀਆਂ ਗਈਆਂ, ਬਿਲਕੁਲ ਝੂਠ ਉੱਤੇ ਅਧਾਰਿਤ, ਕਲਪਿਤ ਕਹਾਣੀਆਂ ਘੜ ਕੇ ਸਿਰਜੇ ਗਏ ਇਤਿਹਾਸ ਬਾਰੇ ਜਾਣਨ ਲਈ ਟਾਪੂ ਦੇ ਕਈ ਦੌਰੇ ਕੀਤੇ। ਜਿਸ ਉਪਰੰਤ ਉਨ੍ਹਾਂ ਨੇ ਇਹ ਪੁਸਤਕ ਹੋਂਦ ਵਿਚ ਲਿਆ ਕੇ ਖ਼ਾਲਸਾ ਪੰਥ, ਸਿੱਖ ਕੌਮ ਤਥਾ ਸਮੂਹ ਅਜ਼ਾਦੀ ਦੇ ਸੱਚੇ

ਪਰਵਾਨਿਆਂ, ਭਾਰਤ ਦੇ ਅਸਲੀ ਸਪੂਤਾਂ ਦੀ ਦਾਸਤਾਨ ਸੰਸਾਰ ਦੇ ਸਾਹਮਣੇ ਲਿਖਤੀ ਰੂਪ ਵਿਚ ਪ੍ਰਗਟ ਕਰ ਕੇ ਉੱਤਮ ਅਤੇ ਸ਼ਲਾਘਾਯੋਗ ਕਾਰਜ ਕੀਤਾ ਹੈ ਅਤੇ ਸੱਚਿਆਂ ਅਤੇ ਝੂਠਿਆਂ ਬਾਰੇ ਅਸਲੀਅਤ ਤੋਂ ਪਰਦਾ ਚੁੱਕ ਦਿੱਤਾ ਹੈ ਪਰੰਤੂ ਇੱਥੇ ਇਹ ਗੱਲ ਸਭ ਨੂੰ ਸਮਝਣ ਦੀ ਲੋੜ ਹੈ ਕਿ ਜਿਸ ਤਰ੍ਹਾਂ ਕਿਹਾ ਜਾਂਦਾ ਹੈ ਕਿ ਇਤਿਹਾਸ ਸਮੇਂ ਦੀਆਂ ਸਰਕਾਰਾਂ ਦੀ ਹੀ ਦਾਸੀ-ਵੇਸਵਾ ਹੁੰਦਾ ਹੈ (HISTORY IS A PROTICHUTE; IT IS RE-WRITTEN) ਉਹ ਆਪਣੀ ਰਾਜਸੀ ਤਾਕਤ ਦਾ ਨਜਾਇਜ਼ ਲਾਭ ਉਠਾ ਕੇ ਸਹੀ ਅਤੇ ਸੱਚੇ ਇਤਿਹਾਸ ਨੂੰ ਮਿਟਾ ਕੇ ਉਸ ਦੀ ਥਾਂ ਨਕਲੀ, ਝੂਠਾ ਅਤੇ ਮਨਘੜਤ ਇਤਿਹਾਸ ਸਿਰਜ ਦਿੱਤਾ ਜਾਂਦਾ ਹੈ। ਇੱਥੇ ਵੀ ਇਹੋ ਕੁਝ ਵਾਪਰਿਆ ਜਾਂ ਇਹ ਕਹਿ ਲਵੋ ਕਿ ਭਾਰਤ ਦੀ ਜ਼ੰਗ-ਏ-ਅਜ਼ਾਦੀ ਦੇ ਮੁਕੰਮਲ ਇਤਿਹਾਸ ਨਾਲ ਹੀ ਬਲਾਤਕਾਰ ਕਰ ਦਿੱਤਾ ਗਿਆ ਹੈ। ਸੱਚਾਈ ਨੂੰ ਬਿਲਕੁਲ ਮਿਟਾਇਆ ਗਿਆ ਹੈ ਜਾਂ ਉਸ ਬਾਰੇ ਸ਼ੰਕੇ, ਸ਼ੱਕ-ਸੁਭੇ ਖੜੇ ਕਰ ਕੇ ਉਸ ਨੂੰ ਗੰਧਲਾ ਕਰ ਦਿੱਤਾ ਗਿਆ ਹੈ। ਮਨਘੜਤ ਕਹਾਣੀਆਂ ਬਣਾ ਕੇ ਬਿਲਕੁਲ ਝੂਠ ਉੱਤੇ ਨਿਰਭਰ ਉਨ੍ਹਾਂ ਲੋਕਾਂ ਨੂੰ ਇਤਿਹਾਸ ਵਿਚ ਹੀਰੋ ਬਣਾ ਕੇ ਪੇਸ਼ ਹੀ ਨਹੀਂ ਕੀਤਾ ਗਿਆ ਸਗੋਂ ਹਰ ਰੋਜ਼ ਸਰਕਾਰੀ ਮੀਡੀਆ ਰਾਹੀਂ ਬਹੁਤ ਸਾਲਾਹਿਆ ਵੀ ਜਾ ਰਿਹਾ ਹੈ। ਪਰੰਤੂ ਹੁਣ ਇੰਟਰਨੈੱਟ (INTERNET) ਦਾ ਸਮਾਂ ਹੈ। ਸਿਆਣੇ ਅਤੇ ਸੁਚੇਤ ਲੋਕ ਤੁਰੰਤ ਸੱਚਾਈ ਲੱਭ ਲੈਂਦੇ ਹਨ। ਇਸੇ ਕਰਕੇ ਅੱਜ ਸਖਤ ਲੋੜ ਹੈ ਕਿ ਸਾਰੇ ਪੁਰਾਣੇ ਅਤੇ ਸਹੀ ਇਤਿਹਾਸਿਕ ਤੱਥਾਂ, ਅਕੱਟ ਸੱਚਾਈਆਂ ਦੀ ਡੂੰਘੀ ਖੋਜ ਕਰਵਾ ਕੇ ਸਹੀ ਇਤਿਹਾਸ ਸਿਰਜਿਆ ਜਾਵੇ। ਅਜੋਕੇ ਸਮੇਂ ਇਹੋ ਹੀ ਵੱਡੀ ਕੌਮੀ ਸੇਵਾ ਹੋਵੇਗੀ। ਖਾਲਸਾ ਪੰਥ ਦੀਆਂ ਸਮੂਹ ਸੰਸਥਾਵਾਂ, ਬੁੱਧੀਜੀਵੀਆਂ, ਇਤਿਹਾਸਕਾਰਾਂ, ਨੂੰ ਇਸ ਪਾਸੇ ਸਭ ਤੋਂ ਵੱਧ ਧਿਆਨ ਦੇਣਾ ਚਾਹੀਦਾ ਹੈ।

ਇੱਥੇ ਇਹ ਲਿਖਣਾ ਵੀ ਉਪਯੋਗੀ ਹੋਵੇਗਾ ਕਿ ਲੇਖਕ ਨੇ ਆਪਣੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨਗੀ ਕਾਰਜਕਾਲ ਸਮੇਂ ਕਾਲੇ ਪਾਣੀਆਂ ਦਾ ਸੱਚ ਜਾਣਨ ਲਈ ਇਕ ਸੱਤ-ਮੈਂਬਰੀ ਕਮੇਟੀ ਬਣਾਈ ਸੀ। ਜਿਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤੱਤਕਾਲੀ ਜਰਨਲ ਸਕੱਤਰ, ਐਡੀਸ਼ਨਲ ਸਕੱਤਰ, ਪੱਤਰਕਾਰ, ਕਾਲਜ ਪ੍ਰਿੰਸੀਪਲ ਆਦਿ ਪ੍ਰਸਿੱਧ ਬੁੱਧੀਜੀਵੀ ਸ਼ਾਮਲ ਸਨ। ਉਸ ਕਮੇਟੀ ਨੇ ਮੌਕੇ 'ਤੇ ਪਹੁੰਚ ਕੇ ਕਈ ਦਿਨ ਟਾਪੂ ਦਾ ਦੌਰਾ ਕੀਤਾ। ਟਾਪੂਆਂ ਦੇ ਗੇਟ ਅਤੇ ਗੇਟ ਦੇ ਅੰਦਰ ਸਥਾਪਿਤ ਕੀਤੇ ਗਏ ਬੁੱਤਾਂ ਅਤੇ ਹੋਰ ਨਿਸ਼ਾਨੀਆਂ ਦਾ ਵੀ ਜਾਇਜ਼ਾ ਲਿਆ ਅਤੇ ਉੱਥੇ ਮੌਜੂਦ ਲੋਕਾਂ ਤੋਂ ਵੀ ਅਸਲੀ ਤੱਥ ਜਾਣਨ ਦੀ ਕੋਸ਼ਿਸ਼ ਕੀਤੀ, ਉੱਥੇ ਤਾਇਨਾਤ ਸਰਕਾਰੀ ਉਪ ਰਾਜਪਾਲ ਸ੍ਰੀ ਜਗਦੀਸ਼ ਮੁਖੀ ਨਾਲ ਵੀ ਗੱਲਬਾਤ ਕੀਤੀ। ਪਾਠਕਾਂ ਦੀ ਜਾਣਕਾਰੀ ਲਈ ਕਮੇਟੀ ਦੀ ਰਿਪੋਰਟ ਨਿਮਨ ਅਨੁਸਾਰ ਹੈ:

## ਸੈਲੂਲਰ ਜੇਲ੍ਹ ਦੇ ਪੰਜਾਬੀ/ ਸਿੱਖ ਅਜ਼ਾਦੀ ਘੁਲਾਟੀਆਂ ਸੰਬੰਧੀ ਰਿਪੋਰਟ

ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ ਦੀ ਰਾਜਧਾਨੀ ਪੋਰਟ ਬਲੇਅਰ ਵਿਖੇ ਮੌਜੂਦ ਸੈਲੂਲਰ ਜੇਲ੍ਹ ਭਾਰਤ ਦੇ ਸੁਤੰਤਰਤਾ ਸੈਨਾਨੀਆਂ ਤੇ ਹੋਏ ਅਣਮਨੁੱਖੀ ਤਸ਼ੱਦਦ ਦੀ ਯਾਦ ਦਿਵਾਉਂਦੀ ਹੈ। ਇਸ ਜੇਲ੍ਹ ਨੂੰ ਭਾਰਤ ਦੀ ਰਾਸ਼ਟਰੀ ਯਾਦਗਾਰ ਵਜੋਂ ਸਥਾਪਿਤ ਅਤੇ ਵਿਕਸਿਤ ਕੀਤਾ ਗਿਆ ਹੈ। ਸੁਤੰਤਰਤਾ ਅੰਦੋਲਨ ਦੀ ਯਾਦ ਦਿਵਾਉਂਦੀਆਂ ਗੈਲਰੀਆਂ ਅਤੇ ਮਿਊਜ਼ੀਅਮ ਇਸ ਵਿਚ ਸਥਾਪਿਤ ਕੀਤੇ ਗਏ ਹਨ। ਭਾਰਤ ਦੇ ਸੁਤੰਤਰਤਾ ਅੰਦੋਲਨ ਵਿਚ ਪੰਜਾਬੀਆਂ ਅਤੇ ਵਿਸ਼ੇਸ਼ ਤੌਰ 'ਤੇ ਸਿੱਖਾਂ ਦਾ ਸਭ ਤੋਂ ਵਧੇਰੇ ਯੋਗਦਾਨ ਰਿਹਾ ਹੈ ਪਰ ਇਨ੍ਹਾਂ ਗੈਲਰੀਆਂ ਵਿਚ ਉਨ੍ਹਾਂ ਦੇ ਯੋਗਦਾਨ ਨੂੰ ਮੁਕਾਬਲਤਨ ਬਹੁਤ ਘੱਟ ਪੇਸ਼ ਕੀਤਾ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਇਸ ਦਾ ਗੰਭੀਰ ਨੋਟਿਸ ਲੈਂਦੇ ਹੋਏ ੨੨ ਅਪ੍ਰੈਲ, ੨੦੧੭ ਨੂੰ ਚੰਡੀਗੜ੍ਹ ਵਿਖੇ ਇਕ ਰਾਸ਼ਟਰੀ ਸੈਮੀਨਾਰ ਦਾ ਆਯੋਜਨ ਕੀਤਾ ਸੀ ਜਿਸ ਵਿਚ ਫ਼ੈਸਲਾ ਲੈਂਦੇ ਹੋਏ ਇਕ ਕਮੇਟੀ ਦਾ ਗਠਨ ਕੀਤਾ ਗਿਆ। ਕਮੇਟੀ ਨੂੰ ਪੋਰਟ ਬਲੇਅਰ ਜੇਲ੍ਹ ਦਾ ਦੌਰਾ ਕਰ ਕੇ ਤੱਥਾਂ ਦੀ ਪੜਤਾਲ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਸ. ਅਮਰਜੀਤ ਸਿੰਘ (ਚਾਵਲਾ) ਦੀ ਅਗਵਾਈ ਅਧੀਨ ਇਕ ਸੱਤ ਮੈਂਬਰੀ ਵਫ਼ਦ ੨੯-੦੪-੨੦੧੭ ਤੋਂ ੦੩-੦੫-੨੦੧੭ ਤਕ ਪੋਰਟ ਬਲੇਅਰ ਗਿਆ ਜਿਸ ਵਿਚ ਹੇਠ ਲਿਖੇ ਮੈਂਬਰ ਸ਼ਾਮਲ ਸਨ:

੧. ਸ. ਅਮਰਜੀਤ ਸਿੰਘ (ਚਾਵਲਾ), ਜਨਰਲ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਡੈਲੀਗੇਸ਼ਨ ਮੁਖੀ ਅਤੇ ਨਾਲ ਛੇ ਮੈਂਬਰ।

੨. ਸ. ਸੁਰਜੀਤ ਸਿੰਘ ਭਿੱਟੇਵਡ, ਅਗਜ਼ੈਕਟਿਵ ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

੩. ਡਾ. ਧਰਮਿੰਦਰ ਸਿੰਘ ਉਭਾ, ਡਾਇਰੈਕਟਰ ਐਜੂਕੇਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

੪. ਡਾ. ਪਰਮਵੀਰ ਸਿੰਘ, ਮੈਂਬਰ, ਸਿੱਖ ਇਤਿਹਾਸ ਰੀਸਰਚ ਬੋਰਡ

੫. ਸ. ਹਰਭਜਨ ਸਿੰਘ ਮਨਾਵਾਂ, ਐਡੀਸ਼ਨਲ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

੬. ਸ. ਜਗਤਾਰ ਸਿੰਘ, ਸੀਨੀਅਰ ਪੱਤਰਕਾਰ।

੭. ਸ. ਗੁਰਦਰਸ਼ਨ ਸਿੰਘ ਬਾਹੀਆ।

***ਚਲਦਾ ...***

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਨਿਭਾਈ ਜਾਣ ਵਾਲੀ ਰੋਜ਼ਾਨਾ ਦੀ ਮਰਿਆਦਾ

*-ਸ. ਭਗਵੰਤ ਸਿੰਘ ਧੰਗੇੜਾ**

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਸਿੱਖ ਕੌਮ ਦਾ ਸ਼੍ਰੋਮਣੀ ਕੇਂਦਰੀ ਧਾਰਮਿਕ ਅਸਥਾਨ ਹੈ, ਇਸ ਦੇ ਚਾਰ-ਚੁਫੇਰੇ ਅੰਮ੍ਰਿਤ ਜਲ ਦੀਆਂ ਪਵਿੱਤਰ ਲਹਿਰਾਂ ਨਾਲ ਲਹਿਰਾਉਂਦਾ ਅੰਮ੍ਰਿਤ ਸਰੋਵਰ ਇਸ ਦੀ ਸ਼ਾਨ ਤੇ ਮਹਾਨਤਾ ਨੂੰ ਚਾਰ ਚੰਨ ਲਾਉਂਦਾ ਪ੍ਰਤੀਤ ਹੁੰਦਾ ਹੈ।

"ਹਰਿ ਜਪੇ ਹਰਿ ਮੰਦਰੁ ਸਾਜਿਆ" ਇਹ ਤਾਂ ਗੁਰਬਾਣੀ ਮੰਦਰ ਹੈ, ਨਾਮ ਮੰਦਰ ਹੈ, ਕੀਰਤਨ ਮੰਦਰ ਹੈ ਅਤੇ ਗੁਰੂ ਮੰਦਰ ਹੈ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਰੋਜ਼ਾਨਾ ਦੀ ਮਰਿਆਦਾ ਸਵੇਰ ਤੋਂ ਲੈ ਕੇ ਸ਼ਾਮ ਤੀਕ ਜੋ ਨਿਭਾਈ ਜਾਂਦੀ ਹੈ, ਇਹ ਮਰਿਆਦਾ ਗੁਰੂ-ਕਾਲ ਤੋਂ ਲੈ ਕੇ ਹੁਣ ਤੀਕ ਉਸੇ ਤਰ੍ਹਾਂ ਨਿਭਾਈ ਜਾਂਦੀ ਹੈ। ਇਹ ਸੇਵਾ ਸਵੇਰ ਤੋਂ ਸ਼ੁਰੂ ਹੋ ਕੇ ਰਾਤ ਤੀਕ ਵੱਖ-ਵੱਖ ਪੜ੍ਹਾਵਾਂ ਵਿਚ ਹੁੰਦੀ ਰਹਿੰਦੀ ਹੈ, ਜੋ ਕਿ ਇਸ ਪ੍ਰਕਾਰ ਹੈ:-

**ਇਸ਼ਨਾਨ (ਗਿੱਲੀ) ਸੇਵਾ**

ਗਰਮੀਆਂ ਅਤੇ ਸਰਦੀਆਂ ਦੇ ਮੌਸਮ ਵਿਚ ਇਸ਼ਨਾਨ ਦੀ ਸੇਵਾ ਦਾ ਵੱਖਰਾ ਵੱਖਰਾ ਸਮਾਂ ਹੁੰਦਾ ਹੈ, ਜਿਵੇਂ ਗਰਮੀਆਂ ਵਿਚ ਰਾਤ ੧੨:੦੦ ਵਜੇ ਅਤੇ ਸਰਦੀਆਂ ਵਿਚ ੦੧:੦੦ ਵਜੇ ਸੇਵਾ ਸ਼ੁਰੂ ਹੁੰਦੀ ਹੈ। ਸ੍ਰੀ ਦਰਬਾਰ ਸਾਹਿਬ ਵਿਖੇ ਸਮਾਪਤੀ ਤੋਂ ਬਾਅਦ ਕਿਵਾੜ ਬੰਦ ਹੋਣ 'ਤੇ ਸੰਗਤ ਰਜਿਸਟਰ ਵਿਚ ਨਾਮ ਦਰਜ ਕਰ ਕੇ ਇਸ਼ਨਾਨ ਸੇਵਾ ਲਈ ਕਿਵਾੜ ਦੇ ਬਾਹਰ ਲਾਈਨ ਵਿਚ ਬੈਠਣਾ ਸ਼ੁਰੂ ਕਰ ਦਿੰਦੀ ਹੈ। ਸੇਵਾ 'ਤੇ ਜਾਣ ਵਾਲੀ ਸੰਗਤ ਮੇਨ ਦਰਵਾਜ਼ੇ ਵਿਚ ਰੱਖੀ ਗਈ ਛੋਟੀ ਬਾਰੀ ਰਾਹੀਂ ਲੰਘ ਕੇ ਜਾਂਦੀ ਹੈ। ਸੇਵਾ ਦਾ ਸਮਾਂ ਹੋ ਜਾਣ 'ਤੇ ਜਾਣ ਸਮੇਂ ਚੋਬਦਾਰ ਛੋਟੀ ਬਾਰੀ ਖੋਲਦਾ ਹੈ ਤੇ ਫਰਾਸ ਜੀ ਸੰਗਤ ਵੱਲ ਨੂੰ ਮੂੰਹ ਕਰ ਕੇ ਸਭ ਤੋਂ ਪਹਿਲਾਂ "ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹ॥" ਬੁਲਾਉਂਦੇ ਹਨ ਤੇ ਸਿਰ ਝੁਕਾ ਕੇ ਬਾਰੀ ਰਾਹੀਂ ਅੰਦਰ ਜਾਂਦੇ ਹਨ, ਇਨ੍ਹਾਂ ਦੇ ਨਾਲ ਇਨ੍ਹਾਂ ਪਿੱਛੋਂ ਮੈਨੇਜਰ ਪਰਕਰਮਾ, ਸੁਪਰਵਾਈਜ਼ਰ ਅਤੇ ਨਿਗਰਾਨ ਪਰਕਰਮਾ ਅਤੇ ਫਿਰ ਲਾਈਨ ਵਿਚ ਲੱਗੀ ਸੰਗਤ ਆਪਣੀ ਵਾਰੀ ਅਨੁਸਾਰ ਛੋਟੀ ਬਾਰੀ ਰਾਹੀਂ ਹੀ ਅੰਦਰ ਜਾਂਦੇ ਹਨ। ਇਸ਼ਨਾਨ ਸੇਵਾ

** ਜਨਰਲ ਮੈਨੇਜਰ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।*
*ਮੋ: ੯੮੧੨੬-੦੦੦੬੫*

’ਤੇ ਜਾਣ ਵਾਲੀ ਸੰਗਤ ਦੇ ਵਿਸ਼ੇਸ਼ ਪਾਸ ਬਣਦੇ ਹਨ ਅਤੇ ਇਨ੍ਹਾਂ ਦਾ ਡਰੈੱਸ ਕੋਡ ਵੀ ਹੁੰਦਾ ਹੈ। ਸੇਵਾ ’ਤੇ ਜਾਣ ਵਾਲੀ ਸੰਗਤ ਦਾ ਚਿੱਟੇ ਰੰਗ ਦਾ ਕਛਹਿਰਾ, ਚੋਲ੍ਹਾ ਜਾਂ ਲੰਮਾ ਕੁੜਤਾ ਹੁੰਦਾ ਹੈ ਅਤੇ ਸ੍ਰੀ ਸਾਹਿਬ ਉੱਪਰੋਂ ਦੀ ਪਾਈ ਹੁੰਦੀ ਹੈ। ਆਮ ਦਿਨ੍ਹਾਂ ਵਿਚ ਸੰਗਤ ਦੀ ਗਿਣਤੀ ਲਗਪਗ ੧੦੦ ਦੇ ਨੇੜ੍ਹੇ ਹੁੰਦੀ ਹੈ ਪ੍ਰੰਤੂ ਕੁਝ ਖਾਸ ਦਿਨਾਂ ਵਿਚ ਇਹ ਸੰਗਤ ਦੀ ਗਿਣਤੀ ਵੱਧ ਹੁੰਦੀ ਹੈ। ਜੇਕਰ ਕਿਸੇ ਦੇ ਚਿਹਰੇ ’ਤੇ ਮੁੱਛ ਜਾਂ ਦਾਹੜੀ ਨਾ ਹੋਵੇ (ਭਾਵ ਉਮਰ ਘੱਟ ਹੋਵੇ) ਤਾਂ ਉਹ ਸ੍ਰੀ ਦਰਬਾਰ ਸਾਹਿਬ ਵਿਚ ਸੇਵਾ ਕਰਨ ਲਈ ਨਹੀਂ ਜਾ ਸਕਦਾ ਪ੍ਰੰਤੂ ਸੰਬੰਧਿਤ ਦੀ ਸੇਵਾ ਭਾਵਨਾ ਨੂੰ ਦੇਖਦੇ ਹੋਏ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸੇਵਾ ਕਰਨ ਲਈ ਭੇਜ ਦਿੱਤਾ ਜਾਂਦਾ ਹੈ।

ਫਰਾਸ ਜੀ ਵੱਲੋਂ ਅੰਦਰ ਜਾ ਕੇ ਖੱਬੇ ਪਾਸੇ ਦੀ ਪਰਕਰਮਾ ਕਰ ਕੇ ਹਰਿ ਕੀ ਪਉੜੀ ਵਾਲੇ ਪਾਸੇ ਤੋਂ ਕਿਵਾੜ ਖੋਲ੍ਹ ਕੇ ਸ੍ਰੀ ਦਰਬਾਰ ਸਾਹਿਬ ਅੰਦਰ ਮੱਥਾ ਟੇਕ ਕੇ ਆਟਾ ਮੰਡੀ ਵਾਲਾ ਕਿਵਾੜ ਖੋਲ੍ਹਿਆ ਜਾਂਦਾ ਹੈ, ਇਸ ਤੋਂ ਬਾਅਦ ਫਿਰ ਦਰਸ਼ਨੀ ਡਿਓੜ੍ਹੀ ਵਾਲਾ ਕਿਵਾੜ ਅਤੇ ਘੰਟਾ ਘਰ ਵਾਲੇ ਪਾਸੇ ਦਾ ਕਿਵਾੜ ਖੋਲ੍ਹਿਆ ਜਾਂਦਾ ਹੈ। ਫਿਰ ਗਿਆਰ੍ਹਾਂ ਸਿੰਘ ਹਰਿ ਕੀ ਪਉੜੀ ਤੋਂ ਜਲ ਦੀਆਂ ਬਾਲਟੀਆਂ ਲਿਆ ਕੇ ਰਾਗੀ ਸਿੰਘਾਂ ਅਤੇ ਬੀਬੀਆਂ ਵਾਲੇ ਪਾਸੇ ਵੰਡ ਕੇ ਖਲ੍ਹੋ ਜਾਂਦੇ ਹਨ। ਦੋ ਬਾਲਟੀਆਂ ਦੁੱਧ ਦੀਆਂ ਹੁੰਦੀਆਂ ਹਨ, ਜੋ ਸੰਗਤ ਵੱਲੋਂ ਇਸਨਾਨ ਸੇਵਾ ਲਈ ਲਿਆਈਆਂ ਜਾਂਦੀਆਂ ਹਨ।

ਫਰਾਸ ਜੀ ਵੱਲੋਂ ਇਸ਼ਨਾਨ ਸੇਵਾ ਦੀ ਅਰੰਭਤਾ ਅਰਦਾਸ ਨਾਲ ਕੀਤੀ ਜਾਂਦੀ ਹੈ, ਅਰਦਾਸ ਦੀ ਸਮਾਪਤੀ ਤੋਂ ਉਪਰੰਤ ਦੁੱਧ ਦੀ ਪਹਿਲੀ ਬਾਲਟੀ ਫਰਾਸ ਵੱਲੋਂ ਲਗਾਈ ਜਾਂਦੀ ਹੈ ਇਸ ਤੋਂ ਬਾਅਦ ਦੂਜੀ ਦੁੱਧ ਦੀ ਬਾਲਟੀ ਸੰਗਤ ਵੱਲੋਂ ਲਗਾਈ ਜਾਂਦੀ ਹੈ। ਬਾਕੀ ਬਚਿਆ ਦੁੱਧ ਫਰਾਸ ਜੀ ਵੱਲੋਂ ਸੱਚਖੰਡ ਦੇ ਘੇਰੇ-ਘੇਰੇ ਲਾਇਆ ਜਾਂਦਾ ਹੈ ਅਤੇ ਫਰਾਸ ਜੀ ਵੱਲੋਂ “ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹ॥” ਬੁਲਾਉਣ ਤੋਂ ਬਾਅਦ ਇਸ਼ਨਾਨ ਸੇਵਾ ਸ਼ੁਰੂ ਹੋ ਜਾਂਦੀ ਹੈ। ਫਰਾਸ ਜੀ ਵੱਲੋਂ ਜਲ ਪਹਿਲਾਂ ਬੀਬੀਆਂ ਵਾਲੇ ਪਾਸੇ ਜੰਗਲੇ ਦੇ ਅੰਦਰ ਬਾਹਰ, ਰਾਗੀ ਸਿੰਘਾਂ ਵਾਲੇ ਜੰਗਲੇ ਦੇ ਅੰਦਰ ਬਾਹਰ ਅਤੇ ਫਿਰ ਸੱਚਖੰਡ ਦੀਆਂ ਕੰਧਾਂ ’ਤੇ ਘੇਰੇ-ਘੇਰੇ ਲਗਾਇਆ ਜਾਂਦਾ ਹੈ। ਜਲ ਲਗਾਉਣ ਉਪਰੰਤ ਤੌਲੀਏ ਦੇ ਨਾਲ ਸਫਾਈ ਕੀਤੀ ਜਾਂਦੀ ਹੈ।

ਤੌਲੀਏ ਦੇ ਨਾਲ ਚੰਗੀ ਤਰ੍ਹਾਂ ਸਫਾਈ ਕਰ ਕੇ ਫਰਸ਼ ਨੂੰ ਸੁਕਾਉਣ ਤੋਂ ਬਾਅਦ ਗਲੀਚੇ ਦੀ ਵਿਛਾਈ, ਚਾਦਰਾਂ ਦੀ ਵਿਛਾਈ ਸੰਗਤ ਵੱਲੋਂ ਕੀਤੀ ਜਾਂਦੀ ਹੈ। ਇਸ਼ਨਾਨ ਦੀ ਸੇਵਾ ਤਕਰੀਬਨ ਅੱਧੇ ਘੰਟੇ ਵਿਚ ਸੰਪੂਰਨ ਹੋ ਜਾਂਦੀ ਹੈ। ਅੰਦਰ ਦੀ ਚਲਦੀ ਸੇਵਾ ਦੇ ਨਾਲ ਨਾਲ ਬਾਕੀ ਸੰਗਤ ਵੱਲੋਂ ਸ੍ਰੀ ਦਰਬਾਰ ਸਾਹਿਬ ਦੀ ਬਾਹਰਲੀ ਪਰਕਰਮਾ ਅਤੇ ਪੁਲ਼ ਦੀ ਸੇਵਾ ਚਲਦੀ ਰਹਿੰਦੀ ਹੈ। ਪੁਰਾਤਨ ਸਮੇਂ ਤੋਂ ਤਕਰੀਬਨ ੦੨:੦੦ ਵਜੇ ਬਾਬਾ ਸ਼ਾਮ ਸਿੰਘ ਜੀ ਦੇ ਡੇਰੇ ਤੋਂ ਅਤੇ ਕਾਊਂਟਰ ਕੜਾਹ ਪ੍ਰਸ਼ਾਦ ਤੋਂ

ਦੇਗ ਲਿਆਈ ਜਾਂਦੀ ਹੈ। ਕਿਵਾੜ ਖੁਲ੍ਹਣ ਤੋਂ ਅੱਧਾ ਘੰਟਾ ਪਹਿਲਾਂ ਸ੍ਰੀ ਅਨੰਦ ਸਾਹਿਬ ਦਾ ਪਾਠ ਕਰ ਕੇ ਅਰਦਾਸ ਹੁੰਦੀ ਹੈ ਅਤੇ ਉਪਰੰਤ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਜਾਂਦੀ ਹੈ।

**ਕਿਵਾੜ**

ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓੜ੍ਹੀ ਦੇ ਕਿਵਾੜ ਗਰਮੀਆਂ ਨੂੰ ਜੇਠ ਤੇ ਹਾੜ ਦੇ ਦੋ ਮਹੀਨੇ ਅੰਮ੍ਰਿਤ ਵੇਲੇ ੦੨:੦੦ ਵਜੇ ਖੁੱਲ੍ਹਦੇ ਹਨ। ਵੈਸਾਖ ਤੇ ਸਾਵਣ ਦੇ ਦੋ ਮਹੀਨੇ ੦੨ ਵੱਜ ਕੇ ੧੫ ਮਿੰਟ 'ਤੇ, ਚੇਤ ਤੇ ਭਾਦਰੋਂ ਦੇ ਦੋ ਮਹੀਨੇ ੦੨ ਵੱਜ ਕੇ ੩੦ ਮਿੰਟ 'ਤੇ। ਅੱਸੂ, ਫੱਗਣ ਦੇ ਦੋ ਮਹੀਨੇ ੦੨ ਵੱਜ ਕੇ ੪੫ ਮਿੰਟ 'ਤੇ ਅਤੇ ਕੱਤਕ, ਮੱਘਰ, ਪੋਹ ਤੇ ਮਾਘ ਦੇ ਚਾਰ ਮਹੀਨੇ ਪੂਰੇ ੦੩:੦੦ ਵਜੇ ਕਿਵਾੜ ਖੁੱਲ੍ਹਦੇ ਹਨ। ਕਿਵਾੜ ਖੁੱਲ੍ਹਣ ਦੇ ਸਮੇਂ ਤੋਂ ਪਹਿਲਾਂ ਸੰਗਤ ਮਾਈ ਭਾਈ ਰਲ ਮਿਲ ਕੇ ਪ੍ਰੇਮ ਸਹਿਤ ਦਰਸ਼ਨੀ ਡਿਓੜ੍ਹੀ ਦੇ ਅੱਗੇ ਇੱਕ ਪਾਠ ਸ੍ਰੀ ਸੁਖਮਨੀ ਸਾਹਿਬ ਦਾ ਕਰਦੀ ਹੈ। ਉਪਰੰਤ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰਲੇ ਦਰਸ਼ਨਾਂ ਲਈ ਬਿਹਬਲ ਹੋਈ ਸੰਗਤ ਦਰਸ਼ਨੀ ਡਿਓੜ੍ਹੀ ਦੇ ਬਾਹਰਵਾਰ ਖੜ੍ਹੀ ਇਹ ਸ਼ਬਦ ਬੜੇ ਵੈਰਾਗ ਵਿਚ ਦਰਸ਼ਨਾਂ ਦੀ ਤਾਂਘ ਹਿੱਤ ਜੋਟੀਆਂ ਵਿਚ ਪ੍ਰੇਮ ਸਹਿਤ ਗਾਉਂਦੀ ਹੈ:

*ਦਰਮਾਦੇ ਠਾਢੇ ਦਰਬਾਰਿ॥*
*ਤੁਝ ਬਿਨੁ ਸੁਰਤਿ ਕਰੈ ਕੋ ਮੇਰੀ ਦਰਸਨੁ ਦੀਜੈ ਖੋਲ੍ਹਿ ਕਿਵਾਰ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੫੬)*

ਸਮੇਂ ਸਿਰ ਕਿਵਾੜ ਖੁਲ੍ਹਦੇ ਹਨ ਤੇ ਸੰਗਤ ਅੰਦਰਲੇ ਦਰਸ਼ਨਾਂ ਦੀ ਖੁਸ਼ੀ ਵਿਚ ਪੁਲ਼ ਦੇ ਉੱਪਰ "ਸਤਿਨਾਮੁ ਵਾਹਿਗੁਰੂ" ਦਾ ਜਾਪ ਕਰਦੀ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਪਹੁੰਚਦੀ ਹੈ ਅਤੇ ਫਿਰ ਅੰਦਰ ਇਸ਼ਨਾਨ ਸੇਵਾ ਵਾਲੀ ਸੰਗਤ ਤੇ ਬਾਹਰੋਂ ਗਈ ਸੰਗਤ ਆਪਸ ਵਿਚ "ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹ॥" ਸਾਂਝੀ ਕਰਦੀਆਂ ਹਨ। ਸੰਗਤ ਸਤਿਕਾਰ ਸਹਿਤ ਨਮਸਕਾਰ ਕਰ ਕੇ ਕੀਰਤਨ ਦਾ ਅਨੰਦ ਮਾਣਨਾ ਸ਼ੁਰੂ ਕਰ ਦਿੰਦੀ ਹੈ।

**ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਚ ਹੋਣ ਵਾਲੇ ਕੀਰਤਨ ਦੇ ਸਮੇਂ ਅਤੇ ਮਰਿਆਦਾ ਦਾ ਵੇਰਵਾ**

ਸਰਦੀਆਂ ਅਤੇ ਗਰਮੀਆਂ ਵਿਚ ਕੀਰਤਨ ਕਰਨ ਦੇ ਸਮੇਂ ਵਿਚ ਤਬਦੀਲੀ ਹੁੰਦੀ ਰਹਿੰਦੀ ਹੈ, ਜਿਵੇਂ ਕਿ ਸਰਦੀਆਂ ਦੇ ਵਿਚ ਕਿਵਾੜ ੦੩:੦੦ ਵਜੇ ਖੁੱਲ੍ਹ ਜਾਂਦਾ ਹੈ ਤੇ ਕੀਰਤਨ ਅੱਗੇ ਲਿਖੇ ਵੇਰਵੇ ਅਨੁਸਾਰ ਸ਼ੁਰੂ ਹੋ ਜਾਂਦਾ ਹੈ ਅਤੇ ਗਰਮੀਆਂ ਵਿਚ ਕਿਵਾੜ ੦੨:੦੦ ਵਜੇ ਖੁਲ੍ਹਦਾ ਹੈ ਤੇ ਉਸ ਉਪਰੰਤ ਕੀਰਤਨ ਸ਼ੁਰੂ ਹੋ ਜਾਂਦਾ ਹੈ। ਅੱਠੇ ਪਹਿਰ ਕੀਰਤਨ, ਪਾਠ, ਜਾਪ ਤੇ ਸਿਮਰਨ ਸੰਸਾਰ ਅੰਦਰ ਸਿਰਫ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਹੀ ਹੁੰਦਾ ਹੈ। ਸ੍ਰੀ ਹਰਿਮੰਦਰ ਸਾਹਿਬ

ਦੇ ਅੰਦਰ ਕੀਰਤਨ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਦਸਮ ਪਾਤਸ਼ਾਹ ਜੀ ਦੀ ਬਾਣੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਕਬਿੱਤ ਸਵੱਯੇ ਤੇ ਭਾਈ ਨੰਦ ਲਾਲ ਜੀ ਦੀ ਰਚਨਾ 'ਚੋਂ ਹੀ ਸ਼ਬਦ ਗਾਇਨ ਕੀਤੇ ਜਾਂਦੇ ਹਨ। ਇਨ੍ਹਾਂ ਉਪਰੋਕਤ ਰਚਨਾਵਾਂ ਤੋਂ ਬਿਨਾਂ ਕਿਸੇ ਹੋਰ ਗ੍ਰੰਥ ਜਾਂ ਕਵੀ ਦੀ ਰਚਨਾ ਨਹੀਂ ਗਾਈ ਜਾ ਸਕਦੀ। ਸਿਰਫ ਅਰਦਾਸ, ਮਹਾਂਵਾਕ, ਸੋਦਰੁ ਰਹਰਾਸਿ ਤੇ ਸੋਹਿਲੇ ਦੇ ਪਾਠ ਸਮੇਂ ਹੀ ਕੀਰਤਨ ਬੰਦ ਹੁੰਦਾ ਹੈ। ਕੀਰਤਨ ਦੇ ਸਮੇਂ ਦਾ ਵੇਰਵਾ:

ਸਵੇਰੇ ੩.੦੦ ਤੋਂ ੦੩:੫੫ ਵਜੇ ਤੀਕ (ਤਿੰਨ ਪਹਿਰੇ ਦੀ ਚੌਂਕੀ)
ਸਵੇਰੇ ੦੩:੫੫ ਤੋਂ ੦੭:੦੦ ਵਜੇ ਤੀਕ (ਆਸਾ ਦੀ ਵਾਰ)
ਸਵੇਰੇ ੦੭:੧੦ ਤੋਂ ੦੮:੦੦ ਵਜੇ ਤੀਕ (ਬਿਲਾਵਲ ਚੌਂਕੀ)
ਸਵੇਰੇ ੦੮:੦੦ ਤੋਂ ੦੯:੦੦ ਵਜੇ ਤੀਕ
ਸਵੇਰੇ ੦੯:੦੦ ਤੋਂ ੧੦:੦੦ ਵਜੇ ਤੀਕ
ਸਵੇਰੇ ੧੦:੦੦ ਤੋਂ ੧੧:੦੦ ਵਜੇ ਤੀਕ
ਸਵੇਰੇ ੧੧:੦੦ ਤੋਂ ੧੨:੦੦ ਵਜੇ ਤੀਕ
ਦੁਪਿ: ੧੨:੦੦ ਤੋਂ ੦੧:੧੦ ਵਜੇ ਤੀਕ
ਦੁਪਿ: ੦੧:੧੦ ਤੋਂ ੦੨:੨੦ ਵਜੇ ਤੀਕ
ਸ਼ਾਮ ੦੨:੨੦ ਤੋਂ ੦੩:੨੦ ਵਜੇ ਤੀਕ
ਸ਼ਾਮ ੦੩:੨੦ ਤੋਂ ੦੪:੨੦ ਵਜੇ ਤੀਕ
ਸ਼ਾਮ ੦੪:੨੦ ਤੋਂ ੦੫:੪੦ ਵਜੇ ਤੀਕ (ਸੋਦਰੁ ਦੀ ਚੌਂਕੀ)
ਸ਼ਾਮ ੦੬:੦੦ ਤੋਂ ੦੭:੩੦ ਵਜੇ ਤੀਕ (ਆਰਤੀ)
ਰਾਤ ੦੭:੩੦ ਤੋਂ ੦੮:੩੦ ਵਜੇ ਤੀਕ
ਰਾਤ ੦੮:੩੦ ਤੋਂ ਸਮਾਪਤੀ ਤੀਕ

### ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ

ਕਿਵਾੜ ਖੁਲ੍ਹਣ ਤੋਂ ੦੨ ਘੰਟੇ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਕੋਠਾ ਸਾਹਿਬ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਰਵਾਨਾ ਹੁੰਦੀ ਹੈ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਗ੍ਰੰਥੀ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਗੁਰਦੁਆਰਾ ਕੋਠਾ ਸਾਹਿਬ ਵਿਖੇ ੫ ਜਾਂ ੧੦ ਮਿੰਟ ਪਹਿਲਾਂ ਹੀ ਪੁੱਜ ਜਾਂਦੇ ਹਨ। ਸਮੇਂ ਸਿਰ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਪਏ ਨਗਾਰੇ 'ਤੇ ਚੋਟ ਵੱਜਦੀ ਹੈ ਅਤੇ ਸਾਰੀ ਸੰਗਤ ਸਾਵਧਾਨ ਹੋ ਜਾਂਦੀ ਹੈ। ਗੁਰਦੁਆਰਾ ਕੋਠਾ ਸਾਹਿਬ ਦੇ ਅੰਦਰ ਚੌਰ-ਬਰਦਾਰ ਸਿੰਘ ਸਾਹਿਬ ਜੀ ਦੇ ਗਲ ਵਿਚ ਸਿਹਰਾ ਪਾ ਕੇ ਚੌਰ ਸਾਹਿਬ ਫੜਾਉਂਦਾ ਹੈ ਤਾਂ ਸਿੰਘ ਸਾਹਿਬ ਜੀ ਜਿਸ ਪਲੰਘ ਪੁਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਿਰਾਜਮਾਨ ਹੁੰਦੇ ਹਨ, ਉਸ ਪਲੰਘ ਦੇ ਥੱਲੇ ਚਿੱਟੀ ਚਾਦਰ ਵਿਛਾਈ ਹੁੰਦੀ ਹੈ, ਉਸ ਪਲੰਘ ਦੀਆਂ ਸਿੰਘ ਸਾਹਿਬ ਜੀ ਵੱਲੋਂ ਚੌਰ

ਸਾਹਿਬ ਕਰਦੇ ਕਰਦੇ ਪਰਕਰਮਾਂ ਕੀਤੀਆਂ ਜਾਦੀਆਂ ਹਨ ਤੇ ਸੰਖੇਪ ਅਰਦਾਸ ਬੇਨਤੀ ਕੀਤੀ ਜਾਂਦੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਗ੍ਰੰਥੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਸਿੰਘ ਸਾਹਿਬ ਜੀ ਦੇ ਸੀਸ ਉੱਪਰ ਰਖਵਾਉਂਦੇ ਹਨ ਤੇ ਚੌਰ ਸ੍ਰੀ ਹਰਿਮੰਦਰ ਸਾਹਿਬ ਦੇ ਚੌਰ-ਬਰਦਾਰ ਨੂੰ ਪਕੜਾ ਦਿੰਦੇ ਹਨ। ਕੋਠਾ ਸਾਹਿਬ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੇਠ ਪਾਲਕੀ ਸਾਹਿਬ ਤਕ ਸਿੰਘ ਸਾਹਿਬ ਜੀ ਸੀਸ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲੈ ਕੇ ਚਲਦੇ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਦੋ ਚੋਬਦਾਰ ਚਾਂਦੀ ਦੀਆਂ ਦੋ ਚੋਬਾਂ ਲੈ ਕੇ ਅੱਗੇ ਅੱਗੇ ਚਲਦੇ ਹਨ ਤੇ ਚੌਰ-ਬਰਦਾਰ ਪਿੱਛੇ ਚੌਰ ਕਰਦੇ ਆਉਂਦੇ ਹਨ। ਨਰਸਿੰਘਾ ਵੀ ਵਜਾਇਆ ਜਾਂਦਾ ਹੈ। ਇਸ ਮੌਕੇ ਬਹੁਤ ਸਾਰੀ ਸੰਗਤ ਵੱਲੋਂ ਗੁਲਾਬ ਆਦਿ ਖੁਸ਼ਬੂਦਾਰ ਫੁੱਲਾਂ ਦੇ ਬੁੱਕ ਭਰ-ਭਰ ਕੇ ਸੰਗਤ ਵਿਚ ਵਰਤਾਏ ਜਾਂਦੇ ਹਨ ਤੇ ਸੰਗਤ ਵੱਲੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਪਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਚੱਲਣ ਸਮੇਂ ਫੁੱਲਾਂ ਦੀ ਵਰਖਾ ਕੀਤੀ ਜਾਂਦੀ ਹੈ। ਫਰਾਸ ਦੀ ਨਿਗਰਾਨੀ ਵਿਚ ਸੰਗਤ ਸੁਨਹਿਰੀ ਪਾਲਕੀ ਸੁੰਦਰ ਮਖਮਲੀ ਗੱਦੇ, ਰੁਮਾਲੇ, ਪਲਕਾਂ ਤੇ ਪਰਦਿਆਂ ਤੇ ਫੁੱਲਾਂ ਦੇ ਸਿਹਰਿਆਂ ਨਾਲ ਸਜਾ ਕੇ ਲਿਆਂਉਦੀ ਹੈ। ਜਿਸ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਸਸ਼ੋਭਿਤ ਕੀਤਾ ਜਾਂਦਾ ਹੈ। ਸੰਗਤ ਵਾਰੋ-ਵਾਰੀ ਪਾਲਕੀ ਸਾਹਿਬ ਨੂੰ ਮੋਢਾ ਦੇ ਕੇ ਆਪਣੇ ਆਪ ਨੂੰ ਵਡਭਾਗੀ ਸਮਝਦੀ ਹੈ। ਦਰਸ਼ਨੀ ਡਿਓੜ੍ਹੀ ਤੋਂ ਪਹਿਲਾਂ ਪਾਲਕੀ ਸਾਹਿਬ ਅੰਦਰ ਜਾਣ ਸਮੇਂ ਅਗਲੇ ਪਾਸੇ ਖੱਬੇ ਪਾਸੇ ਸਿੰਘ ਸਾਹਿਬ ਅਤੇ ਸੱਜੇ ਪਾਸੇ ਮੈਨੇਜਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਹੀ ਮੋਢਾ ਲਾ ਕੇ ਦਾਖ਼ਲ ਕਰਾਉਂਦੇ ਹਨ। ਏਸੇ ਤਰ੍ਹਾਂ ਸ਼ਾਮ ਨੂੰ ਵਾਪਸੀ ਸਮੇਂ ਵੀ ਇਹ ਸੇਵਾ ਏਸੇ ਤਰ੍ਹਾਂ ਹੁੰਦੀ ਹੈ। ਪਾਲਕੀ ਸਾਹਿਬ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਦਰਵਾਜ਼ੇ ਦੇ ਬਾਹਰ ਤਕ ਜਾਂਦੀ ਹੈ। ਉੱਥੇ ਫਿਰ ਸਿੰਘ ਸਾਹਿਬ ਆਪਣੇ ਸੀਸ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲੈ ਕੇ ਅੰਦਰ ਜਾਂਦੇ ਹਨ ਅਤੇ ਅੰਦਰ ਜਾਣ ਸਮੇਂ ਜੰਗਲੇ ਦੀ ਕੁੰਡੀ ਵੀ ਮੈਨੇਜਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਖੋਲ੍ਹਦੇ ਹਨ। ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸਿੰਘ ਸਾਹਿਬ ਜੀ ਦੋ ਚੌਰ-ਬਰਦਾਰਾਂ ਦੀ ਸਹਾਇਤਾ ਨਾਲ ਗੁਰੂ ਸਾਹਿਬ ਜੀ ਦੇ ਸਰੂਪ ਨੂੰ ਸਜੀ ਹੋਈ ਮੰਜੀ ਸਾਹਿਬ ਉੱਪਰ ਸਥਾਪਿਤ ਕਰਦੇ ਹਨ। ਚੌਰ-ਬਰਦਾਰ ਸਿੰਘ ਸਾਹਿਬ ਜੀ ਨੂੰ ਚੌਰ ਪਕੜਾ ਦਿੰਦਾ ਹੈ ਦੋ ਚਾਰ ਵਾਰ ਗੁਰੂ ਮਹਾਰਾਜ ਉੱਪਰ ਚੌਰ ਝੁਲਾ ਕੇ ਸਿੰਘ ਸਾਹਿਬ ਦੁਬਾਰਾ ਚੌਰ-ਬਰਦਾਰ ਨੂੰ ਚੌਰ ਪਕੜਾਉਣ ਤੋਂ ਬਾਅਦ ਆਪ ਦੋਨੋਂ ਹੱਥ ਜੋੜ ਕੇ ਸੰਗਤ ਨੂੰ "ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹ॥" ਬੁਲਾਉਂਦੇ ਹਨ, ਅੱਗੇ ਸੰਗਤ ਉੱਚੀ ਅਵਾਜ ਵਿਚ ਫ਼ਤਹ ਦਾ ਜਬਾਬ ਫ਼ਤਹ ਵਿਚ ਦਿੰਦੀ ਹੈ। ਸਿੰਘ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਸਤਰਾਂ ਦੀ ਸੇਵਾ ਸ਼ੁਰੂ ਕਰਦੇ ਹਨ ਤਾਂ ਸੰਗਤ ਵੱਲੋਂ ਸਵੱਯੇ ਪੜ੍ਹੇ ਜਾਂਦੇ ਹਨ। ਪੰਜ ਵਜੇ ਤੋਂ ਸ਼ੁਰੂ ਹੋ ਕੇ ਠੀਕ ੦੫ ਵੱਜ ਕੇ ੩੦ ਮਿੰਟ 'ਤੇ ਪ੍ਰਕਾਸ਼ ਹੁਕਮਨਾਮਾ ਸਾਹਿਬ ਹੁੰਦਾ ਹੈ। ਉਸ ਤੋਂ ਉਪਰੰਤ ਰਾਗੀ ਸਿੰਘ ਫਿਰ ਤੋਂ

ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਕਰ ਦਿੰਦੇ ਹਨ ਤਕਰੀਬਨ ਇੱਕ ਸ਼ਬਦ ਅਤੇ ਸ੍ਰੀ ਅਨੰਦ ਸਾਹਿਬ ਜੀ ਦੀਆਂ ਛੇ ਪਉੜੀਆਂ ਪੜ੍ਹਨ ਤੋਂ ਬਾਅਦ ਲਗਪਗ ੫ ਵੱਜ ਕੇ ੪੫ ਮਿੰਟ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਤੋਂ ਬਾਅਦ ਸਭ ਤੋਂ ਪਹਿਲੀ ਅਰਦਾਸ ਬੇਨਤੀ ਅਰਦਾਸੀਏ ਸਿੰਘ ਵੱਲੋਂ ਕੀਤੀ ਜਾਂਦੀ ਹੈ, ਉਪਰੰਤ ਕੜਾਹ ਪ੍ਰਸ਼ਾਦ ਵਰਤਾਇਆ ਜਾਂਦਾ ਹੈ ਤੇ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਹੈ।

**ਬਸੰਤ ਰਾਗ ਦੀ ਅਰੰਭਤਾ**

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪੁਰਾਤਨ ਮਰਿਆਦਾ ਅਨੁਸਾਰ ਲੋਹੜੀ ਵਾਲੀ ਰਾਤ ਭਾਵ ਪੋਹ ਦੇ ਮਹੀਨੇ ਦੇ ਆਖਰੀ ਦਿਨ ਰਾਗੀ ਸਿੰਘਾਂ ਵੱਲੋਂ ਕਾਨੜਾ ਰਾਗ ਵਿਚ ਇੱਕ ਸ਼ਬਦ ਗਾਇਨ ਕਰ ਕੇ ਬਿਨਾਂ ਪਉੜੀ ਤੋਂ ਅਨੰਦ ਸਾਹਿਬ ਜੀ ਦੀਆਂ ਛੇ ਪਉੜੀਆਂ ਪੜ੍ਹ ਕੇ ਅਰਦਾਸ ਕਰਨ ਉਪਰੰਤ ਬਸੰਤ ਰਾਗ ਦੀ ਅਰੰਭਤਾ ਹੁੰਦੀ ਹੈ। ਮਰਯਾਦਾ ਅਨੁਸਾਰ ਹਰ ਰੋਜ਼ ਹਰ ਰਾਗੀ ਜਥਾ ਪਹਿਲਾ ਸ਼ਬਦ ਬਸੰਤ ਰਾਗ ਦਾ ਤੇ ਬਸੰਤ ਰਾਗੁ ਵਿਚ ਹੀ ਗਾਉਂਦਾ ਹੈ। ਇਹ ਸਿਲਸਿਲਾ ਹੋਲੇ ਮਹੱਲੇ ਵਾਲੇ ਦਿਨ ਤਕ ਚਲਦਾ ਹੈ, ਹੋਲੇ ਮਹੱਲੇ ਵਾਲੇ ਦਿਨ ਆਸਾ ਜੀ ਕੀ ਵਾਰ ਦੀ ਸਮਾਪਤੀ ਦੀ ਅਰਦਾਸ ਵਿਚ ਹੀ ਬਸੰਤ ਰਾਗ ਗਾਉਣ ਦੀ ਸਮਾਪਤੀ ਦੀ ਵੀ ਅਰਦਾਸ ਕਰ ਦਿੱਤੀ ਜਾਂਦੀ ਹੈ।

**ਦੂਸਰੀ ਅਰਦਾਸ**

ਸ੍ਰੀ ਆਸਾ ਜੀ ਕੀ ਵਾਰ ਦੇ ਕੀਰਤਨ ਦੇ ਭੋਗ ਉਪਰੰਤ ਦੂਜੀ ਅਰਦਾਸ ਹੁੰਦੀ ਹੈ ਤੇ ਮਹਾਂਵਾਕ ਪੜ੍ਹਿਆ ਜਾਂਦਾ ਹੈ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਚ ਕੁੱਲ ਦਸ ਅਰਦਾਸਾਂ ਹੁੰਦੀਆਂ ਹਨ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:-

੧.ਅੰਮ੍ਰਿਤ ਵੇਲੇ ਇਸ਼ਨਾਨ ਸੇਵਾ ਦੀ ਅਰੰਭਤਾ ਸਮੇਂ

੨.ਕਿਵਾੜ ਖੁਲ੍ਹਣ ਤੋਂ ਪਹਿਲਾਂ ਵਿਛਾਈ ਹੋਣ ਉਪਰੰਤ

੩.ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਹੋਣ ਉਪਰੰਤ

੪.ਆਸਾ ਜੀ ਕੀ ਵਾਰ ਦੀ ਸਮਾਪਤੀ ਉਪਰੰਤ

੫.ਦੁਪਹਿਰ ੧੨:੦੦ ਵਜੇ (ਸਬਦ ਚੌਂਕੀ ਅਨੰਦ ਸਾਹਿਬ ਜੀ ਕੀ ਅਰਦਾਸ)

੬.ਦੁਪਹਿਰ ੦੩:੦੦ ਵਜੇ (ਸਬਦ ਚੌਂਕੀ ਚਰਨ ਕੰਵਲ ਸਾਹਿਬ ਜੀ ਕੀ ਅਰਦਾਸ)

੭. ਸੋਦਰੁ ਰਹਰਾਸਿ ਸਾਹਿਬ ਦੀ ਸਮਾਪਤੀ ਉਪਰੰਤ

੮. ਆਰਤੀ (ਛੋਟੀ ਅਰਦਾਸ)

੯. ਸੁਖਆਸਨ ਸਮੇਂ

੧੦. ਚੰਦੋਆ ਸਾਹਿਬ ਬਦਲਣ ਉਪਰੰਤ ਸੁੱਕੀ ਸੇਵਾ ਦੀ ਸਮਾਪਤੀ ਸਮੇਂ

ਚੰਦੋਆ ਸਾਹਿਬ ਦੀ ਸੇਵਾ

ਮੌਸਮ ਅਨੁਸਾਰ ਸਮਾਪਤੀ ਉਪਰੰਤ ਰਾਤ ਨੂੰ ੧੦ ਜਾਂ ੧੧:੦੦ ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਚਲੀ ਜਾਂਦੀ ਹੈ ਤਾਂ ਦਰਸ਼ਨੀ ਡਿਓੜ੍ਹੀ ਦੇ ਕਿਵਾੜ ਬੰਦ ਹੋ ਜਾਂਦੇ ਹਨ। ਦੋਵੇਂ ਫਰਾਸ ਤੇ ਕੁਝ ਸਫਾਈ ਦੀ ਸੇਵਾ ਕਰਨ ਵਾਲੀ ਸੰਗਤ ਜਿਨ੍ਹਾਂ ਕੋਲ ਸੇਵਾ ਦੇ ਪਾਸ ਹੁੰਦੇ ਹਨ, ਅੰਦਰ ਰਹਿ ਜਾਂਦੇ ਹਨ। ਬਾਕੀ ਸਾਰੀ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਦੇ ਨਾਲ ਬਾਹਰ ਆ ਜਾਂਦੀ ਹੈ। ਫਰਾਸ ਜੀ ਦੀ ਨਿਗਰਾਨੀ ਵਿਚ ਸੰਗਤ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਦੀ ਵਿਛਾਈ ਦੀਆਂ ਚਾਦਰਾਂ, ਦਰੀਆਂ ਤੇ ਗਲੀਚੇ ਚੁੱਕ ਕੇ ਝਾੜ-ਝਾੜ ਕੇ ਤਹਿ ਲਗਾ ਕੇ ਇੱਕ ਪਾਸੇ ਰੱਖ ਦਿੰਦੀ ਹੈ। ਰੋਜ਼ਾਨਾ ਚੰਦੋਆ ਸਾਹਿਬ ਉਤਾਰ ਕੇ ਨਵਾਂ ਲਗਾਇਆ ਜਾਂਦਾ ਹੈ। ਇਸ ਚੰਦੋਆ ਸਾਹਿਬ ਦੇ ਸਾਹਮਣੇ ੧੧ ਸੋਨੇ ਦੇ ਛੱਬੇ ਲਟਕਾਏ ਜਾਂਦੇ ਹਨ। ਇੱਕ ਵੱਡਾ ਛੱਬਾ ਚੰਦੋਆ ਸਾਹਿਬ ਦੇ ਵਿਚਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉੱਪਰ ਲਗਾਇਆ ਜਾਂਦਾ ਹੈ। ਇਨ੍ਹਾਂ ਵਿੱਚੋਂ ਸਾਹਮਣੇ ਦੇ ਛੱਬਿਆਂ ਵਿਚਕਾਰਲਾ ਛੱਬਾ ਵਜ਼ਨੀ ਤੇ ਜ਼ਿਆਦਾ ਕੀਮਤੀ ਹੈ, ਬਾਕੀ ਛੱਬੇ ਵੀ ਨਿਰੋਲ ਸੋਨੇ ਦੇ ਹੀ ਹਨ। ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਜੰਗਲੇ, ਦੀਵਾਰਾਂ, ਫਰਸ਼ ਆਦਿ ਦੀ ਸਫਾਈ ਕੱਪੜੇ ਦਾ ਨਾਲ ਚੰਗੀ ਤਰ੍ਹਾਂ ਪ੍ਰੇਮ ਨਾਲ ਸਹਿਜੇ-ਸਹਿਜੇ ਕੀਤੀ ਜਾਂਦੀ ਹੈ। ਇਸ ਸੇਵਾ ਦੇ ਨਾਲ ਨਾਲ ਸੰਗਤ ਵਿਚ ਗੁਰਬਾਣੀ ਦੇ ਸ਼ਬਦ ਵੀ ਪੜ੍ਹੇ ਜਾਂਦੇ ਹਨ। ੧੧:੦੦ ਵਜੇ ਦੇ ਕਰੀਬ ਇਹ ਸੇਵਾ ਸਮਾਪਤ ਹੋ ਜਾਣ ਤੇ ਫਰਾਸ ਜੀ ਵੱਲੋਂ ਅਰਦਾਸ ਕਰ ਕੇ ਕੜਾਹ ਪ੍ਰਸਾਦ ਦੀ ਦੇਗ ਵਰਤਾਈ ਜਾਂਦੀ ਹੈ। ਫਰਾਸ ਜੀ ਵੱਲੋਂ ਚਾਰੇ ਕਿਵਾੜ ਬੰਦ ਕੀਤੇ ਜਾਂਦੇ ਹਨ ਅਤੇ ਸਾਰੀ ਸੰਗਤ ਬਾਹਰ ਆ ਜਾਂਦੀ ਹੈ, ਚੋਬਦਾਰ ਪੁਲ਼ ਉੱਪਰ ਡਿਊਟੀ ਵਾਲੇ ਸੇਵਾਦਾਰ ਨੂੰ ਆਪਣੀ ਡਿਊਟੀ 'ਤੇ ਖੜ੍ਹਾ ਕਰ ਕੇ ਅੰਦਰ ਪੜਤਾਲ ਕਰਨ ਜਾਂਦਾ ਹੈ ਜੋ ਫਰਾਸ ਜੀ ਅਤੇ ਅਖੰਡਪਾਠੀ ਸਿੰਘਾਂ ਤੋਂ ਬਿਨਾਂ ਹੋਰ ਕੋਈ ਸੰਗਤ ਅੰਦਰ ਹੋਵੇ ਤਾਂ ਉਸ ਨੂੰ ਬਾਹਰ ਕੈ ਕੇ ਆਉਂਦਾ ਹੈ।

**ਜਲੌਂ ਸਾਹਿਬ**

ਜਲੌਂ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਸਲ ਰੂਪ ਜਿਲਾਅ ਹੈ ਤੇ ਅਰਥ ਹੈ ਚਮਕ-ਦਮਕ ਅਤੇ ਜਿਸ ਦਾ ਭਾਵ ਹੈ ਸ਼ਾਨੋ-ਸ਼ੌਕਤ ਦਾ ਸਾਮਾਨ। ਪਰ ਇੱਥੇ ਅਰਥ ਹਨ, ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸਜਾਵਟ ਦਾ ਸਾਮਾਨ। ਸਾਲ ਵਿਚ ਛੇ ਗੁਰਪੁਰਬਾਂ ਸਮੇਂ ਸਵੇਰੇ ੦੯:੦੦ ਵਜੇ ਤੋਂ ਦੁਪਹਿਰ ੧੨:੦੦ ਵਜੇ ਤੀਕ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਜੀ 'ਤੇ ਜਲੌਂ ਸਜਾਏ ਜਾਂਦੇ ਹਨ। ਜਲੌਂ ਦਾ ਸਾਰਾ ਸਾਮਾਨ ਅੰਦਰ ਲਿਆ ਕੇ ਸਜਾਇਆ ਜਾਂਦਾ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਚਾਰੇ ਦਰਵਾਜ਼ਿਆਂ ਦੇ ਚਾਂਦੀ ਦੇ ਪੱਤਰਿਆਂ ਵਾਲੇ ਤਖ਼ਤੇ ਉਤਾਰ ਕੇ ਚਾਰੇ ਹੀ ਬੂਹਿਆਂ ਵਿਚ ਸੋਨੇ ਦੇ ਪੱਤਰਿਆਂ ਵਾਲੀਆਂ ਜੋੜੀਆਂ ਚੜ੍ਹਾਈਆਂ ਜਾਂਦੀਆਂ ਹਨ। ਛੇ ਗੁਰਪੁਰਬਾਂ ਸਮੇਂ ਛੇ

ਵਾਰ ਜਲੌ ਸਜਾਇਆ ਜਾਂਦਾ ਹੈ:-

੧.ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ
੨.ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਰਾਮਦਾਸ ਜੀ
੩.ਗੁਰਿਆਈ ਗੁਰਪੁਰਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ
੪.ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
੫.ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ
੬.ਪਹਿਲਾ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਜਲੌ ਸਜਾਉਣ ਸਮੇਂ ਵਰਤੋਂ ਵਿਚ ਲਿਆਂਦੇ ਜਾਣ ਵਾਲੇ ਸਾਮਾਨ ਦਾ ਵੇਰਵਾ ਤੇ ਕੁਝ ਕੁ ਬਹੁਮੁੱਲੀਆਂ ਵਸਤਾਂ ਦੇ ਇਤਿਹਾਸਿਕ ਪਿਛੋਕੜ ਦਾ ਵੀ ਵਰਣਨ ਹੇਠ ਲਿਖੇ ਅਨੁਸਾਰ ਹੈ:-

**੧. ਜੜਾਊ ਸਿਹਰਾ:-** ਇਹ ਬਹੁਤ ਹੀ ਕੀਮਤੀ ਸੁੱਚੇ ਮੋਤੀਆਂ ਦਾ ਜੜਾਊ ਸਿਹਰਾ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਪੁੱਤਰ ਸ਼ਹਿਜਾਦਾ ਸ਼ੇਰ ਸਿੰਘ ਦੇ ਵਿਆਹ ਸਮੇਂ ਇੱਕ ਲੱਖ, ਬੱਤੀ ਹਜ਼ਾਰ, ਚਾਰ ਸੌ ਰੁਪਏ ਦਾ ਬਣਵਾਇਆ ਸੀ। ਇਸ ਸਿਹਰੇ ਦੀਆਂ ਮੋਤੀਆਂ ਦੀਆਂ ਪੈਂਤੀ ਲੜੀਆਂ ਹਨ। ਸ਼ਹਿਜ਼ਾਦਾ ਸ਼ੇਰ ਸਿੰਘ ਨੇ ਸਿਹਰਾ ਦੇਖ ਕੇ ਕਿਹਾ ਕਿ ਇਹ ਬਹੁਮੁੱਲੀ ਵਸਤੂ ਕੇਵਲ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ ਵਿਚ ਹੀ ਸ਼ੋਭਾ ਦੇ ਸਕਦੀ ਹੈ ਅਤੇ ਸ਼ਹਿਜ਼ਾਦਾ ਸ਼ੇਰ ਸਿੰਘ ਆਪ ਆ ਕੇ ਇਹ ਸਿਹਰਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਭੇਟ ਕਰ ਕੇ ਗਿਆ।

**੨. ਜੜਾਊ ਛਤਰ:-** ਛਤਰ ਦੀ ਮੋਤੀਆਂ ਦੀ ਮਾਲਾ ਤੇ ਝਾਲਰ ਬਹੁਤ ਹੀ ਸੁੰਦਰ ਹੈ। ਇਹ ਛਤਰ ਲਗਪਗ ਦਸ ਸੇਰ ਕੱਚੇ ਦਾ ਬਣਿਆ ਹੋਇਆ ਹੈ। ਜਿਸ ਵਿਚ ਅਲਮਾਸ ਦੇ ਹੀਰੇ, ਮੋਤੀ, ਮਾਣਕ, ਲਾਲੜੀਆਂ ਤੇ ਚੂੰਨੀਆਂ ਜੜੀਆਂ ਹੋਈਆਂ ਹਨ। ਉਸ ਸਮੇਂ ਇਸ ਦੀ ਕੀਮਤ ਡੇਢ ਲੱਖ ਦੇ ਕਰੀਬ ਮੰਨੀ ਗਈ ਹੈ।

**੩. ਜੜਾਊ ਮੋਰ:-** ਉਪਰੋਕਤ ਛਤਰ ਦੇ ਐਨ ਵਿਚਕਾਰ ਇਕ ਜੜਾਊ ਸੁਨਹਿਰੀ ਮੋਰ ਹੈ। ਜਿਸ ਦੀ ਗਰਦਨ ਵਧੀਆ ਨੀਲਮ ਦੀ ਬਣੀ ਹੋਈ ਹੈ। ਜੌਹਰੀਆਂ ਦਾ ਵਿਚਾਰ ਹੈ ਕਿ ਏਡਨਾ ਵੱਡਾ ਨੀਲਮ ਅੱਜ-ਕੱਲ੍ਹ ਨਹੀਂ ਮਿਲਦਾ, ਜਿਸ ਵਿੱਚੋਂ ਤਰਾਸ਼ ਕੇ ਇਹ ਮੋਰ ਦੀ ਗਰਦਨ ਬਣਾਈ ਹੋਈ ਹੈ। ਚੁੰਝ ਵਿਚ ਇੱਕ ਮੋਤੀਆਂ ਦੀ ਮਾਲਾ ਪਕੜੀ ਹੋਈ ਹੈ।

**੪. ਥੰਮ੍ਹੇ ਸੁਨਰਿਰੀ (ਦੋ ਨਗ)**
**੫. ਕਮਾਨੀਆਂ ਸੁਨਹਿਰੀ (ਦੋ ਨਗ)**
**੬. ਮੋਰ ਸੋਨੇ ਦੇ (ਚਾਰ ਨਗ)**
**੭. ਖੰਡੇ ਤੇ ਚਕਰੀਆਂ ਸੋਨਾ (ਦੋ ਨਗ)**
**੮. ਛੱਬੇ ਮਕੈਸ਼ੀ (ਦਸ ਨਗ)**

**੯. ਛੱਬੇ ਲੜੀਆਂ ਮੋਤੀਆਂ (ਨੌਂ ਨਗ)**

**੧੦. ਇਤਿਹਾਸਿਕ ਕਿਰਪਾਨ:-** ਸੁਨਹਿਰੀ ਮੁੱਠ ਤੇ ਠੋਕਰ ਵਾਲੀ ਇਹ ਕਿਰਪਾਨ ਮਹਾਰਾਜਾ ਰਣਜੀਤ ਸਿੰਘ ਦੀ ਹੈ। ਮੁੱਠ ਉੱਪਰ ਸੁੰਦਰ ਸੋਨੇ ਦਾ ਕੰਮ ਕੀਤਾ ਹੋਇਆ ਹੈ ਤੇ ਵਿੱਚ ਹੀਰੇ ਜੜੇ ਹੋਏ ਹਨ।

**੧੧. ਸੋਨੇ ਦੀਆਂ ਕਹੀਆਂ:-** ਇਹ ਗਿਣਤੀ ਵਿਚ ਇਸ ਵਕਤ ਛੇ ਹਨ। ਇਨ੍ਹਾਂ ਵਿੱਚੋਂ ਪੰਜ ਕਹੀਆਂ ੧੯੨੩ ਈ. ਦੀ ਕਾਰ-ਸੇਵਾ ਸਮੇਂ ਤਿਆਰ ਕੀਤੀਆਂ ਗਈਆਂ ਸਨ ਜਿਨ੍ਹਾਂ ਨਾਲ ਪੰਜ ਪਿਆਰਿਆਂ ਨੇ ਪਹਿਲੇ ਪੰਜ ਬਾਟੇ ਗਾਰ ਭਰ ਕੇ ਆਪਣੇ ਸਿਰਾਂ ਤੇ ਚੁੱਕ ਕੇ ਬਾਹਰ ਸੁੱਟੇ ਸਨ। ਇਕ ਕਹੀ ੧੯੭੩ ਈ. ਨੂੰ ਹੋਈ ਕਾਰ-ਸੇਵਾ ਸਮੇਂ ਪੰਜਾਬ ਐਂਡ ਸਿੰਧ ਬੈਂਕ ਵੱਲੋਂ ਭੇਟ ਕੀਤੀ ਗਈ ਸੀ। ਇਨ੍ਹਾਂ ਕਹੀਆਂ ਦੇ ਫਲ੍ਹ ਸੋਨੇ ਦੇ ਤੇ ਦਸਤੇ ਚਾਂਦੀ ਦੇ ਹਨ।

**੧੨. ਚਾਂਦੀ ਦੇ ਬਾਟੇ:-** ਇਹ ਇਸ ਸਮੇਂ ਗਿਣਤੀ ਵਿਚ ਸੋਲ੍ਹਾਂ ਹਨ।

**੧੩. ਸੁਨਹਿਰੀ ਜੋੜੀਆਂ:-** ਇਹ ਸੁਨਹਿਰੀ ਪੱਤਰਿਆਂ ਵਾਲੀਆਂ ਚਿੱਤ੍ਰਕਾਰੀ ਸਹਿਤ ਚਾਰ ਜੋੜੀਆਂ ਭਾਵ ਅੱਠ ਤਖਤੇ ਹਨ। ਇਹ ਦਰਵਾਜ਼ੇ ਜਲੌ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੇ ਚੌਹਾਂ ਬੂਹਿਆਂ ਵਿਚ ਚੜ੍ਹਾਈਆਂ ਜਾਂਦੀਆਂ ਹਨ।

**੧੪. ਚੰਦਨ ਦਾ ਚੌਰ:-** ਹਾਜੀ ਮੁਹੰਮਦ ਮਸਕੀਨ ਨੇ ੦੯ ਮਣ ੧੪ ਸੇਰ ਚੰਦਨ ਵਿੱਚੋਂ ਵਾਲ ਵਰਗੀਆਂ ਬਰੀਕ ੦੧ ਲੱਖ ੪੫ ਹਜ਼ਾਰ ਤਾਰਾਂ ਆਪਣੇ ਹੱਥੀਂ ਤਿਆਰ ਕਰ ਕੇ ਪੰਜ ਸਾਲ ਸੱਤ ਮਹੀਨਿਆਂ ਵਿਚ ਇਹ ਚੰਦਨ ਦਾ ਚੌਰ ਖੁਦ ਬਣਾਇਆ ਸੀ। ਚੌਰ ਭੇਟਾ ਕਰਨ ਸਮੇਂ ਉਸ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਬੜਾ ਭਾਰੀ ਦੀਵਾਨ ਸਜਿਆ। ਸੰਗਤ ਦੇ ਭਾਰੀ ਇਕੱਠ ਨੂੰ ਇਸ ਚੌਰ ਸਾਹਿਬ ਦੇ ਦਰਸ਼ਨ ਕਰਵਾਏ ਗਏ ਅਤੇ ਫਕੀਰ ਜੀ ਨੂੰ ਸ੍ਰੀ ਦਰਬਾਰ ਸਾਹਿਬ ਵੱਲੋਂ ੧੦੧ ਮੋਹਰਾਂ (ਪੌਂਡ), ੧੬੦/-ਰੁਪਏ ਦੇ ਮੁੱਲ ਦਾ ਗਰਮ ਧੁੱਸਾ (ਦੋ ਤਹਿ ਦਾ ਊਨੀ ਵਸਤਰ) ਇਕ ਬਨਾਰਸੀ ਰੇਸ਼ਮੀ ਦੁਪੱਟਾ ਤੇ ਇੱਕ ਖੱਦਰ ਦਾ ਪੀਲਾ ਪਰਨਾ ਸਿਰੋਪਾਓ ਵੱਜੋਂ ਬਖਸ਼ੇ ਗਏ। ਇਸ ਚੌਰ ਸਾਹਿਬ ਦੀ ਮੁੱਠ ਚਾਂਦੀ ਦੀ ਹੈ।

**੧੫. ਹਾਰ ਸੋਨਾ ਪੌਂਡਾਂ ਵਾਲਾ**

**੧੬. ਹਾਰ ਸੋਨਾ**

**੧੭. ਹਾਰ ਸੋਨਾ, ਫੋਟੋ ਗੁਰੂ ਨਾਨਕ ਦੇਵ ਜੀ**

**੧੮. ਖੰਡਾ ਲੋਹਾ**

**੧੯. ਫੂਲਦਾਨ ਸੋਨੇ ਦੇ (ਦੋ ਨਗ)**

**੨੦. ਮੁੰਦਰੀ ਨੀਲਮ**

**੨੧. ਮਾਲਾ ਸੁੱਚੇ ਮੋਤੀਆਂ ਦੀ**

**੨੨. ਆਸੇ ਸੋਨੇ ਦੇ (ਦੋ ਨਗ)**

**੨੩. ਝਾਲਰ ਤਿੱਲਾ (ਇੱਕ ਨਗ)**
**੨੪. ਸੁਨਹਿਰੀ ਖੰਡਾ ਚਕਰੀ, ਸਟੈਂਡ ਚਾਂਦੀ ਵੱਡਾ**
**੨੫. ਗੁਲੂਬੰਦ**
**੨੬. ਹਾਰ ਸੋਨਾ**
**੨੭. ਹਾਰ ਸੋਨਾ**
**੨੮. ਚੌਰ ਡੰਡੀ ਸੋਨਾ**
**੨੯. ਚੋਰ ਡੰਡੀ ਚਾਂਦੀ**
**੩੦. ਕਹੀਆਂ ਚਾਂਦੀ ਤੇ ਦਸਤੇ ਵੀ ਚਾਂਦੀ**
**੩੧. ਖੰਡਾ ਚਕਰੀ ਚਾਂਦੀ ਛੋਟਾ**
**੩੨. ਛੱਬਾ ਸੋਨਾ**
**੩੩. ਕਿਰਪਾਨ ਛੋਟੀ ਨੌਂ ਇੰਚੀ (ਇੱਕ ਨਗ)**
**੩੪. ਦੌਣੀ (ਟਿੱਕਾ) ਟੁੱਟੀ ਹੋਏ ਸੋਨੇ ਦੀ**
**੩੫. ਬਾਜੂ-ਬੰਦ ਸੋਨਾ (ਇੱਕ ਨਗ)**
**੩੬. ਸਿੱਕਾ ਸੋਨਾ ਕੈਨੇਡਾ (ਇੱਕ ਨਗ)**
**੩੭. ਡੰਡੀ ਸੋਨਾ (ਸੋਟੀ ਬਾਂਸ) ਇੱਕ ਨਗ**
**੩੮. ਆਸੇ ਸੋਨਾ ਸੋਟੀਆਂ ਬਾਂਸ (ਦੋ ਨਗ)**
**੩੯. ਮੰਜੀ ਸਾਹਿਬ, ਪਾਵੇ ਸੋਨਾ, ਕੀਮਤੀ ਪੱਥਰ ਜੜਤ (ਇੱਕ ਨਗ)**
**੪੦. ਕਿਰਪਾਨ (ਇੱਕ ਨਗ)**
**੪੧. ਸ਼ਹੀਦੀ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਸ੍ਰੀ ਨਨਕਾਣਾ ਸਾਹਿਬ ਵਾਲੀ)**
**੪੨. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੱਥ ਲਿਖਤ ਬੀੜ ਸੁਨਹਿਰੀ ਜਿਲਦ ਵਾਲੀ।**

**ਵੇਰਵਾ ਸਾਮਾਨ ਜਲੌ ਸ੍ਰੀ ਅਕਾਲ ਤਖ਼ਤ ਸਾਹਿਬ ਜੀ**

**੧.** ਛਤਰ ਸੁਨਹਿਰੀ ਸਮੇਤ ਕਲਗਤ (ਇੱਕ ਨਗ), **੨.** ਥੰਮ੍ਹੇ ਸੁਨਹਿਰੀ (ਦੋ ਨਗ), **੩.** ਕਮਾਨੀਆਂ ਸੁਨਹਿਰੀ (ਦੋ ਨਗ), **੪.** ਚੌਰ ਚੰਦਨ (ਇੱਕ ਨਗ), **੫.** ਛੱਬਾ ਸੋਨਾ ੧ੴ ਵਾਲਾ (ਇੱਕ ਨਗ), **੬.** ਛੱਬੇ ਸੋਨਾ (ਦੋ ਨਗ), **੭.** ਛੱਬੇ ਮਕੈਸ਼ੀ (ਇੱਕੀ ਨਗ), **੮.** ਝਾਲਰ ਤਿੱਲਾ (ਇੱਕ ਨਗ), **੯.** ਮਾਲਾ ਸੋਨਾ (ਚੈਨੀ) ਟਾਂਕਾ ਟੁੱਟਾ (ਇੱਕ ਨਗ)।

**ਵੇਰਵਾ ਸਾਮਾਨ ਜਲੌ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਜੀ**

**੧.** ਛਤਰ ਸੋਨਾ ਸਮੇਤ ਕਲਗਾ (ਇੱਕ ਨਗ), **੨.** ਕਮਾਨੀ ਸੁਨਹਿਰੀ (ਇੱਕ ਨਗ), **੩.** ਛੱਬੇ ਸੋਨਾ ਮਕੈਸ਼ੀ (ਨੌਂ ਨਗ), **੪.** ਦੌਣੀ ਸੋਨਾ (ਇੱਕ ਨਗ), **੫.** ਸਿਹਰਾ ਮੋਤੀਆਂ (ਲੜੀਆਂ ੭੪) (ਇੱਕ ਨਗ), **੬.** ਛੱਬਾ ਸੋਨਾ (ਇੱਕ ਨਗ) ■

# ਭਾਈ ਮਨੀ ਸਿੰਘ ਜੀ ਦੀ ਸ਼ਹਾਦਤ: ਇਕ ਅਧਿਐਨ

*-ਭਾਈ ਬਲਵਿੰਦਰ ਸਿੰਘ ਲੌਂਗੋਵਾਲ**

ਸ਼ਹੀਦ ਕੌਮ ਦਾ ਥੰਮ੍ਹ ਹੁੰਦੇ ਹਨ ਜਿਨ੍ਹਾਂ ਉਪਰ ਕੌਮ ਰੂਪੀ ਮਹਿਲ ਨੇ ਸਦੀਵੀ ਰੂਪ ਵਿਚ ਖੜ੍ਹੇ ਰਹਿਣਾ ਹੁੰਦਾ ਹੈ। ਸਿੱਖ ਕੌਮ ਦਾ ਇਤਿਹਾਸ ਸ਼ਹੀਦਾਂ ਦਾ ਇਤਿਹਾਸ ਹੈ। ਇਨ੍ਹਾਂ ਸ਼ਹੀਦਾਂ ਵਿਚ ਭਾਈ ਮਨੀ ਸਿੰਘ ਇਕ ਵਿਸ਼ੇਸ਼ ਰੁਤਬਾ ਰਖਦੇ ਹਨ। ਉਨ੍ਹਾਂ ਨੂੰ ਸਿੱਖ ਪਰੰਪਰਾ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੇ ਲਿਖਾਰੀ, ਵਿਦਵਾਨ ਅਤੇ ਪੰਥ ਵਿਚਲੇ ਝਗੜਿਆਂ ਦੇ ਨਿਪਟਾਰਾ-ਕਰਤਾ ਵਜੋਂ ਪ੍ਰਵਾਨਿਆ ਹੈ। ਪਰ ਵਿਸ਼ੇਸ਼ ਰੂਪ ਵਿਚ ਉਨ੍ਹਾਂ ਦਾ ਸਤਿਕਾਰ ਬਜ਼ੁਰਗ ਅਵਸਥਾ ਵਿਚ ਬੰਦ-ਬੰਦ ਕਟਵਾ ਕੇ ਸ਼ਹੀਦੀ ਪ੍ਰਾਪਤ ਕਰਨ ਵਾਲੇ ਜੋਧੇ ਵਜੋਂ ਵੀ ਹੈ।

ਹਥਲਾ ਲੇਖ ਸਿਰਫ ਗਿ. ਗਿਆਨ ਸਿੰਘ ਜੀ ਦੀਆਂ ਲਿਖਤਾਂ 'ਤੇ ਆਧਾਰਿਤ ਹੈ।

ਗਿਆਨੀ ਗਿਆਨ ਸਿੰਘ ਜੀ ਦਾ ਜਨਮ, ਮਾਲਵੇ ਦੇ ਇੱਕ ਮਸ਼ਹੂਰ ਅਤੇ ਬਹੁਤ ਵੱਡੀ ਆਬਾਦੀ ਵਾਲੇ ਪਿੰਡ ਲੌਂਗੋਵਾਲ ਵਿਖੇ ੫ ਵੈਸਾਖ, ਸੰਮਤ ੧੮੭੯ ਬਿ. ਵੈਸਾਖ ਸੁਦੀ ਤੀਜ ਮੁਤਾਬਕ ੧੮ ਅਪ੍ਰੈਲ, ੧੮੨੨ ਈ. ਵਿਚ ਹੋਇਆ ਸੀ। ਉਨ੍ਹਾਂ ਦੇ ਪਿਤਾ ਜੀ ਦਾ ਨਾਂ ਸ. ਭਾਗ ਸਿੰਘ ਅਤੇ ਉਨ੍ਹਾਂ ਦੀ ਮਾਤਾ ਜੀ ਦਾ ਨਾਂ ਮਾਈ ਦੇਸਾਂ ਸੀ। ਪਿੰਡ ਲੌਂਗੋਵਾਲ ਵਰਤਮਾਨ ਪੰਜਾਬ ਦੇ ਜ਼ਿਲ੍ਹਾ ਸੰਗਰੂਰ, ਥਾਣਾ ਲੌਂਗੋਵਾਲ ਵਿਚ ਸਥਿਤ ਹੈ। ਇਹ ਮਾਲਵੇ ਦਾ ਬਹੁਤ ਮਸ਼ਹੂਰ ਪਿੰਡ ਹੈ।

ਗਿਆਨੀ ਗਿਆਨ ਸਿੰਘ ਜੀ ਪ੍ਰਸਿੱਧ ਨਿਰਮਲੇ ਵਿਦਵਾਨ ਪੰਡਿਤ ਤਾਰਾ ਸਿੰਘ ਦੇ ਵਿਦਿਆਰਥੀ ਸਨ। ਆਪ ਜੀ ਨੇ ਪੰਡਿਤ ਜੀ ਦੇ ਸੰਪਰਕ ਵਿਚ ਮਿਲੀ ਪ੍ਰੇਰਨਾ ਸਦਕਾ ਇਤਿਹਾਸ ਲਿਖਣਾ ਅਰੰਭ ਕੀਤਾ। ਆਪ ਜੀ ਦਾ ਅਧਿਐਨ ਇੰਨਾ ਵਿਸ਼ਾਲ ਹੈ ਕਿ ਉਨ੍ਹਾਂ ਨੇ ਸਿੱਖ ਇਤਿਹਾਸ ਬਾਰੇ ਕੋਈ ਦੋ ਦਰਜਨ ਦੇ ਕਰੀਬ ਮਹੱਤਵਪੂਰਨ ਲਿਖਤਾਂ ਲਿਖੀਆਂ। ਉਨ੍ਹਾਂ ਦੀਆਂ ਸਭ ਤੋਂ ਮਹੱਤਵਪੂਰਨ ਅਤੇ ਸ਼ਾਹਕਾਰ ਲਿਖਤਾਂ 'ਸ੍ਰੀ ਗੁਰੁ ਪੰਥ ਪ੍ਰਕਾਸ਼' ਅਤੇ 'ਤਵਾਰੀਖ ਗੁਰੂ ਖਾਲਸਾ' ਦੇ ਰੂਪ ਵਿਚ ਸਾਹਮਣੇ ਆਈਆਂ। 'ਸ੍ਰੀ ਗੁਰੁ ਪੰਥ ਪ੍ਰਕਾਸ' ਕਾਵਿਮਈ ਸ਼ੈਲੀ ਵਿਚ ਲਿਖਿਆ ਗਿਆ ਸਿੱਖ ਧਰਮ ਅਤੇ ਇਤਿਹਾਸ ਦਾ ਮਹਾਨ ਗ੍ਰੰਥ ਹੈ, ਜਦੋਂ ਕਿ 'ਤਵਾਰੀਖ ਗੁਰੂ ਖਾਲਸਾ' ਦੇ ਪੰਜ ਭਾਗਾਂ ਵਿਚ ਇਸੇ ਹੀ ਸੰਪੂਰਨ ਸਿੱਖ ਇਤਿਹਾਸ ਨੂੰ ਮਾਲਵੇ ਦੀ ਠੇਠ ਪੰਜਾਬੀ ਵਾਰਤਕ ਵਿਚ ਲਿਖਿਆ ਗਿਆ ਹੈ। ਇਹ ਲਿਖਤਾਂ ਗਿਆਨੀ ਜੀ ਦੀ

** ਪ੍ਰਚਾਰਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਮੋ. ੯੪੬੩੮੩੪੪੮੯*

ਪ੍ਰੌੜ੍ਹ ਉਮਰ ਵਿਚ ਲਿਖੀਆਂ ਹੋਣ ਕਰਕੇ ਸਿੱਖ ਸਰੋਤਾਂ ਵਿਚ ਮੀਲ-ਪੱਥਰ ਸਾਬਤ ਹੋਈਆਂ। ਇਨ੍ਹਾਂ ਲਿਖਤਾਂ ਦੀ ਰਚਨਾ ਸਮੇਂ ਭਾਵ ੧੮੮੦ ਈ. ਤੋਂ ਲੈ ਕੇ ੧੮੯੬ ਈ. ਤਕ ਦੇ ਅਰਸੇ ਦੌਰਾਨ ਗਿਆਨੀ ਜੀ ਦੀ ਉਮਰ ੫੮ ਤੋਂ ਲੈ ਕੇ ੭੪ ਸਾਲਾਂ ਦੀ ਸੀ।

੧੧੯੨ ਈ. ਨੂੰ ਤਰੈਣ ਦੀ ਲੜਾਈ ਵਿਚ ਪ੍ਰਿਥਵੀ ਰਾਜ ਚੌਹਾਨ ਮੁਹੰਮਦ ਗੋਰੀ ਤੋਂ ਹਾਰ ਗਿਆ ਅਤੇ ਉਸ ਨੂੰ ਗ੍ਰਿਫਤਾਰ ਕਰ ਲਿਆ। ਰਾਏਬੀਰ ਤੁਰਕਾਂ ਦੇ ਹੱਥ ਨਹੀਂ ਆਇਆ। ਉਹ ਪੰਜਾਬ ਵਿਚ ਸੁਨਾਮ ਆ ਗਿਆ।

ਗਿਆਨੀ ਜੀ ਨੇ ਰਾਏਬੀਰਾ ਦੁੱਲਟ ਦੀ ਸੰਤਾਨ ਬਾਰੇ ਲਿਖਿਆ ਹੈ ਕਿ ਉਸ ਦੇ ਸੱਤ ਪੁੱਤਰ ਸਨ। ਇਨ੍ਹਾਂ ਦੇ ਨਾਮ ਸਾਰ, ਧਾਰ, ਕੈਂਬੋ, ਬਨ, ਲੌਂਗੋ, ਰਾਜਾਣੀ ਅਤੇ ਬਡਿਆਣੀ ਸਨ। ਗਿ. ਗਿਆਨ ਸਿੰਘ ਜੀ ਅਨੁਸਾਰ:

*ਸਾਤ ਪੂਤ ਦੁੱਲਟ ਕੇ ਥੀਏ, ਸਾਰ ਧਾਰ ਕੈਂਬੋ ਬਨ ਲੀਏ।*
*ਲੌਂਗੋ ਰਾਜਰਾਣੀ ਬਡਿਆਣੀ। ਰਾਇ ਨਾਮ ਪ੍ਰਗਟੇ ਬੜ ਜਾਣੀ।*
*ਪੁੱਤਰ ਪ੍ਰੋਤ ਉਨੇ ਅਪਾਰੇ। ਜੱਟਨ ਕੇ ਘਰ ਬਿਯਾਹੇ ਸਾਰੇ।*
*ਉਨਕਿ ਸੰਤਤਿ ਜੋ ਬਹੋ ਹੋਈ। ਦੁੱਲਟ ਗੋਤ੍ਰ ਪ੍ਰਗਟੇ ਸੋਈ।*[1]

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਤਕ ਦੁੱਲਟ ਗੋਤ ਦੇ ਇਹ ਲੋਕ ਕੈਂਬੋਵਾਲ ਨਾਮੀ ਪਿੰਡ ਵਿਖੇ ਰਹਿੰਦੇ ਰਹੇ। ਜਦੋਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮਾਲਵੇ ਦੇ ਪਿੰਡ ਮਹਿਰਾਜ ਵਿਖੇ ਸ਼ਾਹਜਹਾਂ ਦੀ ਫੌਜ ਨਾਲ ਜੰਗ ਲੜੀ ਤਾਂ ਇਨ੍ਹਾਂ ਵਿੱਚੋਂ ਭਾਈ ਚੂਹੜ ਦੁੱਲਟ ਅਤੇ ਭਾਈ ਭੱਲਣ ਦੁੱਲਟ ਨੇ ਆਪਣੇ ਕੁਝ ਸਾਥੀਆਂ ਸਮੇਤ ਇਸ ਜੰਗ ਵਿਚ ਗੁਰੂ ਸਾਹਿਬ ਦਾ ਸਾਥ ਦਿੱਤਾ। ਜੰਗ ਦੀ ਸਮਾਪਤੀ ਤੋਂ ਬਾਅਦ ਗੁਰੂ ਸਾਹਿਬ ਕੀਰਤਪੁਰ ਸਾਹਿਬ ਚਲੇ ਗਏ। ਉਨ੍ਹਾਂ ਦੇ ਨਾਲ ਹੀ ਭਾਈ ਚੂਹੜ ਜੀ ਵੀ ਕਈ ਸਾਥੀਆਂ ਸਮੇਤ ਗਏ। ਗੁਰੂ ਸਾਹਿਬ ਨੇ ਭਾਈ ਚੂਹੜ ਨੂੰ ਸੌ ਘੋੜਸਵਾਰਾਂ ਦਾ ਤਾਬਿਆਦਾਰ ਥਾਪ ਦਿੱਤਾ। ਇਕ ਵਾਰ ਗੁਰੂ ਸਾਹਿਬ ਨੇ ਭਾਈ ਚੂਹੜ ਨੂੰ ਹੁਕਮ ਦਿੱਤਾ ਕਿ ਸਿੱਖਾਂ ਨੂੰ ਕਹੋ ਕਿ ਕੰਧ ਬਣਾਉਣ ਲਈ ਨਦੀ ਵਿੱਚੋਂ ਪੱਥਰ ਲਿਆ ਕੇ ਜਮ੍ਹਾਂ ਕਰਨ। ਉਹ ਆਪ ਹੀ ਇਹ ਕੰਮ ਜਾ ਲੱਗਾ। ਪੰਜ ਦਿਨਾਂ ਪਿੱਛੋਂ ਗੁਰੂ ਸਾਹਿਬ ਨੇ ਉਸ ਨੂੰ ਯਾਦ ਕੀਤਾ, ਤਾਂ ਕਿਸੇ ਸਿੱਖ ਨੇ ਦੱਸਿਆ ਕਿ ਪਿਛਲੇ ਪੰਜ ਦਿਨਾਂ ਤੋਂ ਉਹ ਬਿਨਾਂ ਆਰਾਮ ਕੀਤੇ ਨਦੀ ਵਿੱਚੋਂ ਪੱਥਰ ਲਿਆ ਕੇ ਢੇਰ ਲਗਾ ਰਿਹਾ ਹੈ। ਗੁਰੂ ਸਾਹਿਬ ਨੇ ਪਹੁੰਚ ਕੇ ਉਸ ਦੀ ਹਾਲਤ ਦੇਖੀ ਤਾਂ ਉਸ ਦੇ ਹੱਥਾਂ-ਪੈਰਾਂ ਅਤੇ ਗੋਡੇ-ਮੋਢੇ ਆਦਿ ਕਈ ਥਾਵਾਂ ਤੋਂ ਲਹੂ ਵਗ ਰਿਹਾ ਸੀ। ਗੁਰੂ ਸਾਹਿਬ ਨੇ ਕਿਹਾ ਕਿ ਅਸੀਂ ਤੈਨੂੰ ਇਹ ਕਾਰਜ ਸਿੱਖਾਂ ਤੋਂ ਕਰਵਾਉਣ ਲਈ ਕਿਹਾ ਸੀ। ਉਸ ਨੇ ਬੇਨਤੀ ਕੀਤੀ ਸੱਚੇ ਪਾਤਸ਼ਾਹ ਮੈਂ ਵੀ ਤਾਂ ਆਪ ਜੀ ਦਾ ਸਿੱਖ ਹੀ ਹਾਂ। ਉਸ ਦਾ ਇਸ ਤਰ੍ਹਾਂ ਦਾ ਭਰੋਸਾ ਦੇਖ ਕੇ ਗੁਰੂ ਸਾਹਿਬ ਨੇ ਉਸ ਨੂੰ ਨਿਹਾਲ ਹੋਣ ਦਾ ਅਸੀਸ ਦਿੱਤੀ ਅਤੇ

ਉਸ ਦੀਆਂ ਸੱਤ ਪੀੜ੍ਹੀਆਂ ਨੂੰ ਸਿੱਖੀ ਬਖਸ਼ੀ।

ਭਾਈ ਚੂਹੜ ਦੇ ਪੁੱਤਰ ਦਾ ਨਾਮ ਭਾਈ ਕਾਲ੍ਹਾ ਸੀ। ਇਸ ਦੇ ਦੋ ਪੁੱਤਰ, ਭਾਈ ਨਗਾਹੀਆ ਜੀ ਤੇ ਭਾਈ ਮਨੀਆ ਜੀ (ਭਾਈ ਮਨੀ ਸਿੰਘ) ਹੋਏ। ਗਿਆਨੀ ਗਿਆਨ ਸਿੰਘ ਅਨੁਸਾਰ ਭਾਈ ਮਨੀਆ ਜੀ ਦਾ ਜਨਮ ੬ ਫਰਵਰੀ, ੧੬੬੪ ਈ. ਨੂੰ ਮਾਤਾ ਦਇਆ ਕੌਰ ਦੀ ਕੁੱਖੋਂ ਹੋਇਆ। (ਕੁਝ ਸ੍ਰੋਤਾਂ ਮੁਤਾਬਕ ਜਨਮ ੧੦ ਮਾਰਚ, ੧੬੪੪ ਈ. ਹੈ ਅਤੇ ਪਿਤਾ ਦਾ ਨਾਮ ਭਾਈ ਮਾਈ ਦਾਸ ਅਤੇ ਮਾਤਾ ਮਧਰੀ ਬਾਈ ਜਨਮ-ਸਥਾਨ ਪਿੰਡ ਅਲੀਪੁਰ, ਮੁਜੱਫਰਗੜ, ਪਾਕਿਸਤਾਨ ਦਾ ਹੈ) ਆਪ ਜੀ ਦੇ ਨਾਨਕੇ ਪਿੰਡ ਅਕੋਈ ਸਾਹਿਬ (ਸੰਗਰੂਰ) ਵਿਖੇ ਸਨ। ਭਾਈ ਸਾਹਿਬ ਨੇ ਵਿਆਹ ਨਹੀਂ ਕਰਵਾਇਆ। ਹਾਲਾਂਕਿ ਆਪ ਜੀ ਦੇ ਭਰਾ ਭਾਈ ਨਗਾਹੀਆ ਜੀ ਦੇ ਸੱਤ ਪੁੱਤਰ ਅੱਘੜ ਸਿੰਘ, ਥਰਾਜ ਸਿੰਘ, ਦਰਗਾਹਾ ਸਿੰਘ, ਰੁੱਘਾ ਸਿੰਘ, ਮਰਾਝ ਸਿੰਘ, ਸੁਜਾਨਾ ਸਿੰਘ ਅਤੇ ਬਖਤਾ ਸਿੰਘ ਹੋਏ।[੨]

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਗੋਬਿੰਦ ਰਾਇ ਜੀ ਨੇ ਗੁਰਿਆਈ ਧਾਰਨ ਕੀਤੀ। ਇਸ ਤੋਂ ਬਾਅਦ ੧੬੯੯ ਈ. ਦੀ ਵੈਸਾਖੀ ਨੂੰ ਗੁਰੂ ਸਾਹਿਬ ਨੇ 'ਖਾਲਸਾ ਪੰਥ ਦੀ ਸਿਰਜਣਾ' ਕੀਤੀ। ਜਿੱਥੇ ਗੁਰੂ ਸਾਹਿਬ ਆਪ ਗੋਬਿੰਦ ਰਾਇ ਤੋਂ ਗੁਰੂ ਗੋਬਿੰਦ ਸਿੰਘ ਬਣੇ, ਉੱਥੇ ਭਾਈ ਮਨੀਆ ਜੀ ਵੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਮਨੀ ਸਿੰਘ ਬਣ ਗਏ। ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਵੇਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਦੀ ਡਿਊਟੀ ਮਾਤਾਵਾਂ ਨਾਲ ਦਿੱਲੀ ਵੱਲ ਜਾਣ ਲਈ ਲਗਾ ਦਿੱਤੀ। ਦਸੰਬਰ ੧੭੦੪ ਈ. ਨੂੰ ਭਾਈ ਮਨੀ ਸਿੰਘ ਜੀ ਮਾਤਾਵਾਂ ਨੂੰ ਸੁਰੱਖਿਅਤ ਦਿੱਲੀ ਵਿਖੇ ਲੈ ਕੇ ਗਏ।

ਸੋਢੀ ਹਰਿ ਜੀ ਦੇ ਦੇਹਾਂਤ ਤੋਂ ਬਾਅਦ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦਾ ਸਾਰਾ ਪ੍ਰਬੰਧ ਭਾਈ ਮਨੀ ਸਿੰਘ ਜੀ ਨੇ ਸੰਭਾਲ ਲਿਆ ਅਤੇ ਸਿੱਖੀ ਸਿਧਾਂਤ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਆਪ ਜੀ ਗੁਰਮਤਿ ਦੇ ਪ੍ਰਸਿੱਧ ਵਿਦਵਾਨ ਅਤੇ ਵਿਆਖਿਆਕਾਰ ਸਨ। ਪੰਥ ਪ੍ਰਸਿੱਧ ਗੁਰਮਤਿ ਦੀ ਟਕਸਾਲ ਜਿਸ ਨੂੰ 'ਸੰਪਰਦਾਈ ਟਕਸਾਲ' ਕਿਹਾ ਜਾਂਦਾ ਹੈ, ਆਪਣਾ ਮੋਢੀ ਭਾਈ ਸਾਹਿਬ ਨੂੰ ਮੰਨਦੀ ਹੈ। ਇਸ ਨੂੰ ਗਿਆਨੀਆਂ ਦੀ ਟਕਸਾਲ ਵੀ ਕਿਹਾ ਜਾਂਦਾ ਹੈ ਅਤੇ ਭਾਈ ਮਨੀ ਸਿੰਘ ਦੇ ਨਾਮ ਨਾਲ ਗਿਆਨੀ ਸ਼ਬਦ ਵੀ ਜੋੜਿਆ ਜਾਂਦਾ ਹੈ।[੩] ਆਪ ਜੀ ਦੇ ਨਾਮ ਨਾਲ ਗੁਰ ਇਤਿਹਾਸ ਦਾ ਵਖਿਆਨ ਕਰਦੀਆਂ ਕੁਝ ਕਿਰਤਾਂ ਨੂੰ ਜੋੜਿਆ ਜਾਂਦਾ ਹੈ, ਇਨ੍ਹਾਂ ਵਿਚ ਗਿਆਨ ਰਤਨਾਵਲੀ, ਭਗਤ ਰਤਨਾਵਲੀ ਆਦਿ ਹਨ। ਇਸ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਦੀ ਦਮਦਮੀ ਬੀੜ ਦਾ ਲਿਖਾਰੀ ਅਤੇ ਦਸਮ ਗ੍ਰੰਥ ਦਾ ਸੰਕਲਨਕਰਤਾ ਆਪ ਜੀ ਨੂੰ ਮੰਨਣ ਦੀ ਪਰੰਪਰਾ ਵੀ ਪ੍ਰਚਲਿਤ ਹੈ।

ਇਸ ਸਮੇਂ ਤੱਤ ਖਾਲਸਾ ਅਤੇ ਬੰਦਈ ਖਾਲਸਾ ਵਿਚ ਆਪਸੀ ਝਗੜਾ ਹੋ ਗਿਆ

ਜਿਸ ਨੂੰ ਭਾਈ ਮਨੀ ਸਿੰਘ ਜੀ ਨੇ ਬੜੀ ਸੂਝ-ਬੂਝ ਨਾਲ ਹੱਲ ਕੀਤਾ। ਇਸ ਨਾਲ ਭਾਈ ਮਨੀ ਸਿੰਘ ਜੀ ਦੀ ਸਾਰੇ ਖਾਲਸਾ ਪੰਥ ਵਿਚ ਪ੍ਰਸਿੱਧੀ ਫੈਲ ਗਈ। ਦੂਸਰੇ ਪਾਸੇ ਸਮੇਂ ਦੀ ਜਾਲਮ ਹਕੂਮਤ ਨੇ ਸਿੱਖਾਂ 'ਤੇ ਕਹਿਰ ਕਰਨਾ ਸ਼ੁਰੂ ਕਰ ਦਿੱਤਾ। ਦਿਨ ਪ੍ਰਤੀ ਦਿਨ ਸਿੱਖਾਂ ਨੂੰ ਸ਼ਹੀਦ ਕਰਨਾ ਸ਼ੁਰੂ ਕਰ ਦਿੱਤਾ। ਸਿੰਘਾਂ ਨੇ ਵੀ ਜਾਲਮ ਹਕੂਮਤ ਦੇ ਨੱਕ ਵਿਚ ਦਮ ਕਰ ਕੇ ਰੱਖਿਆ। ਸਿੱਖਾਂ ਦੀ ਵਧਦੀ ਤਾਕਤ ਨੂੰ ਦਬਾਉਣ ਲਈ ਜਾਲਮ ਹਕੂਮਤ ਅੰਦਰੋਂ ਅੰਦਰੀ ਚਾਲਾਂ ਘੜ੍ਹਨ ਲੱਗ ਗਈ। ਸਿੰਘਾਂ ਨੂੰ ਦਰਬਾਰ ਸਾਹਿਬ ਆਉਣ 'ਤੇ ਰੋਕ ਦਿੱਤਾ। ਸਿੱਖਾਂ ਉਤੇ ਅਨੇਕਾਂ ਤਰ੍ਹਾਂ ਦੇ ਅੱਤਿਆਚਾਰ ਹੋਣ ਲੱਗੇ। ਪਿੰਡਾਂ ਦੇ ਮੁਖਬਰੀਆਂ ਨੇ ਸਿੰਘਾਂ ਨੂੰ ਫੜ ਫੜਾ ਕੇ ਮਰਵਾਉਣਾ ਸ਼ੁਰੂ ਕਰ ਦਿੱਤਾ। ਸਿੰਘਾਂ ਨੇ ਮਾਲਵੇ ਵੱਲ ਨੂੰ ਚਾਲੇ ਪਾਏ। ਸਿੰਘ ਬੀਕਾਨੇਰ ਦੇ ਜੰਗਲਾਂ ਵੱਲ ਨਿਕਲ ਗਏ।

ਬਹੁਤ ਸਮਾਂ ਹੋ ਗਿਆ ਕਿ ਸਿੰਘ ਆਪਸ ਵਿਚ ਇਕੱਠੇ ਨਹੀਂ ਹੋਏ ਸਨ ਤਾਂ ਭਾਈ ਮਨੀ ਸਿੰਘ ਜੀ ਨੇ ਇਹ ਵੀਚਾਰ ਬਣਾਈ ਤਾਂ ਕਿ ਖਾਲਸਾ ਪੰਥ ਨੂੰ ਦੁਬਾਰਾ ਇਕੱਠਾ ਕੀਤਾ ਜਾਵੇ। ਸਰਕਾਰ ਸਿੰਘਾਂ ਦਾ ਨਾਮੋ ਨਿਸ਼ਾਨ ਮਿਟਾਉਣਾ ਚਾਹੁੰਦੀ ਸੀ। ਸ੍ਰੀ ਅੰਮ੍ਰਿਤਸਰ ਵਿਚ ਸਿੰਘਾਂ ਦੇ ਆਉਣ 'ਤੇ ਉਨ੍ਹਾਂ ਨੂੰ ਫੜ ਕੇ ਸ਼ਹੀਦ ਕੀਤਾ ਜਾਂਦਾ ਸੀ। ਭਾਈ ਮਨੀ ਸਿੰਘ ਜੀ ਨੇ ਲਾਹੌਰ ਵਿਚ ਸੂਬੇ ਕੋਲ ਦੀਵਾਲੀ ਦਾ ਮੇਲਾ ਲਾਉਣ ਲਈ ਸੱਦਾ ਭੇਜਿਆ ਕਿ ਸਾਨੂੰ ਇੱਥੇ ਦੀਵਾਲੀ ਦਾ ਮੇਲਾ ਲਾਉਣ ਦੀ ਇਜਾਜ਼ਤ ਦਿੱਤੀ ਜਾਵੇ। ਸਰਕਾਰ ਨੇ ਇਸ ਸ਼ਰਤ 'ਤੇ ਮੇਲਾ ਲਾਉਣ ਦੀ ਆਗਿਆ ਦਿੱਤੀ ਕਿ ਜਿਹੜੀ ਵੱਟਕ ਹੋਵੇਗੀ ਉਸ ਵਿੱਚੋਂ ਕੁਝ ਰੁਪਏ (ਇਕ ਤੈਅ ਕੀਤੀ ਰਕਮ) ਨਗਦ ਜਮ੍ਹਾਂ ਕਰਾਉਣੇ ਹੋਣਗੇ। ਇਹ ਸ਼ਰਤਾਂ ਤੈਅ ਕਰ ਕੇ ਭਾਈ ਮਨੀ ਸਿੰਘ ਜੀ ਨੇ ਸਾਰੇ ਪਾਸੇ ਪੰਥ ਨੂੰ ਸੱਦਾ ਪੱਤਰ ਭੇਜੇ। ਦੀਵਾਲੀ ਦਾ ਮੇਲਾ ਲਾਉਣ ਲਈ ਸਿੰਘਾਂ ਵਿਚ ਚਾਓ ਪੈਦਾ ਹੋ ਗਿਆ। ਓਧਰ ਸਰਕਾਰ ਲਈ ਸਿੰਘਾਂ ਨੂੰ ਹੁਣ ਇਕੱਲੇ-ਇਕੱਲੇ ਨੂੰ ਮਾਰਨ ਦੀ ਬਜਾਇ ਇਕੱਠੇ ਕਰ ਕੇ ਮਾਰਨ ਦਾ ਮੌਕਾ ਮਿਲ ਗਿਆ। ਸਰਕਾਰ ਵੱਲੋਂ ਸ੍ਰੀ ਅੰਮ੍ਰਿਤਸਰ ਵਿਖੇ ਪਹਿਲਾਂ ਹੀ ਪੁਲਿਸ ਚੌਂਕੀਆਂ ਬਿਠਾਉਣੀਆਂ ਸ਼ੁਰੂ ਕਰ ਦਿੱਤੀਆਂ। ਜਦ ਭਾਈ ਮਨੀ ਸਿੰਘ ਜੀ ਨੂੰ ਇਸ ਗੱਲ ਦਾ ਪਤਾ ਲੱਗ ਗਿਆ ਕਿ ਸਰਕਾਰ ਦੀ ਨੀਤ ਖਰਾਬ ਹੋ ਗਈ ਹੈ, ਤਾਂ ਰਾਤੋ ਰਾਤ ਖਾਲਸੇ ਨੂੰ ਚਿੱਠੀਆਂ ਭੇਜ ਕੇ ਰੋਕਿਆ ਗਿਆ। ਦੀਵਾਲੀ ਦਾ ਮੇਲਾ ਨਾ ਲੱਗਿਆ। ਸਰਕਾਰ ਦੀ ਮਨਸ਼ਾ 'ਤੇ ਪਾਣੀ ਫਿਰ ਗਿਆ। ਬਦਲੇ ਦੀ ਭਾਵਨਾ ਨਾਲ ਭਾਈ ਮਨੀ ਸਿੰਘ ਜੀ ਨੂੰ ਕੈਦ ਕਰ ਕੇ ਲਾਹੌਰ ਲਿਜਾਇਆ ਗਿਆ। ਸਜ਼ਾ ਲਈ ਕਚਹਿਰੀ ਵਿਚ ਬੁਲਾ ਕੇ ਕਿਹਾ ਕਿ ਜਾਂ ਤਾਂ ਰੁਪਏ ਜਮ੍ਹਾਂ ਕਰਾਓ ਜਾਂ ਮੁਸਲਮਾਨ ਹੋ ਜਾਓ, ਨਹੀਂ ਤਾਂ ਮੌਤ ਦੀ ਸਜ਼ਾ ਪਾਓ। ਭਾਈ ਸਾਹਿਬ ਨੇ ਕਿਹਾ ਮੇਲਾ ਤੁਸੀਂ ਲੱਗਣ ਨਹੀਂ ਦਿੱਤਾ ਤਾਂ ਫਿਰ ਰੁਪਏ ਕਿਸ ਵਾਸਤੇ? ਜਕਰੀਆ ਖਾਨ ਨੂੰ ਗੁੱਸਾ ਆ ਗਿਆ ਤਾਂ ਉਸ ਨੇ ਕਿਹਾ ਇਨ੍ਹਾਂ ਨੂੰ ਖਤਮ ਕਰ ਦਿੱਤਾ ਜਾਵੇ। ਗਿਆਨੀ ਗਿਆਨ ਸਿੰਘ ਜੀ ਦੀ ਲਿਖਤ ਅਨੁਸਾਰ ਭਾਈ ਮਨੀ ਸਿੰਘ ਜੀ ਲਾਹੌਰ ਵਿਖੇ ਮੱਘਰ ਸੁਦੀ ਪੰਚਮੀ ਬਿਕਰਮੀ ੧੭੯੫ ਵਿਚ ੨੯ ਮੱਘਰ ੧੭੩੮ ਈ. (ਕੁਝ

ਇਤਿਹਾਸਕਾਰਾਂ ਮੁਤਾਬਕ ੧੭੩੪ ਈ.) ਨੂੰ ਨਖਾਸ ਚੌਕ ਵਿਚ ਸ਼ਹੀਦ ਕੀਤਾ ਗਿਆ। ਪਿੱਛੋਂ ਭਾਈ ਮਨੀ ਸਿੰਘ ਜੀ ਦਾ ਸ਼ਹੀਦੀ ਅਸਥਾਨ ਕਿਲ੍ਹੇ ਦੇ ਮਸਤੀ ਗੇਟ ਕੋਲ ਬਣਾਇਆ।[੪] ਇਸ ਤੋਂ ਬਾਅਦ ਭਾਈ ਸਾਹਿਬ ਜੀ ਦੀ ਸ਼ਹਾਦਤ ਨਾਲ ਸਾਰੇ ਸਿੱਖ ਪੰਥ ਵਿਚ ਰੋਸ ਤੇ ਜੋਸ਼ ਪੈਦਾ ਹੋ ਗਿਆ।

ਭਾਈ ਸਾਹਿਬ ਦੇ ਤਿੰਨ ਭਤੀਜੇ ਭਾਈ ਅੱਘੜ ਸਿੰਘ, ਭਾਈ ਥਰਾਜ ਸਿੰਘ ਅਤੇ ਭਾਈ ਦਰਗਾਹਾ ਸਿੰਘ ਬਹੁਤ ਜੋਸ਼ੀਲੇ ਤੇ ਤਲਵਾਰ ਦੇ ਧਨੀ ਸਨ। ਜਦੋਂ ਭਾਈ ਸਾਹਿਬ ਦੀ ਸ਼ਹਾਦਤ ਨਾਲ ਚਾਰੇ ਪਾਸੇ ਖਾਲਸੇ ਵਿਚ ਰੋਸ ਹੋਣਾ ਪੈਦਾ ਹੋਣ ਕਰਕੇ ਬਹੁਤ ਜ਼ਿਆਦਾ ਜੋਸ਼ ਵਧ ਗਿਆ ਕਿ ਹੁਣ ਦੁਸ਼ਮਣਾਂ ਨੂੰ ਨਹੀਂ ਛੱਡਣਾ। ਫਤਵਾ ਦੇਣ ਗਏ ਮੁਫ਼ਤੀ ਅਬਦੁਲ ਰਜ਼ਾਕ ਜਿਹੜਾ ਹਾਥੀ 'ਤੇ ਬੈਠ ਕੇ ਜਾ ਰਿਹਾ ਸੀ ਤਾਂ ਭਾਈ ਅੱਘੜ ਸਿੰਘ ਨੇ ਹਾਥੀ ਦੀ ਪੂਛ ਫੜ ਕੇ ਉੱਪਰ ਚੜ੍ਹ ਕੇ ਕਾਜੀ ਦਾ ਸਿਰ ਕੱਟ ਕੇ ਨੇਜੇ 'ਤੇ ਟੰਗ ਕੇ ਸਾਰੇ ਸ਼ਹਿਰ ਵਿਚ ਘੁੰਮਾਉਂਦੇ ਹੋਏ ਨਵਾਬ ਕਪੂਰ ਸਿੰਘ ਦੇ ਦਰਬਾਰ ਵਿਚ ਭੇਟ ਕਰ ਕੇ ਬਹਾਦਰੀ ਦਾ ਖਿਤਾਬ ਲਿਆ।[੫]

ਜਦੋਂ ਨਵਾਬ ਕਪੂਰ ਸਿੰਘ ਨੇ ਰੋਪੜ ਵੱਲ ਨੂੰ ਹਮਲਾ ਕੀਤਾ ਤੇ ਮੁਸਲਮਾਨਾਂ ਨਾਲ ਜੰਮ ਕੇ ਲੜਾਈ ਹੋਈ ਤਾਂ ਤਿੰਨਾਂ ਭਰਾਵਾਂ ਨੇ ਤੇਗ ਦੇ ਬੜੇ ਜੋਹਰ ਵਿਖਾਏ ਅਤੇ ਦੁਸ਼ਮਣਾਂ ਦੇ ਦੰਦ ਖੱਟੇ ਕਰ ਦਿੱਤੇ। ਅੰਤ ਭਾਈ ਅੱਘੜ ਸਿੰਘ ਤੇ ਭਾਈ ਥਰਾਜ ਸਿੰਘ ਪਿੰਡ ਘਨੋਲੀ ਵਿਖੇ ਸ਼ਹੀਦ ਹੋ ਗਏ। ਜਿਨ੍ਹਾਂ ਦੇ ਅੱਜ ਵੀ ਘਨੋਲੀ ਵਿਖੇ ਸ਼ਹੀਦ ਗੰਜ ਬਣੇ ਹੋਏ ਹਨ। ਭਾਈ ਦਰਗਾਹਾ ਸਿੰਘ ਬਾਅਦ ਵਿਚ ਹਰਿਦੁਆਰ ਆ ਕੇ ਗੰਗਾ ਕਿਨਾਰੇ ਇੱਕ ਸੁੰਦਰ ਧਰਮਸ਼ਾਲਾ ਬਣਾਈ ਜੋ ਅੱਜ ਵੀ ਹਰਿਦੁਆਰ ਵਿਖੇ ਬਾਬਾ ਦਰਗਾਹਾ ਸਿੰਘ ਦੇ ਨਾਮ 'ਤੇ ਗੁਰਦੁਆਰਾ ਅਤੇ ਧਰਮਸ਼ਾਲਾ ਬਣੀ ਹੋਈ ਹੈ। ਜੋ ਅੱਜ ਵੀ ਇਤਿਹਾਸ ਦੀ ਯਾਦ ਕਰਾਉਂਦੇ ਹਨ।

ਬਾਕੀ ਜਿਹੜੇ ਚਾਰ ਭਤੀਜੇ ਸਨ ਉਹ ਆਪਣੇ ਪਿਤਾ ਭਾਈ ਨਗਾਹੀਆ ਸਿੰਘ ਜੀ ਨਾਲ ਪਿੰਡ ਕੈਂਬੋਵਾਲ ਆ ਕੇ ਰਹੇ ਸਨ। ਇਹ ਚਾਰ ਭਰਾਵਾਂ-ਭਾਈ ਮਰਾਝ ਸਿੰਘ, ਭਾਈ ਰੁੱਘਾ ਸਿੰਘ, ਭਾਈ ਸੁਜਾਨ ਸਿੰਘ ਅਤੇ ਭਾਈ ਬਖਤਾ ਸਿੰਘ ਵਿਆਹੇ ਗਏ। ਇਨ੍ਹਾਂ ਚਾਰਾਂ ਦੀ ਔਲਾਦ ਇੱਥੇ ਕੈਂਬੋਵਾਲ ਦੇ ਲੌਂਗੋਵਾਲ ਵਿਖੇ ਵੱਸ ਗਈ ਹੈ। ਭਾਈ ਬਖਤਾ ਸਿੰਘ ਦੇ ਘਰ ਭਾਈ ਭਾਗ ਸਿੰਘ ਹੋਏ। ਇਸ ਪਰਵਾਰ ਕੋਲ ਭਾਈ ਮਨੀ ਸਿੰਘ ਜੀ ਦੀ ਸੋਨੇ ਦੇ ਮੁੱਠੇ ਵਾਲੀ ਤਲਵਾਰ ਅਤੇ ਭਾਈ ਸਾਹਿਬ ਦੇ ਮਾਤਾ ਦਇਆ ਕੌਰ ਦੀਆਂ ਖੜ੍ਹਾਵਾਂ ਯਾਦਗਾਰ ਵਜੋਂ ਸੰਭਾਲੀਆਂ ਹੋਈਆਂ ਹਨ।

ਭਾਗ ਸਿੰਘ ਦੇ ਘਰ ਕੌਮ ਦੇ ਮਹਾਨ ਵਿਦਵਾਨ ਗਿਆਨੀ ਗਿਆਨ ਸਿੰਘ ਜੀ ਪੈਦਾ ਹੋਏ। ਇਹ ਚਾਰ ਭਰਾ ਸ. ਅਨੋਖ ਸਿੰਘ, ਸ. ਸੰਤੋਖ ਸਿੰਘ, ਸ. ਸੱਦਾ ਸਿੰਘ ਤੇ ਗਿਆਨੀ ਗਿਆਨ ਸਿੰਘ ਸਨ। ਸ. ਅਨੋਖ ਸਿੰਘ ਤੇ ਸੰਤੋਖ ਸਿੰਘ ਦੀਆਂ ਪੁੱਤਰੀਆਂ ਨਾਭੇ ਦੇ ਮਹਾਰਾਜੇ ਹੀਰਾ ਸਿੰਘ ਨੂੰ ਵਿਆਹੀਆਂ ਸਨ। ਜਿਨ੍ਹਾਂ 'ਚੋਂ ਬੀਬੀ ਜਸਮੇਰ ਕੌਰ ਦੇ ਕੁੱਖੋਂ ਮਹਾਰਾਜਾ ਰਿਪੁਦਮਨ ਸਿੰਘ ਪੈਦਾ ਹੋਏ ਜੋ ਬਹੁਤ ਪ੍ਰਤਾਪੀ ਅਤੇ ਸਿੱਖੀ ਸਿਧਾਂਤ 'ਤੇ

ਪਹਿਰਾ ਦੇਣ ਵਾਲੇ ਅਤੇ ਅੰਗ੍ਰੇਜ਼ਾਂ ਤੋਂ ਭਾਰਤ ਦੀ ਅਜ਼ਾਦੀ ਲੈਣ ਲਈ ਅਕਾਲੀ ਲਹਿਰ ਦੇ ਮੋਢੀ ਹੋਏ। ਇਨ੍ਹਾਂ ਨੂੰ ਅੰਗਰੇਜ਼ਾਂ ਨੇ ਰਾਜ ਗੱਦੀ ਤੋਂ ਲਾਹ ਕੇ ਪੰਜਾਬ ਤੋਂ ਬਾਹਰ ਭੇਜਿਆ। ਗਿਆਨੀ ਗਿਆਨ ਸਿੰਘ ਜੀ ਦੀਆਂ ਪ੍ਰਮੁੱਖ ਲਿਖਤਾਂ 'ਸ੍ਰੀ ਗੁਰੁ ਪੰਥ ਪ੍ਰਕਾਸ਼' ਅਤੇ 'ਤਵਾਰੀਖ ਗੁਰੂ ਖਾਲਸਾ' ਵਿਚ ਜ਼ਿਕਰ ਹੈ ਕਿ ਪਿੰਡ ਲੌਂਗੋਵਾਲ ਦੇ ਲੋਕਾਂ ਦਾ ਜੋ ਸਿੱਖ ਧਰਮ ਲਈ ਯੋਗਦਾਨ ਹੈ ਉਹ ਬਹੁਤ ਵੱਡਾ ਕੁਰਬਾਨੀ ਭਰਿਆ ਯੋਗਦਾਨ ਹੈ। ਮਿਸਲਾਂ ਦੇ ਦੌਰ ਵਿਚ ਹੀ ਫੂਲਕੀਆਂ ਮਿਸਲ ਦੇ ਬਾਬਾ ਆਲਾ ਸਿੰਘ ਆਪਣੇ ਇਲਾਕੇ ਵਿਚ ਵਾਧਾ ਕਰਦੇ ਹੋਏ ਬਰਨਾਲੇ ਤੋਂ ਸੁਨਾਮ ਵੱਲ ਵਧੇ। ਉਨ੍ਹਾਂ ਨੇ ਦੇਖਿਆ ਕਿ ਨਾਦਰਸ਼ਾਹੀ ਹਮਲੇ ਨਾਲ ਲੌਂਗੋਵਾਲ ਅਤੇ ਕੈਂਬੋਵਾਲ ਤੋਂ ਇਲਾਵਾ ਨਾਲ ਲਗਦੇ ਹੋਰ ਪੰਜ ਪਿੰਡ ਉੱਜੜ ਗਏ ਸਨ। ਚੌਧਰੀ ਬਿਆਮੱਲ ਦੁੱਲਟ ਅਤੇ ਹਰੀਚੰਦ ਜੀ ਨੇ ਬਾਬਾ ਆਲਾ ਸਿੰਘ ਦੀ ਸਹਾਇਤਾ ਨਾਲ ਇਨ੍ਹਾਂ ਪੰਜ ਪਿੰਡਾਂ ਨੂੰ ਮੁੜ ਵਸਾਇਆ। ਇਨ੍ਹਾਂ ਦੇ ਨਾਲ ਲਗਦੇ ਪੰਜ ਪਿੰਡ ਜਿਹੜੇ ਮੁਸਲਮਾਨਾਂ ਦਾ ਗੜ੍ਹ ਸਨ ਉਨ੍ਹਾਂ ਵਿਚ- ਤਕੀਪੁਰ, ਰੱਤੋਕੇ, ਢੱਡਰੀਆਂ, ਸਾਹੋਕੇ ਅਤੇ ਵੱਡਾ ਪਿੰਡ ਬਡਬਰ ਜੋ ਰਿਆਸਤ ਮਲੇਰਕੋਟਲਾ ਦਾ ਸੀ। ਮੁਸਲਮਾਨ ਸਿੱਖਾਂ ਦੇ ਇਨ੍ਹਾਂ ਸੱਤਾਂ ਪਿੰਡਾਂ ਦੇ ਲੋਕਾਂ ਨੂੰ ਬਹੁਤ ਤੰਗ ਕਰਦੇ ਸਨ। ਜਦੋਂ ਅਬਦਾਲੀ ਆਇਆ ਇਸ ਨੇ ਫਿਰ ਇਹ ਪਿੰਡ ਉਜਾੜ ਦਿੱਤੇ। ਜਦੋਂ ਬਾਬਾ ਆਲਾ ਸਿੰਘ ਜੀ ਨੇ ਫਿਰ ੧੭੪੭ ਈ. ਵਿਚ ਉੱਭਾਵਾਲ ਚੱਠੇ ਤੇ ਉਪਲੀ ਨੂੰ ਆਬਾਦ ਕਰ ਰਹੇ ਸਨ ਤਾਂ ਇਨ੍ਹਾਂ ਨੂੰ ਪਿੰਡ ਲੌਂਗੋਵਾਲ ਦੇ ਦੁੱਲਟ ਚੌਧਰੀਆਂ ਨੇ ਬੇਨਤੀ ਕੀਤੀ ਕਿ ਸਾਨੂੰ ਫਿਰ ਮੁਸਲਮਾਨ ਤੰਗ ਕਰਦੇ ਹਨ। ਉਨ੍ਹਾਂ ਨੇ ਆਪ ਜੀ ਵੱਲੋਂ ਪਿੰਡ ਦੀ ਗੱਡੀ ਮੋਹੜੀ ਪੁੱਟ ਦਿੱਤੀ। ਫਿਰ ਬਾਬਾ ਆਲਾ ਸਿੰਘ ਜੀ ਨੇ ਭਾਈ ਮੂਲ ਚੰਦ ਜੀ ਅਤੇ ਭਾਈ ਦਿਆਲ ਜੀ, ਜੋ ਭਾਈ ਭਗਤੂ ਦੀ ਵੰਸ਼ ਵਿੱਚੋਂ ਸਨ, ਨੂੰ ਬੇਨਤੀ ਕੀਤੀ ਕਿ ਪਿੰਡ ਵਸਾਉਣ ਲਈ ਆਪ ਚੰਗਾ ਦਿਨ ਮਿੱਥ ਕੇ ਪਿੰਡ ਨੂੰ ਆਬਾਦ ਕਰੋ। ਇਨ੍ਹਾਂ ਮਹਾਂਪੁਰਸ਼ਾਂ ਨੇ ਦੁਸਹਿਰੇ ਦਾ ਦਿਨ ਨਿਯੁਕਤ ਕਰ ਕੇ ਪਿੰਡ ਦੀ ਮੋਹੜੀ ਗੱਡ ਦਿੱਤੀ। ਜੋ ਸੰਨ ੧੭੪੯ ਈ. ਦੁਸਹਿਰੇ ਨੂੰ ਦੁਬਾਰਾ ਸੱਤੇ ਪਿੰਡਾਂ ਨੂੰ ਇਕੱਠੇ ਕਰ ਕੇ ਪਿੰਡ ਲੌਂਗੋਵਾਲ ਵਸਾਇਆ ਗਿਆ। ਮੁਸਲਮਾਨਾਂ ਨੇ ਫਿਰ ਮੋਹੜੀ ਪੁੱਟ ਕੇ ਖੂਹ ਵਿਚ ਸੁੱਟ ਦਿਤੀ। ਜਦੋਂ ਸੰਗਤ ਨੇ ਬਾਬਾ ਆਲਾ ਸਿੰਘ ਜੀ ਅਤੇ ਭਾਈ ਮੂਲ ਚੰਦ ਨੂੰ ਇਹ ਖ਼ਬਰ ਦਿੱਤੀ ਤਾਂ ਉਨ੍ਹਾਂ ਨੇ ਕਿਹਾ ਕਿ ਅੱਜ ਤੋ ਬਾਅਦ ਲੌਂਗੋਵਾਲ ਦੀਆਂ ਜੜ੍ਹਾਂ ਪਾਤਾਲ ਵਿਚ ਲੱਗ ਗਈਆਂ ਹਨ। ਉਸ ਤੋਂ ਬਾਅਦ ਇਸ ਪਿੰਡ ਨੂੰ ਕੋਈ ਵੀ ਧਾੜਵੀ ਲੁੱਟ ਜਾਂ ਉਜਾੜ ਨਹੀਂ ਸਕਿਆ।[੬] ਇੱਥੇ ਹੀ ਗੁਰਦੁਆਰਾ ਜਨਮ ਅਸਥਾਨ ਸ਼ਹੀਦ ਭਾਈ ਮਨੀ ਸਿੰਘ ਜੀ (ਕੈਂਬੋਵਾਲ ਦੇ ਥੇਹ ਵਿਖੇ) ਸੁਭਾਇਮਾਨ ਹੈ। ਇਲਾਕੇ ਦੀ ਸੰਗਤ ਵੱਲੋਂ ੪,੫,੬ ਫਰਵਰੀ ਨੂੰ ਹਰ ਸਾਲ ਸਲਾਨਾ ਜਨਮ ਦਿਹਾੜਾ ਮਨਾਇਆ ਜਾਂਦਾ ਹੈ। ਇਸ ਅਸਥਾਨ ਦੀ ਸੇਵਾ ਅਮਰ ਸ਼ਹੀਦ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਨੇ ਆਪ ਕਰਵਾਈ ਸੀ। ਇਸ ਸਮੇਂ ਮੌਜੂਦਾ ਪ੍ਰਬੰਧਕ ਭਾਈ ਗੋਬਿੰਦ ਸਿੰਘ ਲੌਂਗੋਵਾਲ ਜੀ (ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਅਤੇ ਉਨ੍ਹਾਂ ਨਾਲ

ਬਾਬਾ ਬਲਵਿੰਦਰ ਸਿੰਘ ਅਤੇ ਗ੍ਰੰਥੀ ਬਾਬਾ ਕੌਰ ਸਿੰਘ ਜੀ ਸੇਵਾ ਨਿਭਾਅ ਰਹੇ ਹਨ।

ਪਿੰਡ ਲੌਂਗੋਵਾਲ ਵਿਖੇ ਸ਼ਹੀਦ ਭਾਈ ਮਨੀ ਸਿੰਘ ਦੀ ਯਾਦ ਵਿਚ ਪੱਤੀ ਰੰਧਾਵਾ ਵਿਖੇ ਗੁਰਦੁਆਰਾ ਯਾਦਗਾਰ ਸ਼ਹੀਦ ਭਾਈ ਮਨੀ ਸਿੰਘ ਬਣਿਆ ਹੋਇਆ ਹੈ। ਇੱਥੇ ਅਸਥਾਨ 'ਤੇ ਹਰ ਸਾਲ ਸਲਾਨਾ ਸ਼ਹੀਦੀ ਜੋੜ ਮੇਲਾ ਮਿਤੀ ੧੨,੧੩,੧੪ ਦਸੰਬਰ ਅਤੇ ਦੇਸੀ ਮਹੀਨੇ ਮੁਤਾਬਿਕ ੨੭,੨੮,੨੯ ਮੱਘਰ ਨੂੰ ਬਹੁਤ ਭਾਰੀ ਜੋੜ ਮੇਲਾ ਮਨਾਇਆ ਜਾਂਦਾ ਹੈ। ਸੋ ਇਸ ਪਿੰਡ ਦੀਆਂ ਹੋਰ ਬਹੁਤ ਮਹਾਨ ਸ਼ਖ਼ਸੀਅਤਾਂ ਪੈਦਾ ਹੋਈਆ ਜਿਨ੍ਹਾਂ ਵਿੱਚੋਂ ਸ਼ਹੀਦ ਭਾਈ ਦਿਆਲਾ ਜੀ, ਸ਼ਹੀਦ ਭਾਈ ਮਤੀ ਦਾਸ ਜੀ ਅਤੇ ਸ਼ਹੀਦ ਭਾਈ ਸਤੀ ਦਾਸ ਜੀ ਜੋ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨਾਲ ਦਿੱਲੀ ਵਿਖੇ ਸ਼ਹੀਦ ਹੋਏ। ਇੱਥੋਂ ਦੇ ਸਿੱਖਾਂ ਵੱਲੋਂ ਛੋਟੇ ਘੱਲੂਘਾਰੇ ਅਤੇ ਵੱਡੇ ਘੱਲੂਘਾਰੇ ਦੌਰਾਨ ਆਪਣੀਆਂ ਸ਼ਹਾਦਤਾਂ ਦਿੱਤੀਆਂ। ਪਿੰਡ ਲੌਂਗੋਵਾਲ ਬਹੁਤ ਵੱਡਾ ਇਤਿਹਾਸ ਸਮੋਈ ਬੈਠਾ ਹੈ। ਇਸ ਕਰਕੇ ਇਸ ਪਾਵਨ ਧਰਤੀ ਨੂੰ ੫੨ ਸ਼ਹੀਦਾਂ ਦਾ ਮਾਣ ਹਾਸਲ ਹੈ। ਸ਼ਹੀਦ ਭਾਈ ਮਨੀ ਸਿੰਘ ਨਾਲ ਜੁੜਿਆ ਹੋਣ ਕਰਕੇ ਪਿੰਡ ਲੌਂਗੋਵਾਲ ਦਾ ਨਾਂ ਧਰੂ ਤਾਰੇ ਵਾਂਗ ਸੰਸਾਰ ਵਿਚ ਚਮਕਦਾ ਰਹੇਗਾ।

**ਹਵਾਲੇ :**

**੧.** ਗਿ. ਗਿਆਨ ਸਿੰਘ, *ਸ੍ਰੀ ਗੁਰੁ ਪੰਥ ਪ੍ਰਕਾਸ਼*, ਵਜੀਰ ਹਿੰਦ ਪ੍ਰੈਸ, ਅੰਮ੍ਰਿਤਸਰ, ਮਿਤੀਹੀਣ, ਪੰਨਾ ੧੦੯੩

**੨.** ਗਿ. ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ*, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਨਵੰਬਰ ੨੦੧੯ (ਤੀਜੀ ਵਾਰ), ਪੰਨੇ ੪੨੭-੨੮.

**੩.** ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੮੦, ਪੰ. ੨੦੪.

**੪.** ਗਿ. ਗਿਆਨ ਸਿੰਘ, *ਸ੍ਰੀ ਗੁਰੁ ਪੰਥ ਪ੍ਰਕਾਸ਼*, ਉਹੀ, ਪੰਨੇ ੬੧੧-੬੩੪.

**੫.** ਗਿ. ਕਰਤਾਰ ਸਿੰਘ ਕਲਾਸਵਾਲੀਏ, *ਉਹੀ*, ਪੰਨੇ ੧੩੨-੫੪.

**੬.** ਗਿ. ਗਿਆਨ ਸਿੰਘ, *ਸ੍ਰੀ ਗੁਰੁ ਪੰਥ ਪ੍ਰਕਾਸ਼* (ਪੱਥਰ ਛਾਪ), ਚਸ਼ਮੇ ਨੂਰ ਪ੍ਰੈਸ, ਅੰਮ੍ਰਿਤਸਰ, ਮਈ ੧੯੯੯, ਪੰਨੇ ੯੪੯-੫੬; ਕਰਮ ਸਿੰਘ ਹਿਸਟੋਰੀਅਨ, ਲਾਹੌਰ ਬੁਕ ਸ਼ਾਪ, ਲੁਧਿਆਣਾ, ੨੦੦੬, ਪੰਨੇ ੪੬-੫੧.

■

**ਫ਼ਿਲਮ ਵਿਭਾਗ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਆਧੁਨਿਕ ਤਕਨੀਕ ਨੂੰ ਅਪਣਾਉਂਦਿਆਂ ਸਿੱਖੀ ਦੇ ਪ੍ਰਚਾਰ-ਪਸਾਰ ਲਈ ਫ਼ਿਲਮਾਂ ਵਿਖਾਉਣ ਵਾਲੀਆਂ ਗੱਡੀਆਂ ਤਿਆਰ ਕਰਵਾਈਆਂ ਗਈਆਂ ਹਨ। ਇਨ੍ਹਾਂ ਗੱਡੀਆਂ ਰਾਹੀਂ ਵੱਖ-ਵੱਖ ਪਿੰਡਾਂ / ਸ਼ਹਿਰਾਂ ਵਿਚ ਜਾ ਕੇ ਸਿੱਖੀ ਦੇ ਪ੍ਰਚਾਰ ਹਿੱਤ ਫ਼ਿਲਮਾਂ ਵਿਖਾਈਆਂ ਜਾਂਦੀਆਂ ਹਨ। ਸੰਗਤ ਦੀ ਮੰਗ 'ਤੇ ਇਨ੍ਹਾਂ ਗੱਡੀਆਂ ਰਾਹੀਂ ਭਾਰਤ ਦੇ ਦੂਰ-ਦੁਰਾਡੇ ਥਾਵਾਂ 'ਤੇ ਜਾ ਕੇ ਪ੍ਰਚਾਰ ਕੀਤਾ ਜਾਂਦਾ ਹੈ।

# ਸਿੱਖੀ ਦਾ ਜਲਾਲੀ ਰੂਪ: ਬਾਬਾ ਦੀਪ ਸਿੰਘ ਜੀ

*-ਡਾ. ਇੰਦਰਜੀਤ ਸਿੰਘ ਗੋਗੋਆਣੀ**

ਦਸਮ ਪਾਤਸ਼ਾਹ ਜੀ ਤੋਂ ਬੇਅੰਤ ਬਖ਼ਸ਼ਿਸ਼ਾਂ ਤੇ ਅੰਮ੍ਰਿਤ ਦੀ ਦਾਤ ਲੈਣ ਵਾਲੇ ਬਾਬਾ ਦੀਪ ਸਿੰਘ ਜੀ ਦਾ ਜੀਵਨ ਇਤਿਹਾਸ ਗੁਰਮਤੀ ਰੰਗ 'ਚ ਰੰਗਿਆ, ਸਤਿਗੁਰਾਂ ਦੇ ਨਾਦੀ ਪਰਵਾਰ ਲਈ ਪ੍ਰੇਰਨਾਦਾਇਕ ਤੇ ਗੌਰਵਮਈ ਹੈ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ- *ਵਾਲਹੁ ਨਿਕੀ ਆਖੀਐ ਖੰਡੇ ਧਾਰਹੁ ਸੁਣੀਐ ਤਿਖੀ।... ਸਤਿਗੁਰ ਤੁਠੈ ਪਾਈਐ ਸਾਧਸੰਗਤਿ ਗੁਰਮਤਿ ਗੁਰਸਿਖੀ॥*

ਸਿੱਖੀ ਕੀ ਹੈ, ਗੁਰ ਬਖਸ਼ਿਸ਼ ਕੀ ਹੈ ਤੇ ਸਿੱਖੀ ਦੀ ਕਮਾਈ ਕੀ ਹੈ? ਬਾਬਾ ਦੀਪ ਸਿੰਘ ਜੀ ਦਾ ਜੀਵਨ ਇਤਿਹਾਸ ਅਜਿਹੇ ਬੇਅੰਤ ਸਵਾਲਾਂ ਦੀ ਵਿਆਖਿਆ ਹੈ। ਬਾਬਾ ਜੀ ਦਾ ਜੀਵਨ-ਕਾਲ ਜਨਵਰੀ ੧੬੮੨ ਈ. ਤੋਂ ਨਵੰਬਰ ੧੭੫੭ ਈ. ਤਕ ਸਾਢੇ ਸੱਤ ਦਹਾਕਿਆਂ ਦੇ ਕਰੀਬ ਹੈ। ਸਿੱਖ ਸਰੋਤਾਂ ਅਨੁਸਾਰ ੧੪ ਮਾਘ ੧੭੩੯ ਬਿਕ੍ਰਮੀ ਨੂੰ ਗੁਰੂ-ਘਰ ਦੇ ਅਨਿਨ ਸੇਵਕ ਪਿਤਾ ਭਾਈ ਭਗਤਾ ਜੀ ਤੇ ਮਾਤਾ ਜਿਊਣੀ ਜੀ ਦੇ ਗ੍ਰਹਿ, ਪਿੰਡ ਪਹੂਵਿੰਡ (ਅੰਮ੍ਰਿਤਸਰ) ਵਿਖੇ ਇਸ ਗੁਣਵੰਤੀ ਰੂਹ ਦਾ ਆਗਮਨ ਹੋਇਆ, ਜਿਸ ਦਾ ਨਾਉਂ 'ਦੀਪ' ਰੱਖਿਆ ਗਿਆ। ਆਪ ਅਠਾਰ੍ਹਾਂ ਕੁ ਸਾਲ ਦੀ ਉਮਰੇ ੧੭੦੦ ਈ. ਵਿਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਲਗੀਧਰ ਪਾਤਿਸ਼ਾਹ ਦੀ ਬਖਸ਼ਿਸ਼ ਨਾਲ ਅੰਮ੍ਰਿਤਪਾਨ ਕਰ ਕੇ ਦੀਪ ਸਿੰਘ ਸਜ ਗਏ ਅਤੇ ਚਾਰ ਸਾਲ ਦੇ ਕਰੀਬ ਉੱਥੇ ਹੀ ਰਹੇ। ਅਨੰਦਾਂ ਦੀ ਪੁਰੀ ਦੀ ਸੰਗਤ ਤੋਂ ਐਸੀ ਰੰਗਤ ਹੋਈ ਕਿ ਰੂਹਾਨੀਅਤ ਦਾ ਜਲੌਅ, ਧਰਮ ਗ੍ਰੰਥਾਂ ਦੀ ਸਿੱਖਿਆ, ਗੁਰਬਾਣੀ ਦਾ ਅਧਿਐਨ, ਸ਼ਸਤਰਾਂ ਦੇ ਰੰਗ ਢੰਗ, ਚੜ੍ਹਦੀ ਕਲਾ ਦੇ ਸਬਕ, ਤੀਰ-ਅੰਦਾਜ਼ੀ, ਘੋੜ-ਸਵਾਰੀ ਤੇ ਖ਼ਾਲਸਈ ਸਵੈਮਾਣ ਦੀ ਪੂੰਜੀ ਦੀਪ ਸਿੰਘ ਜੀ ਦੀ ਵੱਡੀ ਘਾਲ ਕਮਾਈ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਦਸਮ ਪਿਤਾ ਦੀ ਸੁਭਾਗੀ ਸੰਗਤ ਨਾਲ ਦੀਪ ਸਿੰਘ ਜੀ ਪਾਸ ਕਲਮ ਤੇ ਕਿਰਪਾਨ, ਵਿਦਵਤਾ ਤੇ ਸੂਰਬੀਰਤਾ, ਸਰਸਵਤੀ ਤੇ ਚੰਡੀ ਇੱਕ ਥਾਂ ਇਕੱਤਰ ਹੋ ਗਈਆਂ।

ਸ੍ਰੀ ਅਨੰਦਪੁਰ ਸਾਹਿਬ ਦੀ ਮਹਾਨ ਸਿੱਖਿਆ ਸੀ- *ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮੈ ਜੁਧ ਬਿਚਾਰੈ॥* ਇਸ ਲਈ ਜਿੱਥੇ ਬਾਬਾ ਜੀ ਦਾ ਜੀਵਨ-ਸਿਮਰਨ ਅਭਿਆਸ ਦੀ ਕਮਾਈ ਸੀ, ਉੱਥੇ ਧਰਮ ਯੁੱਧ ਦੀਆਂ ਮੁੱਠ-ਭੇੜਾਂ ਵਿਚ ਵੀ ਆਪ ਨੇ ਸੇਵਾ ਨਿਭਾਈ। ਤਕਰੀਬਨ ੧੭੦੪ ਈ. ਸਾਲ ਦੇ ਸ਼ੁਰੂਆਤੀ ਦਿਨਾਂ ਵਿਚ ਬਾਬਾ ਜੀ ਦੇ ਮਾਤਾ-ਪਿਤਾ ਸ੍ਰੀ ਅਨੰਦਪੁਰ ਸਾਹਿਬ ਸਤਿਗੁਰਾਂ ਦੇ ਦਰਸ਼ਨਾਂ ਲਈ

** ਪ੍ਰਿੰਸੀਪਲ, ਖ਼ਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ, ਜੀ.ਟੀ. ਰੋਡ, ਸ੍ਰੀ ਅੰਮ੍ਰਿਤਸਰ। ਮੋ. ੯੮੧੫੯੮੫੫੫੯*

ਗਏ ਅਤੇ ਗੁਰੂ ਜੀ ਤੋਂ ਆਗਿਆ ਲੈ ਕੇ ਦੀਪ ਸਿੰਘ ਨੂੰ ਆਪਣੇ ਨਗਰ ਪਹੂਵਿੰਡ ਲੈ ਆਏ। ਬਾਬਾ ਜੀ ਨੇ ਫਿਰ ਮਾਝੇ ਦੇ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਕੀਤਾ।

ਉਧਰ ਦਸੰਬਰ ੧੭੦੪ ਈ. ਵਿਚ ਜਦੋਂ ਕਲਗੀਧਰ ਪਾਤਸ਼ਾਹ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਨੂੰ ਤਿਆਗਿਆ ਤਾਂ ਉਸ ਤੋਂ ਬਾਅਦ ਸਾਕਾ ਚਮਕੌਰ, ਸਾਕਾ ਸਰਹਿੰਦ ਤੇ ਮੁਕਤਸਰ ਦੀ ਜੰਗ ਉਪਰੰਤ ਦਸਮ ਪਿਤਾ ਨੇ ਸਾਬੋ ਕੀ ਤਲਵੰਡੀ ਨੂੰ ਭਾਗ ਲਾਏ। ਇਧਰ ਬਾਬਾ ਦੀਪ ਸਿੰਘ ਜੀ ਨੂੰ ਜਦ ਪਹੂਵਿੰਡ ਵਿਖੇ ਸਤਿਗੁਰਾਂ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੇ ਸਾਰੇ ਵਰਤਾਰੇ ਬਾਰੇ ਜਾਣਕਾਰੀ ਹੋਈ ਤਾਂ ਆਪ ਸਤਿਗੁਰਾਂ ਦੇ ਦਰਸ਼ਨਾਂ ਦੀ ਬਿਹਬਲਤਾ ਵਿਚ ਕੰਨਸੋਆਂ ਲੈਂਦੇ ਸਾਬੋ ਕੀ ਤਲਵੰਡੀ ਪਹੁੰਚ ਗਏ। ਇੱਥੇ ਕਲਗੀਧਰ ਪਾਤਸ਼ਾਹ ਜੀ ਨੇ ਆਤਮਿਕ ਸ਼ਕਤੀ ਨਾਲ ਆਪਣੇ ਮੁਖਾਰਬਿੰਦ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਮਾਣਿਤ ਬੀੜ ਤਿਆਰ ਕਰਵਾਈ ਤੇ ਨੌਵੇਂ ਸਤਿਗੁਰਾਂ ਦੀ ਬਾਣੀ ਦਰਜ ਕੀਤੀ। ਦਸਮ ਪਿਤਾ ਜੀ ਕੰਠ ਤੋਂ ਬਾਣੀ ਉਚਾਰੀ ਗਏ, ਲਿਖਣ ਦੀ ਸੇਵਾ ਭਾਈ ਮਨੀ ਸਿੰਘ ਜੀ ਨਿਭਾਉਂਦੇ ਅਤੇ ਬਾਬਾ ਦੀਪ ਸਿੰਘ ਜੀ ਦੀ ਸੇਵਾ ਲਿਖਣ ਦਾ ਸਮਾਨ-ਕਲਮਾਂ, ਸਿਆਹੀ ਤੇ ਕਾਗਜ਼ ਦਾ ਪ੍ਰਬੰਧ ਸੀ। ਸਿੱਖ ਮਾਨਤਾਵਾਂ ਅਨੁਸਾਰ ਇੱਥੇ ਕਲਗੀਧਰ ਪਾਤਸ਼ਾਹ ਨੇ ਨੌ ਮਹੀਨੇ, ਨੌਂ ਦਿਨ, ਨੌਂ ਘੜੀਆਂ ਟਿਕਾਣਾ ਕੀਤਾ। ਇਸੇ ਦਮਦਮੀ ਬੀੜ ਨੂੰ ਹੀ ਦਸਮ ਪਿਤਾ ਜੀ ਨੇ ਨਾਂਦੇੜ ਸਾਹਿਬ ਵਿਖੇ ਗੁਰਿਆਈ ਬਖਸ਼ੀ। ਇੱਥੇ ਹੀ ਬਾਬਾ ਦੀਪ ਸਿੰਘ ਜੀ ਨੇ ਦਮਦਮੀ ਬੀੜ ਦੇ ਚਾਰ ਹੋਰ ਉਤਾਰੇ ਕੀਤੇ ਜੋ ਚਾਰ ਤਖ਼ਤਾਂ ਉੱਪਰ ਸੁਸ਼ੋਭਿਤ ਕੀਤੇ ਗਏ। ਬਾਬਾ ਜੀ ਦੀ ਹੱਥ-ਲਿਖਤ ਅਤਿ ਸੁੰਦਰ ਸੀ ਤੇ ਆਪ ਨੂੰ ਗੁਰਮੁਖੀ ਤੋਂ ਇਲਾਵਾ ਬ੍ਰਿਜ, ਅਰਬੀ, ਫ਼ਾਰਸੀ ਦਾ ਡੂੰਘਾ ਗਿਆਨ ਸੀ।

ਸ੍ਰੀ ਦਮਦਮਾ ਸਾਹਿਬ ਵਿਖੇ ਹੀ ਦਸਮ ਪਾਤਸ਼ਾਹ ਜੀ ਨੇ ਜਿਨ੍ਹਾਂ ੪੮ ਗੁਰਸਿੱਖਾਂ ਨੂੰ ਗੁਰਬਾਣੀ ਉਚਾਰਨ ਤੇ ਅਰਥ ਬੋਧ ਦਾ ਗਿਆਨ ਬਖਸ਼ਿਆ, ਉਨ੍ਹਾਂ ਵਿੱਚ ਬਾਬਾ ਦੀਪ ਸਿੰਘ ਜੀ ਵਿਸ਼ੇਸ਼ ਸਨ। ਜਦ ਕਲਗੀਧਰ ਪਾਤਸ਼ਾਹ ਜੀ ਦਮਦਮਾ ਸਾਹਿਬ ਤੋਂ ਦੱਖਣ ਵੱਲ ਨੂੰ ਰਵਾਨਾ ਹੋਣ ਲੱਗੇ ਤਾਂ ਬਾਬਾ ਦੀਪ ਸਿੰਘ ਜੀ ਨੇ ਸੇਜਲ ਨੇਤਰਾਂ ਨਾਲ ਸਤਿਗੁਰਾਂ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ, "ਇਸ ਸੇਵਕ ਲਈ ਕੀ ਹੁਕਮ ਐ?" ਹਜੂਰ ਨੇ ਫ਼ਰਮਾਇਆ ਕਿ "ਇਸ ਧਰਤੀ 'ਤੇ ਹੀ ਟਿਕਾਅ ਕਰਨਾ, ਗੁਰਬਾਣੀ ਦਾ ਪ੍ਰਚਾਰ ਕਰਨਾ, ਅਰਥ ਬੋਧ ਕਰਵਾਉਣੇ, ਸਿੰਘ ਸਜਾਉਣੇ ਤੇ ਖ਼ਾਲਸਈ ਮਰਯਾਦਾ ਉਪਰ ਅੰਤਲੇ ਸਵਾਸਾਂ ਤਕ ਪਹਿਰਾ ਦੇਣਾ ਹੈ। ਗੁਰੂ ਸਦਾ ਤੁਹਾਡੇ ਅੰਗ-ਸੰਗ ਰਹੇਗਾ। " ਬਾਬਾ ਜੀ ਨੇ ਗੁਰ ਆਗਿਆ ਪਾ ਕੇ ਸ੍ਰੀ ਦਮਦਮਾ ਸਾਹਿਬ ਨੂੰ ਗੁਰਮਤਿ ਪ੍ਰਚਾਰ ਦਾ ਕੇਂਦਰ ਬਣਾਇਆ। ਇਸੇ ਲਈ ਆਪ ਜੀ ਨੂੰ ਦਮਦਮੀ ਟਕਸਾਲ ਦੇ ਪਹਿਲੇ ਮੁਖੀ ਮੰਨਿਆ ਜਾਂਦਾ ਹੈ। ਇਸੇ ਸੰਬੰਧ ਵਿਚ 'ਮਹਾਨ ਕੋਸ਼' ਦੇ ਕਰਤਾ ਨੇ ਦਮਦਮਾ ਸਾਹਿਬ ਨੂੰ ਸਿੱਖ ਲਿਖਾਰੀਆਂ ਤੇ ਗਯਾਨੀਆਂ ਦੀ ਟਕਸਾਲ ਲਿਖਿਆ ਹੈ।

ਜਦੋਂ ਬਾਬਾ ਬੰਦਾ ਸਿੰਘ ਬਹਾਦਰ ਕਲਗੀਧਰ ਪਾਤਸ਼ਾਹ ਜੀ ਤੋਂ ਥਾਪੜਾ ਲੈ ਕੇ ਜਾਬਰਾਂ ਤੇ ਜ਼ਾਲਮਾ ਨੂੰ ਸੋਧਣ ਲਈ ਨਾਂਦੇੜ ਤੋਂ ਪੰਜਾਬ ਵੱਲ ਆਏ ਤਾਂ ਬਾਬਾ ਦੀਪ ਸਿੰਘ ਜੀ ਨੇ ਆਪਣੇ ਸੂਰਬੀਰ ਸਿੰਘਾਂ ਦਾ ਜਥਾ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਦਾ ਸਾਥ ਦਿੱਤਾ। ਸਢੌਰਾ, ਸਮਾਣਾ ਤੇ ਚੱਪੜਚਿੜੀ ਦੀ ਜੰਗ ਤੇ ਸਰਹਿੰਦ ਫ਼ਤਹ ਸਮੇਂ ਬਾਬਾ ਦੀਪ ਸਿੰਘ ਜੀ ਨੇ ਬਹਾਦਰੀ ਦੇ ਜੌਹਰ ਵਿਖਾਏ। ਉਪਰੰਤ ਆਪ ਫਿਰ ਗੁਰੂ ਬਚਨਾਂ ਦੀ ਪਾਲਣਾ ਅਨੁਸਾਰ ਸ੍ਰੀ ਦਮਦਮਾ ਸਾਹਿਬ ਪਹੁੰਚ ਗਏ। ਇਹ ਵਰਣਨਯੋਗ ਹੈ ਕਿ ਬਾਬਾ ਬੰਦਾ ਸਿੰਘ ਦੀ ਸ਼ਹਾਦਤ ਤੋਂ ਬਾਅਦ ਵੀ ਸ੍ਰੀ ਦਮਦਮਾ ਸਾਹਿਬ ਸਿੱਖ ਯੋਧਿਆਂ ਦੀ ਠਾਹਰ ਤੇ ਗੁਰਮਤਿ ਵਿੱਦਿਆ ਦਾ ਕੇਂਦਰ ਰਿਹਾ। ਬਾਬਾ ਦੀਪ ਸਿੰਘ ਦੇ ਜਥੇ ਨੂੰ ਸ਼ਹੀਦਾਂ ਦਾ ਜਥਾ ਕਿਹਾ ਜਾਂਦਾ ਸੀ। ਜਦੋਂ ੧੭੪੮ ਈ. ਵਿਚ ਸਿੱਖਾਂ ਦੇ ੬੫ ਜਥਿਆਂ ਤੋਂ ੧੨ ਮਿਸਲਾਂ ਬਣੀਆਂ ਤਾਂ ਸ਼ਹੀਦਾਂ ਦੀ ਮਿਸਲ ਦੇ ਜਥੇਦਾਰ ਬਾਬਾ ਦੀਪ ਸਿੰਘ ਜੀ ਨੂੰ ਥਾਪਿਆ ਗਿਆ। ਇਨ੍ਹਾਂ ਦਾ ਮੁੱਖ ਟਿਕਾਣਾ ਸ੍ਰੀ ਦਮਦਮਾ ਸਾਹਿਬ ਹੀ ਰਿਹਾ। ਜਿਸ ਬੁਰਜ ਵਿਚ ਆਪ ਦਾ ਟਿਕਾਣਾ ਸੀ, ਉਹ ਹੁਣ ਵੀ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਨਜ਼ਦੀਕ ਬੁਰਜ ਬਾਬਾ ਦੀਪ ਸਿੰਘ ਕਰਕੇ ਜਾਣਿਆ ਜਾਂਦਾ ਹੈ।

ਜਦ ਅਹਿਮਦ ਸ਼ਾਹ ਅਬਦਾਲੀ ਨੇ ੧੭੫੬-੫੭ ਈ. ਵਿਚ ਹਿੰਦੁਸਤਾਨ ਉਪਰ ਚੌਥਾ ਹਮਲਾ ਕੀਤਾ ਤਾਂ ਉਹਨੇ ਲੁੱਟ ਦਾ ਮਾਲ ਕਾਬਲ ਵੱਲ ਭੇਜਿਆ। ਪੰਜਾਬ ਤੋਂ ਵਾਪਸੀ ਦੇ ਲਾਂਘੇ ਸਮੇਂ ਗੁਰੀਲਾ ਯੁੱਧ ਦੇ ਮਾਹਰ ਸਿੰਘਾਂ ਨੇ ਹਮਲਾ ਕਰ ਕੇ ਉਹਦਾ ਲੁੱਟਿਆ ਮਾਲ ਵਾਪਸ ਲਿਆ ਤੇ ਬੰਦੀ ਬੀਬੀਆਂ ਨੂੰ ਛੁਡਾਇਆ। ਖ਼ਾਲਸੇ ਨੇ ਉਹਦਾ ਹੰਕਾਰ ਤੋੜਿਆ। ਅਬਦਾਲੀ ਨੇ ਬਦਲਾ-ਲਊ ਨੀਤੀ ਨਾਲ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਲਾਹੌਰ ਦਾ ਸੂਬੇਦਾਰ ਥਾਪਿਆ ਤੇ ਜਹਾਨ ਖ਼ਾਨ ਨੂੰ ਉਹਦਾ ਸੈਨਾਪਤੀ ਬਣਾ ਕੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਹੁਕਮ ਕੀਤਾ। ਜਹਾਨ ਖ਼ਾਨ ਨੇ ੧੭੫੭ ਈ. ਵਿਚ ਰਾਮਰੌਣੀ ਦਾ ਕਿਲ੍ਹਾ ਢਾਹਿਆ ਤੇ ਉਹਦੇ ਮਲਬੇ ਨਾਲ ਸ੍ਰੀ ਅੰਮ੍ਰਿਤਸਰ ਦੇ ਪਵਿੱਤਰ ਸਰੋਵਰ ਨੂੰ ਮਿੱਟੀ-ਘੱਟੇ ਨਾਲ ਪੂਰ ਦਿੱਤਾ ਤੇ ਇੱਥੇ ਮਨਮਾਨੀਆਂ ਕਰ ਕੇ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਕਰਨ ਲੱਗ ਪਿਆ। ਇਸ ਜ਼ਾਲਮਾਨਾ ਕਾਰਵਾਈ ਦੀ ਖ਼ਬਰ ਜਦੋਂ ਬਾਬਾ ਦੀਪ ਸਿੰਘ ਜੀ ਨੂੰ ਸ੍ਰੀ ਦਮਦਮਾ ਸਾਹਿਬ ਵਿਖੇ ਮਿਲੀ ਤਾਂ ਬਾਬਾ ਜੀ ਉੱਥੋਂ ਅਰਦਾਸਾ ਕਰ ਕੇ ਆਪਣੇ ਪੰਜ ਸੌ ਸਿੰਘਾਂ ਦੇ ਜਥੇ ਨਾਲ ਸ੍ਰੀ ਅੰਮ੍ਰਿਤਸਰ ਵੱਲ ਚੱਲ ਪਏ। ਉਸ ਸਮੇਂ ਆਪ ਜੀ ਦੀ ਉਮਰ ੭੫ ਸਾਲ ਸੀ। ਸ੍ਰੀ ਤਰਨ ਤਾਰਨ ਤਕ ਪਹੁੰਚਦਿਆਂ ਮਰਜੀਵੜਿਆਂ ਦੀ ਗਿਣਤੀ ਪੰਜ ਹਜ਼ਾਰ ਹੋ ਗਈ। ਇਧਰ ਜਹਾਨ ਖ਼ਾਨ ਸ੍ਰੀ ਅੰਮ੍ਰਿਤਸਰ ਤੋਂ ਬਾਹਰ ਗੋਹਲਵੜ ਦੇ ਸਥਾਨ 'ਤੇ ਵੀਹ ਹਜ਼ਾਰ ਸੈਨਾ ਲੈ ਕੇ ਬੈਠਾ ਸੀ। ਇੱਥੇ ਭਰਵਾਂ ਯੁੱਧ ਹੋਇਆ। ਪੁਰਾਤਨ ਲਿਖਤ ਤਹਿਮਾਸ-ਨਾਮਾ ਅਨੁਸਾਰ ਸਿੱਖ ਯੋਧਿਆਂ ਨੇ ਪਹਿਲੇ ਹੱਲੇ ਸਮੇਂ ਦੁਸ਼ਮਣਾਂ ਨੂੰ ਭਾਜੜਾਂ ਪਾ ਦਿੱਤੀਆਂ। ਬਾਬਾ ਨੌਧ ਸਿੰਘ ਜੀ ਤੇ ਹੋਰ ਅਨੇਕਾਂ ਸਿੰਘ ਚੱਬੇ

ਪਿੰਡ ਕੋਲ ਸ਼ਹੀਦ ਹੋਏ। ਇਹ ਜੰਗ ਲੜਦਿਆਂ ਜਹਾਨ ਖ਼ਾਨ ਦੀ ਫੌਜ ਸ੍ਰੀ ਅੰਮ੍ਰਿਤਸਰ ਵੱਲ ਪਿੱਛੇ ਹੱਟਦੀ ਗਈ। ਇੱਥੇ ਹਾਥੀ 'ਤੇ ਸਵਾਰ ਜਹਾਨ ਖ਼ਾਨ ਦਾ ਸਿਰ ਭਾਈ ਦਿਆਲ ਸਿੰਘ ਜੀ ਨੇ ਘੋੜੇ ਦੀ ਛਾਲ ਦੇ ਕਰਤਵ ਕਰ ਕੇ ਇੱਕੋ ਵਾਰ ਨਾਲ ਲਾਹ ਸੁੱਟਿਆ। ਇਕ ਜਰਨੈਲ ਯਕੂਬ ਖ਼ਾਨ ਨੂੰ ਬਾਬਾ ਦੀਪ ਸਿੰਘ ਜੀ ਨੇ ਖੰਡੇ ਨਾਲ ਢੇਰੀ ਕਰ ਦਿੱਤਾ। ਯਕੂਬ ਖ਼ਾਨ ਨੂੰ ਡਿਗਦਿਆਂ ਵੇਖ ਕੇ ਇੱਕ ਪਠਾਣ ਅਮਾਨ ਖ਼ਾਨ (ਸ਼ਾਹ ਜਮਾਲ ਖਾਂ) ਸਾਹਮਣੇ ਆਇਆ। ਬਾਬਾ ਜੀ ਤੇ ਅਮਾਨ ਖ਼ਾਨ ਦੇ ਦੋਨੋ ਪਾਸਿਉਂ ਜੋਸ਼ ਵਿਚ ਫੁਰਤੀ ਨਾਲ ਸ਼ਸਤਰ ਚੱਲੇ ਕਿ ਦੋਹਾਂ ਦੇ ਸਿਰ ਵੱਖ ਹੋ ਗਏ। ਪੰਥ ਪ੍ਰਕਾਸ਼ ਅਨੁਸਾਰ:

*ਚਲੀ ਤੇਗ ਅਤ ਬੇਗ ਸੈਂ ਦੁਹੂੰ ਕੇਰ ਬਲ ਧਾਰ।*
*ਉਤਰ ਗਏ ਸਿਰ ਦੁਹੂੰ ਕੇ, ਪਰਸ ਪਰੈਂ ਇਕ ਸਾਰ।*

ਸਿੱਖ ਮਾਨਤਾਵਾਂ ਅਨੁਸਾਰ ਬਾਬਾ ਦੀਪ ਸਿੰਘ ਜੀ ਨੇ ਸੱਜੇ ਹੱਥ ਅਠਾਰ੍ਹਾਂ ਸੇਰ ਦਾ ਖੰਡਾ ਤੇ ਖੱਬੇ ਹੱਥ ਸੀਸ ਤਲੀ 'ਤੇ ਧਰ ਕੇ ਵੈਰੀਆਂ ਦੀ ਐਸੀ ਵਾਢ ਧਰੀ ਕਿ ਉਹ ਧੜ ਲੜਦਾ ਵੇਖ ਕੇ ਮੈਦਾਨ ਛੱਡ ਕੇ ਨੱਸ ਗਏ। ਬਾਬਾ ਜੀ ਨੇ ਆਪਣੀ ਅਰਦਾਸ ਦੇ ਬੋਲ ਪੁਗਾਉਂਦਿਆਂ ਸ੍ਰੀ ਦਰਬਾਰ ਸਾਹਿਬ ਵਿਖੇ ਜਾ ਸੀਸ ਭੇਟ ਕੀਤਾ। ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਪਰਕਰਮਾ ਵਿਚ ਬਾਬਾ ਜੀ ਦਾ ਸੀਸ ਭੇਟ ਵਾਲਾ ਸਥਾਨ ਹੈ, ਜਿੱਥੇ ਸੰਗਤ ਸ਼ਰਧਾ ਨਾਲ ਨਮਸਕਾਰ ਕਰਦੀ ਹੈ। ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਦੀ ਬਹਾਲੀ ਲਈ ਬੇਅੰਤ ਯੋਧਿਆਂ ਨੇ ਸ਼ਹੀਦੀਆਂ ਪਾਈਆਂ। ਕੁਝ ਸ਼ਹੀਦਾਂ ਦਾ ਅਸਥਾਨ ਗੁਰਦੁਆਰਾ ਮੰਜੀ ਸਾਹਿਬ ਨਜ਼ਦੀਕ ਹੈ। ਬਾਬਾ ਦੀਪ ਸਿੰਘ ਜੀ ਦੀ ਦੇਹ ਦਾ ਅੰਤਮ ਸਸਕਾਰ ਜਿੱਥੇ ਕੀਤਾ ਗਿਆ ਉਹ ਅੱਜ ਕੱਲ੍ਹ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਹੈ।

ਬਾਬਾ ਦੀਪ ਸਿੰਘ ਜੀ ਦੇ ਨਾਮ ਦੀ ਵਿਆਖਿਆਕਾਰੀ ਮਨ ਭਾਉਂਦੀ ਹੈ ਕਿ ਉਹ ਆਪਣੀ ਉਮਰ, ਅਜ਼ਮਤ, ਬਜ਼ੁਰਗੀ, ਗੁਰਮਤੀ ਜੀਵਨ ਤੇ ਬੰਦਗੀ ਕਰ ਕੇ 'ਬਾਬਾ' ਸਨ। 'ਦੀਪ' ਤੋਂ ਭਾਵ ਉਨ੍ਹਾਂ ਦਾ ਧਰਮੀ ਜੀਵਨ-ਸ਼ਰਧਾ, ਭਾਵਨਾ, ਗਿਆਨ ਤੇ ਸਿਦਕੀ ਰੋਸ਼ਨੀ ਦੀ ਲਟ ਲਟ ਬਲਦੀ ਮਸ਼ਾਲ ਹੈ ਤੇ ਇਹ ਸਿੱਖੀ ਦਾ ਜਲਾਲੀ (ਪ੍ਰਕਾਸ਼ਮਈ) ਰੂਪ ਹੈ। 'ਸਿੰਘ' ਕਲਗੀਧਰ ਪਾਤਿਸ਼ਾਹ ਵੱਲੋਂ ਬਖਸ਼ਿਆ ਲਕਬ ਉਨ੍ਹਾਂ ਦੀ ਸਿੰਘਊ ਗਰਜ, ਜੁਝਾਰੂਪੁਣਾ, ਬਚਨ ਕੇ ਬਲੀ ਤੇ ਖ਼ਾਲਸਈ ਜੀਵਨ ਦੀ ਓੜਕ ਤਕ ਨਿਭੀ-ਗੁਰੂ ਪ੍ਰੀਤ ਦੀ ਪਹਿਰੇਦਾਰੀ ਹੈ। ਬਾਬਾ ਦੀਪ ਸਿੰਘ ਜੀ ਨੂੰ ਸੰਤ, ਬ੍ਰਹਮ ਗਿਆਨੀ, ਬਚਨ ਕੇ ਬਲੀ, ਮਹਾਨ ਜਰਨੈਲ, ਅਨੋਖੇ ਅਮਰ ਸ਼ਹੀਦ ਆਦਿ ਅਨੇਕਾਂ ਵਿਸ਼ੇਸ਼ਣਾਂ ਨਾਲ ਸਤਿਕਾਰਿਆ ਜਾਂਦਾ ਹੈ। ਅਜਿਹੀਆਂ ਮਹਾਨ ਤੇ ਪੂਜਨੀਕ ਰੂਹਾਂ ਦੀ ਜੀਵਨ ਕਰਨੀ ਸਦੀਵ ਕਾਲ ਕੌਮਾਂ ਦਾ ਸਵੈਮਾਣ ਤੇ ਰਾਹ-ਦਸੇਰੀ ਹੁੰਦੀ ਹੈ। ਉਨ੍ਹਾਂ ਦੀ ਘਾਲ-ਕਮਾਈ ਨੂੰ ਸਦ ਨਮਸਕਾਰ-ਸਦ ਨਮਸਕਾਰ ਹੈ। ■

# ਹੋਲੀ ਤੋਂ ਹੋਲਾ ਮਹੱਲਾ

*-ਡਾ. ਸ਼ਮਸ਼ੇਰ ਸਿੰਘ**

ਭਾਰਤ ਨੂੰ ਤਿਉਹਾਰਾਂ ਦਾ ਦੇਸ਼ ਵੀ ਕਿਹਾ ਜਾਂਦਾ ਹੈ। ਹਰ ਮੌਸਮ ਅੰਦਰ, ਲੋਕ ਆਪੋ-ਆਪਣੇ ਪਰੰਪਰਿਕ ਢੰਗ ਨਾਲ ਇਨ੍ਹਾਂ ਤਿਉਹਾਰਾਂ ਨੂੰ ਮਨਾਉਂਦੇ ਹਨ। ਇਨ੍ਹਾਂ ਧਾਰਮਿਕ, ਸਮਾਜਿਕ ਤਿਉਹਾਰਾਂ ਦੇ ਪਿੱਛੇ ਇੱਕ ਮਿਥਿਹਾਸ ਜਾਂ ਇਤਿਹਾਸ ਜ਼ਰੂਰ ਹੁੰਦਾ ਹੈ ਜਿਸ ਦਾ ਮਨੋਰਥ ਪ੍ਰੇਰਨਾਮਈ ਰਿਹਾ ਹੈ। ਪ੍ਰੰਤੂ ਵਰਤਮਾਨ ਇਹ ਸਭ ਤਿਉਹਾਰ ਇੱਕ ਰਸਮ ਬਣ ਕੇ ਰਹਿ ਗਏ ਹਨ। ਇਨ੍ਹਾਂ ਦੀ ਅਸਲ ਭਾਵਨਾ ਖਤਮ ਹੋ ਗਈ ਹੈ ਜਾਂ ਇੰਜ ਕਹਿ ਸਕਦੇ ਹਾਂ ਕਿ ਇਨ੍ਹਾਂ ਦੇ ਬਾਹਰੀ ਦਿਖਾਵੇ ਭਰਪੂਰ ਕਰਮ-ਕਾਂਡਾਂ ਦੇ ਥੱਲੇ ਦੱਬੀ ਗਈ ਹੈ।

ਜੇਕਰ ਹੋਲੀ ਦੇ ਤਿਉਹਾਰ ਦੀ ਗੱਲ ਕਰੀਏ ਤਾਂ ਇਸ ਦੇ ਪਿਛੇ ਇੱਕ ਐਸੀ ਪ੍ਰੇਰਨਾਮਈ ਕਹਾਣੀ ਹੈ ਜਿਸ ਤੋਂ ਸਪੱਸ਼ਟ ਰੂਪ ਵਿਚ ਇਹ ਸਾਹਮਣੇ ਆਉਂਦਾ ਹੈ ਕਿ ਚੰਗਿਆਈ ਦੀ ਬੁਰਾਈ ਉੱਪਰ ਸਦਾ ਜਿੱਤ ਹੁੰਦੀ ਹੈ। ਪ੍ਰੰਤੂ ਅੱਜ ਇਹ ਤਿਉਹਾਰ ਇਸ ਭਾਵਨਾ ਤੋਂ ਬਹੁਤ ਦੂਰ ਜਾ ਕੇ ਇੱਕ-ਦੂਸਰੇ ਉੱਤੇ ਰੰਗ, ਚਿੱਕੜ ਤੇ ਹੋਰ ਗੰਦ-ਮੰਦ ਪਾਉਣ ਤਕ ਹੀ ਸੀਮਤ ਹੋ ਗਿਆ ਹੈ। ਇੱਥੇ ਹੋਲੀ ਦੇ ਤਿਉਹਾਰ ਦੇ ਪਿਛੋਕੜ ਨੂੰ ਦੱਸਣਾ ਜ਼ਰੂਰੀ ਹੈ ਅਤੇ ਫਿਰ ਗੁਰਮਤਿ ਨੇ ਇਸ ਪ੍ਰਕਾਰ ਦੇ ਤਿਉਹਾਰਾਂ ਅੰਦਰ ਜੋ ਨਵੀਂ ਮੌਲਿਕ ਨੈਤਿਕਤਾ ਵਾਲੀ ਸਪਿਰਟ ਭਰੀ, ਨੂੰ ਸੁਖਾਲਾ ਹੀ ਸਮਝਿਆ ਜਾ ਸਕਦਾ ਹੈ।

ਮੁਲਤਾਨ ਦਾ ਰਾਜਾ ਹਰਨਾਕਸ਼ ਸਤਿਜੁਗ ਦੇ ਸਮੇਂ ਅੰਦਰ ਹੋਇਆ ਮੰਨਿਆ ਜਾਂਦਾ ਹੈ। ਹਰਨਾਕਸ਼ ਦਾ ਅਸਲ ਨਾਮ ਹਿਰਣ੍ਯ-ਕਸ਼ਿਪ (ਸੁਨਹਿਰੀ ਪੁਸ਼ਾਕ ਵਾਲਾ) ਹੈ। ਕਿਹਾ ਜਾਂਦਾ ਹੈ ਕਿ ਇਸ ਨੇ ਕਠਿਨ ਤਪੱਸਿਆ ਕਰ ਕੇ ਸ਼ਿਵ ਜੀ ਤੋਂ ਵਰ ਪ੍ਰਾਪਤ ਕੀਤਾ ਕਿ- 'ਨਾ ਮੈਂ ਦਿਨੇ-ਨਾ ਰਾਤ ਮਰਾਂ, ਨਾ ਅਸਮਾਨ-ਨਾ ਜ਼ਮੀਨ 'ਤੇ ਮਰਾਂ, ਨਾ ਦੇਵਤੇ-ਨਾ ਦੈਂਤ ਜਾਂ ਮਨੁੱਖ ਪਾਸੋਂ ਮਰਾਂ, ਨਾ ਮੈਂ ਅੰਦਰ ਤੇ ਨਾ ਬਾਹਰ ਮਰਾਂ' ਆਦਿ ਵਰਾਂ ਦੇ ਪ੍ਰਾਪਤ ਹੋਣ 'ਤੇ ਉਸ ਦਾ ਮੌਤ ਤੋਂ ਭੈ ਦੂਰ ਹੋ ਗਿਆ। ਉਹ ਇੰਨਾ ਹੰਕਾਰੀ ਹੋ ਗਿਆ ਕਿ ਸਭ ਨੂੰ ਜਬਰਦਸਤੀ 'ਜਲੇ ਹਰਨਾਕਸ਼ ਥਲੇ ਹਰਨਾਕਸ਼' ਦਾ ਹੀ ਜਾਪ ਕਰਨ ਲਈ ਕਹਿੰਦਾ ਸੀ।

ਹਰਨਾਕਸ਼ ਦੇ ਚਾਰ ਪੁੱਤਰ ਸਨ। ਇਨ੍ਹਾਂ ਵਿੱਚੋਂ ਪ੍ਰਹਿਲਾਦ ਸਭ ਤੋਂ ਛੋਟਾ ਸੀ। ਬਾਕੀ ਤਾਂ ਸਭ ਹਰਨਾਕਸ਼ ਦੇ ਨਾਮ ਨੂੰ ਜਪਣ ਲੱਗ ਪਏ, ਪ੍ਰੰਤੂ ਪ੍ਰਹਿਲਾਦ ਨੇ ਆਪਣੇ

** #੧੧੩, ਸ਼ੇਖਪੁਰਾ, ਡਾਕਖਾਨਾ: ਪੰਜਾਬੀ ਯੂਨੀਵਰਸਿਟੀ, ਪਟਿਆਲਾ-੧੪੭੦੦੪; ਮੋ.੯੮੮੮੪-੩੮੧੫੭*

ਪਿਤਾ ਦਾ ਜਾਪ ਕਰਨ ਤੋਂ ਨਾਂਹ ਕਰ ਦਿੱਤੀ ਅਤੇ ਰਾਮ ਨਾਮ ਭਾਵ ਇਕ ਪਰਮਾਤਮਾ ਦਾ ਜਾਪ ਹੀ ਦ੍ਰਿੜ੍ਹ ਵਿਸ਼ਵਾਸ ਨਾਲ ਜਪਦਾ ਰਿਹਾ। ਗੁਰਬਾਣੀ ਵਿਚ ਪ੍ਰਹਿਲਾਦ ਦੀ ਇਸ ਪ੍ਰਕਾਰ ਦੀ ਦ੍ਰਿੜ੍ਹ ਵਿਸ਼ਵਾਸ ਵਾਲੀ ਪ੍ਰਭੂ-ਭਗਤੀ ਦਾ ਹੀ ਵਰਣਨ ਕੀਤਾ ਗਿਆ ਹੈ। ਗੁਰਬਾਣੀ ਦੀ ਇਸ ਸੰਬੰਧ ਵਿਚ ਰਚਨਾ ਪ੍ਰਭੂ-ਭਗਤੀ ਤੇ ਭਗਤਾਂ ਦੀ ਲੱਜਿਆ ਹੀ ਦ੍ਰਿੜ੍ਹ ਕਰਾਉਂਦੀ ਹੈ।

ਪ੍ਰਹਿਲਾਦ ਦੇ ਅਧਿਆਪਕਾਂ, ਸੰਤਾਂ ਅਤੇ ਸਾਥੀਆਂ ਨੇ ਹਰਨਾਕਸ਼ ਪਾਸ ਸ਼ਿਕਾਇਤ ਕੀਤੀ ਕਿ ਪ੍ਰਹਿਲਾਦ ਤਾਂ ਹਰ ਵਕਤ 'ਰਾਮ ਨਾਮ' (ਪਰਮਾਤਮਾ) ਦਾ ਜਾਪ ਹੀ ਕਰਦਾ ਰਹਿੰਦਾ ਹੈ ਅਤੇ ਬਾਕੀ ਸਾਥੀਆਂ ਨੂੰ ਵੀ 'ਰਾਮ ਨਾਮ' ਦੇ ਜਾਪ ਦੀ ਪ੍ਰੇਰਨਾ ਕਰਦਾ ਹੈ। ਇਸ ਦਾ ਜ਼ਿਕਰ ਗੁਰਬਾਣੀ ਵਿਚ ਭਗਤ ਨਾਮਦੇਵ ਜੀ ਨੇ "ਭੈਰਉ ਰਾਗ" ਵਿਚ ਕੀਤਾ ਹੈ:

*ਰਾਮੁ ਕਹੈ ਕਰ ਤਾਲ ਬਜਾਵੈ ਚਟੀਆ ਸਭੈ ਬਿਗਾਰੇ॥੧॥*
*ਰਾਮ ਨਾਮਾ ਜਪਿਬੋ ਕਰੈ॥*
*ਹਿਰਦੈ ਹਰਿ ਜੀ ਕੋ ਸਿਮਰਨੁ ਧਰੈ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੬੫)*

ਹਰਨਾਕਸ਼ ਨੇ ਪ੍ਰਹਿਲਾਦ ਨੂੰ ਰਾਮ ਨਾਮ ਛੱਡ ਕੇ 'ਜਲੇ ਹਰਨਾਕਸ਼ ਥਲੇ ਹਰਨਾਕਸ਼' ਜਪਣ ਲਈ ਕਿਹਾ। ਪ੍ਰਹਿਲਾਦ ਦੇ ਨਾ ਮੰਨਣ 'ਤੇ ਉਸ ਨੂੰ ਤਸੀਹੇ ਦੇਣੇ ਸ਼ੁਰੂ ਕੀਤੇ, ਮਾਂ ਨੇ ਵੀ ਪ੍ਰਹਿਲਾਦ ਨੂੰ ਸਮਝਾਇਆ ਪ੍ਰੰਤੂ ਪ੍ਰਹਿਲਾਦ ਨੂੰ ਆਪਣੇ ਪ੍ਰਭੂ ਉੱਤੇ ਪੂਰਾ ਭਰੋਸਾ ਸੀ। ਗੁਰਬਾਣੀ ਅਨੁਸਾਰ:

- *ਪ੍ਰਹਿਲਾਦੁ ਕਹੈ ਸੁਨਹੁ ਮੇਰੀ ਮਾਇ॥*
  *ਰਾਮ ਨਾਮੁ ਨ ਛੋਡਾ ਗੁਰਿ ਦੀਆ ਬੁਝਾਇ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੩੩)*
- *ਇਕੁ ਰਾਮੁ ਨ ਛੋਡਉ ਗੁਰਹਿ ਗਾਰਿ॥*
  *ਮੋ ਕਉ ਘਾਲਿ ਜਾਰਿ ਭਾਵੈ ਮਾਰਿ ਡਾਰਿ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੯੪)*

ਸਜ਼ਾ ਦੇਣ ਲਈ ਪ੍ਰਹਿਲਾਦ ਨੂੰ ਇਕ ਕੋਠੇ ਅੰਦਰ ਬੰਦ ਕਰ ਦਿੱਤਾ ਪਰੰਤੂ ਪ੍ਰਹਿਲਾਦ ਨਾ ਘਬਰਾਇਆ। ਕਿਹਾ ਜਾਂਦਾ ਹੈ ਕਿ ਹਰਨਾਕਸ਼ ਦੀ ਭੈਣ ਹੋਲਿਕਾ ਨੂੰ ਸ਼ਿਵ ਤੋਂ ਵਰ ਵਿਚ ਇੱਕ ਚਾਦਰ ਮਿਲੀ ਹੋਈ ਸੀ ਜਿਸ 'ਤੇ ਅੱਗ ਅਸਰ ਨਹੀਂ ਸੀ ਕਰ ਸਕਦੀ। ਹਰਨਾਕਸ਼ ਦੇ ਕਹਿਣ 'ਤੇ ਪ੍ਰਹਿਲਾਦ ਨੂੰ ਮਾਰਨ ਹਿੱਤ, ਹੋਲਿਕਾ ਪ੍ਰਹਿਲਾਦ ਨੂੰ ਗੋਦੀ ਵਿਚ ਲੈ ਕੇ ਅੱਗ ਵਿਚ ਬੈਠ ਗਈ ਅਤੇ ਆਪਣੇ ਦੁਆਲੇ ਚਾਦਰ ਲਪੇਟ ਲਈ। ਪ੍ਰਭੂ ਤਾਂ ਆਪਣੇ ਭਗਤਾਂ ਦੀ ਹਮੇਸ਼ਾਂ ਲਾਜ ਰੱਖਦਾ ਹੈ ਉਹ ਚਾਦਰ ਹੋਲਿਕਾ ਤੋਂ ਉਡ ਕੇ ਪ੍ਰਹਿਲਾਦ ਦੁਆਲੇ ਲਿਪਟ ਗਈ ਤੇ ਹੋਲਿਕਾ ਸੜ ਮਰੀ ਤੇ ਪ੍ਰਹਿਲਾਦ ਬਚ ਗਿਆ।

ਇਸ ਤੋਂ ਉਪਰੰਤ ਪ੍ਰਹਿਲਾਦ ਨੂੰ ਗਰਮ ਥੰਮ੍ਹ ਨਾਲ ਲਿਪਟਣ ਲਈ ਕਿਹਾ। ਪਰਮਾਤਮਾ ਇੱਥੇ ਵੀ ਕੀੜੀ ਰੂਪ ਵਿਚ ਥੰਮ ਉੱਤੇ ਆ ਗਿਆ ਤਾਂ ਪ੍ਰਹਿਲਾਦ ਨੇ ਥੰਮ੍ਹ ਨੂੰ ਜੱਫੀ ਪਾ ਲਈ। ਪਰਮਾਤਮਾ ਥੰਮ ਵਿੱਚੋਂ ਨਰਸਿੰਘ ਰੂਪ ਧਾਰ ਕੇ ਪ੍ਰਗਟ ਹੋਇਆ

ਤੇ ਹਰਨਾਕਸ਼ ਦਾ ਨਾਸ਼ ਕੀਤਾ ਤੇ ਪ੍ਰਹਿਲਾਦ ਨੂੰ ਬਚਾਇਆ।

ਹੋਲਿਕਾ ਦੀ ਕੁਟਲ ਭਰੀ ਨੀਤੀ ਅਤੇ ਪ੍ਰਹਿਲਾਦ ਭਗਤ ਦਾ ਪ੍ਰਭੂ ਉੱਤੇ ਵਿਸ਼ਵਾਸ ਦੇਖ ਕੇ ਲੋਕਾਂ ਨੇ ਖੁਸ਼ੀ ਮਨਾਈ ਤੇ ਹੋਲਿਕਾ ਦੀ ਜਲੀ ਹੋਈ ਸੁਆਹ ਨੂੰ ਉਡਾਇਆ। ਇਹ ਚੰਗਿਆਈ ਦੀ ਬੁਰਾਈ ਉੱਤੇ ਜਿੱਤ ਸੀ; ਪ੍ਰੰਤੂ ਸਮੇਂ ਦੇ ਗੇੜ ਨਾਲ ਇਹ ਤਿਉਹਾਰ ਆਪਣੀ ਅਸਲ ਭਾਵਨਾ, ਜੋ ਚੰਗਿਆਈ ਨਾਲ ਭਰਪੂਰ ਸੀ, ਗੁਆ ਬੈਠਾ ਤੇ ਲੋਕਾਂ ਨੇ ਇਸ ਨੂੰ ਇੱਕ ਰਸਮੀ ਤਿਉਹਾਰ ਦੇ ਰੂਪ ਵਿਚ ਹੀ ਬਦਲ ਦਿੱਤਾ। ਇਨ੍ਹਾਂ ਤਿਉਹਾਰਾਂ ਅੰਦਰ ਆਤਮਿਕ ਜਾਗ੍ਰਿਤੀ ਦੀ ਭਾਵਨਾ ਖਤਮ ਹੋ ਚੁੱਕੀ ਸੀ। ਜਿਸ ਭਾਵਨਾ ਦਾ ਪ੍ਰਤੀਕ ਇਹ ਤਿਉਹਾਰ ਸਨ ਉਹ ਭਾਵਨਾ ਅੱਜ ਵੀ ਸਹੀ ਰੂਪ ਵਿਚ ਪ੍ਰਗਟ ਨਹੀਂ ਕੀਤੀ ਜਾਂਦੀ।

ਸਿੱਖ ਧਰਮ ਅੰਦਰ ਤਿਉਹਾਰਾਂ ਨੂੰ ਆਤਮ ਰੰਗਣ ਦਿੱਤੀ ਗਈ ਹੈ। ਹੋਲੀ ਨੂੰ 'ਫਾਗ' ਨਾਮ ਨਾਲ ਵੀ ਵਰਣਨ ਕੀਤਾ ਹੈ। ਫਾਗ ਤੋਂ ਭਾਵ ਹੈ ਫੱਗਣ ਮਹੀਨੇ ਦੀ ਬਸੰਤ ਰੁੱਤ, ਜੋ ਖੁਸ਼ੀਆਂ ਦੀ ਪ੍ਰਤੀਕ ਹੈ। ਗੁਰਬਾਣੀ ਅੰਦਰ ਇਸ ਪ੍ਰਕਾਰ ਦੀਆਂ ਰੁੱਤਾਂ/ਤਿਉਹਾਰਾਂ ਆਦਿ ਨੂੰ ਅਧਿਆਤਮਿਕ ਰੰਗਣ ਦਿੱਤੀ ਗਈ ਹੈ।

ਗੁਰਸਿੱਖਾਂ ਦੀ ਆਤਮਿਕ ਮੰਡਲਾਂ ਦੀ ਅਨੰਦ ਭਰਪੂਰ ਹੋਲੀ ਦਾ ਨਜ਼ਾਰਾ ਦੁਨਿਆਵੀ ਹੋਲੀ ਨਾਲੋਂ ਵੱਖਰਾ ਤੇ ਵਿਲੱਖਣ ਹੁੰਦਾ ਹੈ। ਗੁਰਮਤਿ ਵਿਚ ਇਨ੍ਹਾਂ ਤਿਉਹਾਰਾਂ ਅੰਦਰ ਜੋਸ਼ ਦੇ ਨਾਲ ਨਾਲ ਹੋਸ਼ ਵੀ ਕਾਇਮ ਰੱਖਿਆ ਜਾਂਦਾ ਹੈ ਜਦ ਕਿ ਬਾਕੀ ਲੋਕ ਇਨ੍ਹਾਂ ਤਿਉਹਾਰਾਂ ਦੇ ਦਿਨਾਂ ਅੰਦਰ ਇਸ ਤਰ੍ਹਾਂ ਨਹੀਂ ਕਰਦੇ, ਸਗੋਂ ਦੂਸਰੇ ਉੱਪਰ ਗਾਰਾ, ਚਿੱਕੜ ਆਦਿ ਭੈੜੀਆਂ ਚੀਜ਼ਾਂ ਆਦਿ ਪਾ ਕੇ ਆਪਣੀ ਬਣਾਵਟੀ ਖੁਸ਼ੀ ਦਾ ਪ੍ਰਗਟਾਵਾ ਕਰਦੇ ਹਨ, ਇਸ ਦਾ ਜ਼ਿਕਰ ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਨੇ ਇਸ ਪ੍ਰਕਾਰ ਕੀਤਾ ਹੈ:

*ਹਿੰਦੁਨਿ ਕੇ ਦਿਨ ਹੋਲਿ ਦਿਵਾਲੀ,*
*ਇਤਯਾਦਿਕ ਦਿਨ ਚਲਹਿ ਕੁਚਾਲੀ।*
*ਬਿਨਾ ਲਾਜ ਤੇ ਹੁਇ ਨਰ ਨਾਰੀ,*
*ਕਰਹਿ ਖਰਾਬਾ ਕਾਢਤਿ ਗਾਰੀ॥* *(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)*

ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਬਸੰਤ ਰਾਗ' ਵਿਚ ਸੰਤਾਂ ਦੀ ਹੋਲੀ ਦਾ ਜ਼ਿਕਰ ਕੀਤਾ ਹੈ। ਪ੍ਰਭੂ ਦੀ ਸਿਫਤ ਸਲਾਹ ਕਰਨ ਨਾਲ ਜਗਿਆਸੂ ਦੇ ਹਿਰਦੇ ਅੰਦਰ ਆਤਮਿਕ ਅਨੰਦ ਬਣਿਆ ਰਹਿੰਦਾ ਹੈ। ਪ੍ਰਭੂ ਸਿਮਰਨ ਨਾਲ ਹਰ ਇੱਕ ਚਿੰਤਾ ਦੂਰ ਹੋ ਜਾਂਦੀ ਹੈ। ਮਨ ਖਿੜਾਉ ਵਿਚ ਰਹਿੰਦਾ ਹੈ। ਸਿਫਤ ਸਲਾਹ ਦੀ ਦਾਤ ਗੁਰੂ ਦੀ ਮਿਹਰ ਨਾਲ ਹੀ ਮਿਲਦੀ ਹੈ। ਪ੍ਰਭੂ ਜਸ ਕਰਨ ਨਾਲ ਮਨ ਅੰਦਰ ਖੇੜਾ ਹੋਲੀ ਵਾਂਗ ਖੁਸ਼ੀਆਂ ਭਰਿਆ ਹੁੰਦਾ ਹੈ। ਸੰਤ-ਜਨਾਂ ਦੀ ਸੇਵਾ ਨੂੰ ਅਸਲ ਹੋਲੀ ਮੰਨਿਆ ਗਿਆ ਹੈ। ਸੰਤਾਂ ਦੀ ਸੰਗਤ ਨਾਲ ਪ੍ਰਭੂ ਦਾ ਪਿਆਰ, ਗੂੜ੍ਹਾ ਆਤਮਿਕ ਰੰਗ ਚੜ੍ਹ ਜਾਂਦਾ ਹੈ। ਪ੍ਰਭੂ ਜਸ ਕਰਨ ਨਾਲ ਮਨ ਖਿੜ ਜਾਂਦਾ ਹੈ ਤੇ ਤਨ ਸੋਹਣਾ ਹੋ ਜਾਂਦਾ ਹੈ। ਭਾਵ

ਆਤਮਿਕ ਜੀਵਨ ਸਦਾ ਭਰਪੂਰ ਰਹਿੰਦਾ ਹੈ ਗੁਰਬਾਣੀ ਵਿਚ ਫੁਰਮਾਨ ਹੈ:

*ਗੁਰੁ ਸੇਵਉ ਕਰਿ ਨਮਸਕਾਰ॥*
*ਆਜੁ ਹਮਾਰੈ ਮੰਗਲਚਾਰ॥*
*ਆਜੁ ਹਮਾਰੈ ਮਹਾ ਅਨੰਦ॥*
*ਚਿੰਤ ਲਥੀ ਭੇਟੇ ਗੋਬਿੰਦ॥੧॥*
*ਆਜੁ ਹਮਾਰੈ ਗ੍ਰਿਹਿ ਬਸੰਤ॥*
*ਗੁਨ ਗਾਏ ਪ੍ਰਭ ਤੁਮ੍ ਬੇਅੰਤ॥੧॥ਰਹਾਉ॥*
*ਆਜੁ ਹਮਾਰੈ ਬਨੇ ਫਾਗ॥*
*ਪ੍ਰਭ ਸੰਗੀ ਮਿਲਿ ਖੇਲਨ ਲਾਗ॥*
*ਹੋਲੀ ਕੀਨੀ ਸੰਤ ਸੇਵ॥*
*ਰੰਗੁ ਲਾਗਾ ਅਤਿ ਲਾਲ ਦੇਵ॥੨॥*
*ਮਨੁ ਤਨੁ ਮਉਲਿਓ ਅਤਿ ਅਨੂਪ॥*
*ਸੂਕੈ ਨਾਹੀ ਛਾਵ ਧੂਪ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੮੦)*

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਨੂੰ ਹੋਲਾ ਮਹੱਲਾ (ਪੁਲਿੰਗ) ਨਾਂ ਦੇ ਕੇ ਇਸ ਨੂੰ ਚੜ੍ਹਦੀ ਕਲਾ ਨਾਲ ਜੋੜਿਆ ਹੈ। ਗੁਰੂ ਜੀ ਦੀ ਇਹ ਇੱਕ ਮੌਲਿਕ ਅਤੇ ਅਦੁੱਤੀ ਦੇਣ ਹੈ। ਸਿੱਖ ਧਰਮ ਅੰਦਰ ਤਿਉਹਾਰਾਂ ਨੂੰ ਖਾਲਸੇ ਦੀ ਚੜ੍ਹਦੀ ਕਲਾ ਅਤੇ ਧਾਰਮਿਕ ਜਾਗ੍ਰਿਤੀ ਨਾਲ ਜੋੜਿਆ ਗਿਆ ਹੈ। ਇਤਿਹਾਸ ਅਨੁਸਾਰ ਪਹਿਲਾਂ ਹੋਲਾ ਮਹੱਲਾ ੧੭੫੧ ਬਿਕ੍ਰਮੀ (੧੭੦੦ ਈ.) ਚੇਤ ਵਦੀ ਇੱਕ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਗੜ੍ਹ ਦੇ ਸਥਾਨ 'ਤੇ ਮਨਾਇਆ ਗਿਆ। ਇਸ ਦਾ ਜ਼ਿਕਰ ਸਾਨੂੰ ਬਾਬਾ ਸੁਮੇਰ ਸਿੰਘ ਮਹੰਤ ਪਟਨਾ ਸਾਹਿਬ ਵਾਲਿਆਂ ਦੀ ਕ੍ਰਿਤ 'ਗੁਰ ਪਦ ਪ੍ਰੇਮ ਪ੍ਰਕਾਸ਼' ਵਿੱਚੋਂ ਮਿਲਦਾ ਹੈ:

*ਔਰਨ ਦੀ ਹੋਲੀ ਮਮ ਹੋਲਾ।*
*ਕਹਯੋ ਕ੍ਰਿਪਾਨਿਧਿ ਬਚਨ ਅਮੋਲਾ।*

ਹੋਲਾ, ਸ਼ਬਦ ਅਰਬੀ ਭਾਸ਼ਾ ਦਾ ਹੈ ਅਤੇ ਮਹੱਲਾ ਫ਼ਾਰਸੀ ਦਾ, ਇਸ ਦਾ ਅਰਥ ਹੈ- ਹਮਲਾ ਅਤੇ 'ਹਮਲੇ ਦੀ ਥਾਂ', ਜਿਹੜਾ ਕਿਸੇ ਜੰਗ ਜਿੱਤਣ ਲਈ ਅਤੀ ਜ਼ਰੂਰੀ ਹੈ। 'ਹੋਲਾ ਮਹੱਲਾ' ਵਾਲੇ ਦਿਨ ਗੁਰੂ ਜੀ ਆਪਣੇ ਖਾਲਸੇ ਨੂੰ ਹਮਲਾ ਕਰਨ ਦੇ ਢੰਗ ਤਰੀਕੇ ਸਿਖਾਉਣ ਲਈ ਸ਼ਸਤਰਾਂ ਦਾ ਅਭਿਆਸ ਕਰਾਉਂਦੇ ਜਿਹੜਾ ਕਿ ਉਸ ਸਮੇਂ ਦੀ ਬੜੀ ਵੱਡੀ ਜ਼ਰੂਰਤ ਸੀ। ਦੇਸ਼ ਦੀਆਂ ਬਹਾਦਰ ਤੇ ਅਗਾਂਹਵਧੂ ਮੰਨੀਆਂ ਜਾਣ ਵਾਲੀਆਂ ਜਾਤੀਆਂ ਤਾਂ ਦੁਸ਼ਮਣ ਦੇ ਪ੍ਰਭਾਵ ਥੱਲੇ ਆਪਣਾ ਸੱਭਿਆਚਾਰ ਗੁਆ ਬੈਠੀਆਂ ਸਨ, ਗੁਰੂ ਜੀ ਨੇ ਸਮਾਜ ਵਿਚ ਲਤਾੜੇ ਤੇ ਪਛਾੜੇ ਲੋਕਾਂ ਅੰਦਰ ਬਹਾਦਰੀ ਦੀ ਸਪਿਰਟ ਭਰਨ ਲਈ ਸ਼ਸਤਰ ਤੇ ਸ਼ਾਸਤਰ ਦਾ ਪ੍ਰਯੋਗ ਅਰੰਭਿਆ, ਜਿਹੜਾ ਬੜ੍ਹਾ ਹੀ ਸਫਲ ਸਾਬਤ ਹੋਇਆ। ਸਿੱਖ ਸੰਗਤ ਦੂਰ-ਦੁਰਾਡਿਓਂ ਸ੍ਰੀ ਅਨੰਦਪੁਰ ਸਾਹਿਬ ਪਹੁੰਚਦੀ। ਕਥਾ-ਕੀਰਤਨ ਦੇ ਅਨੰਦ ਮਾਣਨ ਦੀਵਾਨ

ਉਪਰੰਤ ਸਿੱਖ ਅਸਤਰਾਂ-ਸ਼ਸਤਰਾਂ ਦੇ ਕਰਤੱਵ ਦਿਖਾਂਦੇ। ਉਨ੍ਹਾਂ ਦਾ ਘੋੜ-ਦੌੜ ਗਤਕੇ ਬਾਜੀ, ਨੇਜਾਬਾਜੀ, ਤੀਰ ਅੰਦਾਜ਼ੀ, ਚਾਂਦ-ਮਾਰੀ ਆਦਿ ਕਰਤੱਵ ਦੇਖਣ ਯੋਗ ਹੁੰਦੇ ਸਨ। ਸ਼ਸਤਰ ਵਿੱਦਿਆ ਤੇ ਯੁੱਧ ਵਿੱਦਿਆ ਸਮੇਂ ਦੀ ਮੰਗ ਸੀ ਕਿ ਜੋ ਗੁਰੂ ਜੀ ਨੇ ਸਿੱਖਾਂ ਨੂੰ ਸਿਖਾਈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸਿੰਘਾਂ ਦੇ ਕਰਤੱਵ ਦੇਖ, ਉਨ੍ਹਾਂ ਦੀਆਂ ਮਸਨੂਈ (Artificial) ਲੜਾਈਆਂ ਵਿਚ ਜਿੱਤਣ ਤੇ ਹਾਰਨ ਵਾਲਿਆਂ ਨੂੰ ਪਹਿਲੇ ਤੇ ਦੂਸਰੇ ਦਰਜੇ ਦੇ ਇਨਾਮ ਦਿੰਦੇ। ਝੂਲਦੇ ਨਿਸ਼ਾਨ, ਘੋੜੇ, ਸ਼ਸਤਰ, ਚੜ੍ਹਦੀ ਕਲਾ ਦੇ ਬੋਲੇ, ਬੁਜ਼ਦਿਲਾਂ ਦੇ ਅੰਦਰ ਬਹਾਦਰੀ ਦੀ ਰੂਹ ਫੂਕ ਦਿੰਦੇ ਸਨ, ਗੁਰੂ ਜੀ ਇਕੱਠ ਵਿਚ ਸਿੱਖ ਸੰਗਤ ਉੱਤੇ ਅਤਰ ਗੁਲਾਲ ਆਦਿ ਛਿੜਕਦੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੇ ਦੇ ਰੰਗ ਵਿਚ ਬਿਆਨ ਕੀਤਾ ਹੈ:

*ਬਾਨ ਚਲੇ ਤੇਈ ਕੁੰਕਮ ਮਾਨਹੁ*
*ਮੂਠ ਗੁਲਾਲ ਕੀ ਸਾਂਗ ਪ੍ਰਹਾਰੀ।*
*ਢਾਲ ਮਨੋ ਡਫ ਮਾਲ ਬਨੀ*
*ਹਥ ਨਾਲ ਬੰਦੂਕ ਛੁਟੇ ਪਿਚਕਾਰੀ।*
*ਸ੍ਰਉਨ ਭਰੇ ਪਟ ਬੀਰਨ ਕੇ*
*ਉਪਮਾ ਜਨੁ ਘੋਰ ਕੈ ਕੇਸਰ ਡਾਰੀ।*
*ਖੇਲਤ ਫਾਗ ਕਿ ਬੀਰ ਲਰੈ*
*ਨਵਲਾਸੀ ਲੀਏ ਕਰਵਾਰ ਕਟਾਰੀ॥* *(ਸ੍ਰੀ ਦਸਮ ਗ੍ਰੰਥ)*

ਅੱਜਕਲ੍ਹ ਹੋਲਾ ਮਹੱਲਾ ਉਸੇ ਭਾਵ ਨਾਲ ਸ੍ਰੀ ਅਨੰਦਪੁਰ ਸਾਹਿਬ ਅਤੇ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਮੁੱਖ ਰੂਪ ਵਿਚ ਮਨਾਇਆ ਜਾਂਦਾ ਹੈ। ਨਿਹੰਗ ਸਿੰਘ ਤੇ ਹੋਰ ਸੂਰਬੀਰ ਸਿੰਘ ਸ਼ਸਤਰਾਂ ਦੇ ਕਰਤੱਵ ਦਿਖਾਉਂਦੇ ਹਨ। ਨਗਰ ਕੀਰਤਨ ਰਾਹੀਂ ਵੀ ਗਤਕਾ, ਸ਼ਸਤਰਾਂ ਆਦਿ ਦੇ ਜੌਹਰ ਦਿਖਾਏ ਜਾਂਦੇ ਹਨ। ਗੁਰਮਤਿ ਦੀਵਾਨ ਸਜਦੇ ਹਨ, ਢਾਡੀ ਸਿੰਘ ਵਾਰਾਂ ਗਾਉਂਦੇ ਹਨ।

ਹੋਲਾ ਮਹੱਲਾ ਜਿੱਥੇ ਸ਼ਸਤਰਾਂ ਦੀ ਮਹਾਨਤਾ ਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ, ਉੱਥੇ ਨਾਲ ਹੀ ਗੁਰੂ ਦੀ ਪਿਆਰੀ ਯਾਦ ਵੀ ਦਿਵਾਉਂਦਾ ਹੈ ਜਿਸ ਵਿਚ ਮੌਲਿਕਤਾ ਦੀ ਸਪਿਰਟ ਭਰੀ ਹੋਈ ਹੈ। ਹੋਲਾ ਮਹੱਲਾ ਇੱਕ ਪਾਸੇ ਸੰਤ ਜਨਾਂ ਦੇ ਸੇਵਾ ਕਰਕੇ ਹੋਲੀ ਦੀ ਯਾਦ ਦਿਵਾਉਂਦਾ ਹੈ ਜੋ ਪ੍ਰਭੂ ਦੀ ਸੇਵਾ, ਨਾਮ ਸਿਮਰਨ ਰਾਹੀਂ ਪ੍ਰਭੂ ਰੰਗ ਵਿਚ ਰੰਗੇ ਜਾਂਦੇ ਹਨ ਦੂਸਰੇ ਪਾਸੇ ਸ਼ਸਤਰਾਂ ਰਾਹੀਂ ਬੀਰ ਰਸ ਭਰਿਆ ਕਰਤੱਵ ਸਵੈ-ਮਾਣ, ਸਵੈ-ਵਿਸ਼ਵਾਸ ਤੇ ਭਰੋਸਾ ਦਿਵਾਉਂਦਾ ਹੈ।

ਗੁਰੂ ਜੀ ਨੇ ਸ਼ਸਤਰਾਂ ਨੂੰ ਪ੍ਰਭੂ ਸ਼ਕਤੀ ਦਾ ਪ੍ਰਤੀਕ ਮੰਨ ਕੇ ਇਨ੍ਹਾਂ ਨੂੰ ਗੁਰੂ ਪੀਰ ਦਾ ਦਰਜਾ ਦਿੱਤਾ ਹੈ। ■

*ਮਾਰਚ ਮਹੀਨੇ ਨਾਲ ਸੰਬੰਧਿਤ ਸ਼ਖ਼ਸੀਅਤਾਂ:*

## ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ

(੧੪ ਮਾਰਚ, ਜਨਮ ਦਿਹਾੜੇ 'ਤੇ)

*-ਡਾ. ਗੁਰਪ੍ਰੀਤ ਸਿੰਘ**

ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ ਦਾ ਜਨਮ ੧੪ ਮਾਰਚ, ੧੬੯੦ ਈ. ਦੇ ਦਿਨ ਮਾਤਾ ਜੀਤ ਕੌਰ ਦੀ ਕੁੱਖੋਂ ਸ੍ਰੀ ਅਨੰਦਪੁਰ ਸਾਹਿਬ ਵਿਚ ਹੋਇਆ। ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੂੰ ਬਹੁਤ ਸਾਰੀ ਬਾਣੀ ਕੰਠ ਸੀ। ਇਸ ਤੋਂ ਇਲਾਵਾ ਉਹ ਘੋੜ ਸਵਾਰੀ, ਤਲਵਾਰਬਾਜ਼ੀ ਵਿਚ ਵੀ ਬੜੇ ਮਾਹਿਰ ਸਨ। ੫-੬ ਦਸੰਬਰ ਦੀ ਰਾਤ ਨੂੰ ਜਦ ਸ੍ਰੀ ਅਨੰਦਪੁਰ ਸਾਹਿਬ ਛੱਡਿਆ ਤਾਂ ਆਪ ਗੁਰੂ ਜੀ ਨਾਲ ਹੀ ਚਮਕੌਰ ਸਾਹਿਬ ਵਿਖੇ ਪਹੁੰਚੇ ਸਨ। ਇੱਥੇ ਹੀ ੭ ਦਸੰਬਰ ਨੂੰ ਘੇਰਾ ਪੈ ਗਿਆ ਸੀ । ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਗੜ੍ਹੀ ਤੋਂ ਬਾਹਰ ਨਿਕਲ ਕੇ ਬਹੁਤ ਸਾਰੇ ਮੁਗ਼ਲ ਤੇ ਪਹਾੜੀ ਸਿਪਾਹੀਆਂ ਨੂੰ ਮਾਰਦੇ ਹੋਏ ਸ਼ਹੀਦ ਹੋਏ ਸਨ। ਭੱਟ ਵਹੀਆਂ ਅਨੁਸਾਰ:

'ਜੁਝਾਰ ਸਿੰਘ ਬੇਟਾ ਗੁਰੂ ਗੋਬਿੰਦ ਸਿੰਘ ਜੀ, ਮਹਲ ਦਸਮੇਂ ਕਾ... ਸੰਮਤ ਸਤਰਾਂ ਸੈ ਬਾਸਠ, ਪੋਖ ਮਾਸੇ ਸੁਦੀ ਤੀਜ, ਵੀਰਵਾਰ ਦਿੰਹੁ... ਮੁਕਾਮ ਚਮਕੌਰ, ਪਰਗਣਾ ਰੋਪੜ, ਤੁਰਕ ਫ਼ੌਜ ਗੈਲ, ਸਾਮ੍ਹੇ ਮਾਥੇ ਜੂਝ ਕੇ ਸ਼ਹਾਦਤਾਂ ਪਾਇ ਗਏ।

ਸਾਹਿਬਜ਼ਾਦਾ ਜੁਝਾਰ ਸਿੰਘ ਜੀ ਸ਼ਹੀਦੀ ਪਾਉਣ ਸਮੇਂ ੧੪ ਸਾਲ ਦੀ ਉਮਰ ਦੇ ਸਨ।

## ਸਰਦਾਰ ਬਘੇਲ ਸਿੰਘ ਜੀ

(੧੧ ਮਾਰਚ, ਦਿੱਲੀ ਫਤਿਹ)

ਸਰਦਾਰ ਬਘੇਲ ਸਿੰਘ ਕਰੋੜ ਸਿੰਘੀਆ ਮਿਸਲ ਦਾ ਬਹਾਦਰ ਜਰਨੈਲ ਸੀ, ਜਿਸ ਮਿਸਲ ਦੀ ਨੀਂਹ ਸ. ਸ਼ਾਮ ਸਿੰਘ ਨੇ ਰੱਖੀ ਸੀ। ਸ਼ਾਮ ਸਿੰਘ ਦਾ ਪਿੰਡ ਨਾਰਲਾ[੧] ਸੀ, ਜੋ ਪਹੂਵਿੰਡ ਦੇ ਨੇੜੇ ਸੀ। ਸ਼ਾਮ ਸਿੰਘ ਜਦ ਜੁਆਨ ਹੋਇਆ ਤਾਂ ਘਰ ਛੱਡ ਕੇ ਕਪੂਰ ਸਿੰਘ ਸਿੰਘਪੁਰੀਏ ਦੇ ਡੇਰੇ 'ਤੇ ਰਹਿਣ ਲੱਗਾ। ਸ. ਸ਼ਾਮ ਸਿੰਘ ਮਿਹਨਤ ਨਾਲ ਕਪੂਰ ਸਿੰਘ ਦੇ ਡੇਰੇ ਦਾ ਆਗੂ ਬਣ ਗਿਆ। ਇਸਨੇ ਆਪਣੇ ਨਾਲ ੧੫-੧੬ ਸਿੰਘ ਮਿਲਾ ਲਏ। ਹੌਲੀ-ਹੌਲੀ ਇਸਦਾ ੩੦੦ ਸਿੰਘਾਂ ਦਾ ਜਥਾ ਬਣ ਗਿਆ। ਹੁਣ ਇਹ ਜਲੰਧਰ ਦੁਆਬ ਦੇ ਇਲਾਕੇ ਵਿਚ ਆ ਗਿਆ। ਇਹ ਹਰ ਰੋਜ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦਾ ਸੀ। ੧੭੩੯ ਈ. ਵਿਚ ਇਸ ਦੀ ਮੌਤ

---

** ਧਾਰਮਿਕ ਅਧਿਆਪਕ, ਸ੍ਰੀ ਗੁਰੂ ਰਾਮਦਾਸ ਪਬਲਿਕ ਸਕੂਲ, ਗੋਲਡਨ ਟੈਂਪਲ ਕਲੋਨੀ, ਸੁਲਤਾਨਵਿੰਡ ਰੋਡ, ਸ੍ਰੀ ਅੰਮ੍ਰਿਤਸਰ। ਮੋ. ੮੭੨੫੦-੧੫੧੬੩*

ਹੋ ਗਈ। ਇਸ ਦਾ ਆਪਣਾ ਕੋਈ ਵਾਰਿਸ ਨਹੀਂ ਸੀ।[੨]

ਸ਼ਾਮ ਸਿੰਘ ਦਾ ਭਤੀਜਾ ਕਰਮ ਸਿੰਘ ਇਸ ਜਥੇ ਦਾ ਆਗੂ ਬਣਿਆ। ਕਰਮ ਸਿੰਘ ਦਾ ਕੋਈ ਵਾਰਿਸ ਨਹੀਂ ਸੀ। ਇਸ ਪਿਛੋਂ ਬਰਕੀ ਪਿੰਡ (ਲਾਹੌਰ ਕੋਲ) ਦਾ ਨਿਵਾਸੀ ਕਰੋੜਾ ਸਿੰਘ ਇਸ ਮਿਸਲ ਦਾ ਆਗੂ ਬਣਿਆ।[੩] ਸੰਨ ੧੭੬੧ ਈ. ਵਿਚ ਤਰਾਵੜੀ ਦੀ ਜੰਗ ਵਿਚ ਕਰੋੜਾ ਸਿੰਘ ਸ਼ਹੀਦ ਹੋ ਗਿਆ ਤਾਂ ਬਘੇਲ ਸਿੰਘ ਮਿਸਲ ਦਾ ਆਗੂ ਬਣਿਆ।[੪]

ਸਰਦਾਰ ਬਘੇਲ ਸਿੰਘ ਦਾ ਪਿੰਡ ਝਬਾਲ ਜ਼ਿਲ੍ਹਾ ਅੰਮ੍ਰਿਤਸਰ ਸੀ, ਉਸ ਦਾ ਜਨਮ ੧੭੨੫ ਈ. ਦੇ ਆਸ ਪਾਸ ਹੋਇਆ। ਕਈ ਇਤਿਹਾਸਕਾਰ ਉਸਨੂੰ ਹਰਿਆਣਾ (ਹੁਸ਼ਿਆਰਪੁਰ) ਦਾ ਵਸਨੀਕ ਮੰਨਦੇ ਹਨ। ਉਨ੍ਹਾਂ ਦਾ ਖਿਆਲ ਹੈ ਕਿ ਝਬਾਲ ਵਿਖੇ ਸ. ਬਘੇਲ ਸਿੰਘ ਦੀ ਭੈਣ ਸੁੱਖਾਂ ਵਿਆਹੀ ਹੋਈ ਸੀ ਅਤੇ ਮਗਰੋਂ ਉਹ ਆਪ ਵੀ ਇੱਥੇ ਆ ਕੇ ਵੱਸ ਗਿਆ।[੫]

ਸਰਦਾਰ ਬਘੇਲ ਸਿੰਘ ਨੇ ਹਰਿਆਣਾ ਪਿੰਡ (ਹੁਸ਼ਿਆਰਪੁਰ) ਨੂੰ ਰਾਜਧਾਨੀ ਬਣਾਇਆ ਸੀ। ਸਰਦਾਰ ਬਘੇਲ ਸਿੰਘ ਨੇ ੧੧ ਮਾਰਚ, ੧੭੮੩ ਈ. ਨੂੰ ਦਿੱਲੀ ਉੱਪਰ ਆਖ਼ਰੀ ਹਮਲਾ ਕਰ ਕੇ ਲਾਲ ਕਿਲ੍ਹਾ ਕਬਜ਼ੇ ਹੇਠ ਕੀਤਾ ਤੇ ਇੱਥੇ ਖਾਲਸਈ ਨਿਸ਼ਾਨ ਸਾਹਿਬ ਝੁਲਾਇਆ ਸੀ।[੬] ਸਰਦਾਰ ਬਘੇਲ ਸਿੰਘ ਨੇ ਦਿੱਲੀ ਵਿਚ ਸੱਤ ਗੁਰਦੁਆਰੇ ਕਾਇਮ ਕੀਤੇ ਸਨ। ਬਘੇਲ ਸਿੰਘ ਦੀ ਮੌਤ ੧੭੯੫ ਈ. ਵਿਚ ਹੋਈ।

**ਹਵਾਲੇ :**

**੧.** ਭਾਰਤ ਪਾਕਿ ਸਰਹੱਦ 'ਤੇ ਵਸਿਆ ਪਿੰਡ, ਇਸ ਪਿੰਡ ਵਿਚ ਸ੍ਰੀ ਗੁਰੂ ਅਮਰਦਾਸ ਜੀ ਨੇ ਇਕ ਮੰਜੀ ਸਥਾਪਿਤ ਕੀਤੀ ਸੀ, ਜਿਸ ਦਾ ਸੇਵਾਦਾਰ ਭਾਈ ਮਾਈ ਦਾਸ ਸੀ। ਇਸ ਪਿੰਡ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੇ ਵੇਲੇ ਦਾ ਇਕ ਖੂਹ ਵੀ ਦੱਸਿਆ ਜਾਂਦਾ ਹੈ- ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼,* ਭਾਗ ਤੀਜਾ, ਪੰਨਾ ੧੨੧.

**੨.** ਕਰਨਲ ਅਵਤਾਰ ਸਿੰਘ ਬਰਾੜ, *ਜਰਨੈਲ ਬਘੇਲ ਸਿੰਘ,* ਸਤਵੰਤ ਬੁੱਕ ਏਜੰਸੀ, ਚਾਂਦਨੀ ਚੌਕ, ਦਿੱਲੀ, ੨੦੦੫, ਪੰਨਾ ੫੬.

**੩.** *ਉਹੀ,* ਪੰਨਾ ੫੭.

**੪.** *ਉਹੀ,* ਪੰਨਾ ੫੯.

**੫.** ਡਾ. ਹਰਬੰਸ ਸਿੰਘ ਚਾਵਲਾ, *ਸਰਦਾਰ ਬਘੇਲ ਸਿੰਘ,* ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ, ੨੦੧੪, ਪੰਨਾ ੪.

**੬.** ਕਰਨਲ ਅਵਤਾਰ ਸਿੰਘ ਬਰਾੜ, *ਜਰਨੈਲ ਬਘੇਲ ਸਿੰਘ,* ਪੰਨਾ ੮੩.

## ਅਕਾਲੀ ਫੂਲਾ ਸਿੰਘ ਜੀ

(੧੪ ਮਾਰਚ ਨੂੰ ਸ਼ਹੀਦੀ)

ਅਕਾਲੀ ਫੂਲਾ ਸਿੰਘ ਦਾ ਜਨਮ ਸੰਗਰੂਰ ਜ਼ਿਲ੍ਹੇ ਦੇ ਮੂਣਕ ਕਸਬੇ ਤੋਂ ਪੰਜ ਕਿ.ਮੀ. ਪੱਛਮ ਵੱਲ ਸਥਿਤ ਪਿੰਡ ਸੀਹਾਂ ਦੇ ਨਿਵਾਸੀ ਸ. ਈਸ਼ਰ ਸਿੰਘ ਦੇ ਘਰ ਮਾਤਾ ਹਰਿ ਕੌਰ ਜੀ ਦੀ ਕੁੱਖੋਂ ੧੪ ਜਨਵਰੀ, ੧੭੬੦ ਈ. ਨੂੰ ਹੋਇਆ। ਅਹਿਮਦ

ਸ਼ਾਹ ਦੁਰਾਨੀ ਦੁਆਰਾ ਕੀਤੇ ਗਏ ਵੱਡੇ ਘੱਲੂਘਾਰੇ ਵਿਚ ੫ ਫਰਵਰੀ, ੧੭੬੨ ਈ. ਨੂੰ ਸ. ਈਸ਼ਰ ਸਿੰਘ ਨੂੰ ਜੰਗ ਵਿਚ ਲੜਦਿਆਂ ਡੂੰਘੇ ਫੱਟ ਲੱਗੇ ਤੇ ਉਹ ਸ਼ਹੀਦੀ ਪਾ ਗਏ।[੧] ਉਦੋਂ ਅਕਾਲੀ ਫੂਲਾ ਸਿੰਘ ਦੀ ਉਮਰ ੨ ਸਾਲ ਸੀ। ਬਾਬਾ ਨੈਣਾ ਸਿੰਘ ਜੀ ਨੇ ਅਕਾਲੀ ਫੂਲਾ ਸਿੰਘ ਤੇ ਉਨ੍ਹਾਂ ਦੇ ਭਰਾ ਸੰਤ ਸਿੰਘ ਦੀ ਦੇਖ-ਭਾਲ ਕੀਤੀ।

੧੪ ਵਰ੍ਹਿਆਂ ਦੀ ਉਮਰ ਵਿਚ ਅਕਾਲੀ ਜੀ ਦੇ ਮਾਤਾ ਜੀ ਦਾ ਦੇਹਾਂਤ ਹੋ ਗਿਆ ਤਾਂ ਆਪ ਜੀ ਸ੍ਰੀ ਅਨੰਦਪੁਰ ਆ ਕੇ ਨਿਹੰਗ ਸਿੰਘ ਸਜ ਗਏ। ਨਰੈਣ ਸਿੰਘ (ਬਾਬਾ ਨੈਣਾ ਸਿੰਘ) ਦੇ ਅਕਾਲ ਚਲਾਣੇ ਪਿੱਛੋਂ ਉਨ੍ਹਾਂ ਦੇ ਜਥੇ ਦੇ ਜਥੇਦਾਰ ਅਕਾਲੀ ਫੂਲਾ ਸਿੰਘ ਹੀ ਬਣੇ। ਅਕਾਲੀ ਫੂਲਾ ਸਿੰਘ ਜੀ ਦੀ ਬਹਾਦਰੀ ਵੇਖ ਕੇ ਮਹਾਰਾਜਾ ਰਣਜੀਤ ਸਿੰਘ ਨੇ ਉਨ੍ਹਾਂ ਨੂੰ ਆਪਣੀ ਫ਼ੌਜ ਵਿਚ ਜਰਨੈਲ ਰੱਖ ਲਿਆ। ਖ਼ਾਲਸਾ ਫ਼ੌਜ ਵਿਚ ਜਿਸ ਜਥੇ ਨੂੰ ਕਮਾਂਡੋ ਹੋਣ ਦਾ ਮਾਣ ਹਾਸਲ ਸੀ, ਉਸ ਫ਼ੌਜ ਦੇ ਜਥੇਦਾਰ ਅਕਾਲੀ ਜੀ ਸਨ। ਅਕਾਲੀ ਫੂਲਾ ਸਿੰਘ ਜੀ ਨੇ ੧੮੦੭ ਈ. ਵਿਚ ਕਸੂਰ ਦੀ ਜੰਗ, ੧੮੦੮ ਈ. ਵਿਚ ਹੁਸੈਨੀਆਂ ਦੀ ਸੁਧਾਈ, ੧੮੦੯ ਈ. ਵਿਚ ਕੈਪਟਨ ਪਟਨ ਵਾਈਟ 'ਤੇ ਹਮਲੇ, ੧੮੧੩ ਵਿਚ ਕਸ਼ਮੀਰ ਦੀ ਮੁਹਿੰਮ, ੧੮੧੬ ਵਿਚ ਖਾਨਗੜ੍ਹ ਦੀ ਮੁਹਿੰਮ, ੧੮੧੮ ਈ. ਵਿਚ ਪਿਸ਼ਾਵਰ 'ਤੇ ਚੜ੍ਹਾਈ, ੧੮੧੯ ਵਿਚ ਕਸ਼ਮੀਰ ਦੀ ਮੁਹਿੰਮ ਅਤੇ ੧੮੨੩ ਈ. ਵਿਚ ਨੁਸ਼ਹਿਰੇ ਦੀ ਜੰਗ ਲੜੀ।[੨] ਆਪ ਜੀ ਇੰਨੇ ਦਲੇਰ ਸਨ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਹੋਣ ਦੀ ਹੈਸੀਅਤ ਵਿਚ ਮਹਾਰਾਜਾ ਰਣਜੀਤ ਸਿੰਘ ਨੂੰ ਮੋਰਾਂ ਦੇ ਮੁਕੱਦਮੇ ਵਿਚ ਕੋਰੜੇ ਮਾਰਨ ਦੀ ਸਜ਼ਾ ਸੁਣਾਈ ਸੀ, ਜੋ ਬਾਅਦ ਵਿਚ ਮੁਆਫ ਕਰ ਦਿੱਤੀ ਸੀ।[੩]

ਅਕਾਲੀ ਫੂਲਾ ਸਿੰਘ ਜੀ ਨੇ ਆਖ਼ਰੀ ਜੰਗ ਨੁਸ਼ਿਹਰੇ ਦੀ ਲੜੀ। ਇਸ ਜੰਗ ਵਿਚ ਹਾਰ ਨੂੰ ਜਿੱਤ ਵਿਚ ਬਦਲ ਕੇ ੧੪ ਮਾਰਚ, ੧੮੨੩ ਈ. ਨੂੰ ਇਹ ਯੋਧਾ ਸ਼ਹੀਦ ਹੋਇਆ।

ਇਨ੍ਹਾਂ ਦੀ ਯਾਦਗਾਰ ਨੁਸ਼ਹਿਰੇ ਤੋਂ ੬ ਕਿ.ਮੀ. ਦੀ ਵਿੱਥ 'ਤੇ ਲੁੰਡੇ ਦਰਿਆ (ਕਾਬੁਲ ਨਦੀ) ਦੇ ਕੰਢੇ 'ਤੇ ਮੌਜੂਦ ਹੈ।[੪] ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਦਾ ਇਹ ਮਹਾਨ ਜਰਨੈਲ ਸਾਰੀ ਉਮਰ ਅਣਖ ਤੇ ਉੱਚੇ-ਸੁੱਚੇ ਸਿੱਖੀ ਜੀਵਨ ਵਿਚ ਪਰਪੱਕ ਰਿਹਾ ਤੇ ਜ਼ਿੰਦਗੀ ਜੀਵੀ। ਆਖ਼ਰੀ ਸਮੇਂ ਅਣਖ ਨਾਲ ਹੀ ਸ਼ਹਾਦਤ ਪ੍ਰਾਪਤ ਕੀਤੀ।

**ਹਵਾਲੇ :**


**੧.** ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼*, ਪੰਨਾ ੧੨੧੮.

**੨.** ਰੂਪ ਸਿੰਘ (ਸੰਪਾ.), *ਪ੍ਰਮੁਖ ਸਿੱਖ ਸ਼ਖ਼ਸੀਅਤਾਂ*, ਪੰਨਾ ੧੬੯.

**੩.** *ਉਹੀ*, ਪੰਨਾ ੧੭੦.

**੪.** ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼*, ਪੰਨਾ ੧੨੧੯.


## ਮੈਕਸ ਆਰਥਰ ਮੈਕਾਲਿਫ਼

(੧੪ ਮਾਰਚ, ਅਕਾਲ ਚਲਾਣਾ)

ਮੈਕਸ ਆਰਥਰ ਮੈਕਾਲਿਫ਼ ਦਾ ਜਨਮ ੧੦ ਸਤੰਬਰ, ੧੮੪੧ ਈ. ਨੂੰ

ਨਿਊਕੈਸਲ ਵੈਸਟ, ਆਇਰਲੈਂਡ ਵਿਚ ਹੋਇਆ।[੧] ਸੰਨ ੧੮੬੨ ਈ. ਵਿਚ ਬੀ.ਐਸ.ਸੀ. ਦੇ ਇਮਤਿਹਾਨ ਉਪਰੰਤ ਉਹ ਭਾਰਤੀ ਸਿਵਲ ਸਰਵਿਸਜ਼ (ਆਈ.ਸੀ.ਐਸ.) ਲਈ ਚੁਣਿਆ ਗਿਆ। ਉਹ ਫਰਵਰੀ ੧੮੬੪ ਈ. ਵਿਚ ਡਿਊਟੀ 'ਤੇ ਹਾਜ਼ਿਰ ਹੋਇਆ। ੧੮੮੨ ਈ. ਤਕ ਮੈਕਾਲਿਫ਼ ਡਿਪਟੀ ਕਮਿਸ਼ਨਰ ਦੇ ਅਹੁਦੇ ਤਕ ਪਹੁੰਚ ਗਏ ਤੇ ੧੮੮੪ ਈ. ਵਿਚ ਡਿਵੀਜ਼ਨਲ ਜੱਜ ਬਣ ਗਏ। ਨਵੰਬਰ ੧੮੮੨ ਈ. ਵਿਚ ਮੈਕਾਲਿਫ਼ ਇਕ ਹਫਤੇ ਦੀ ਛੁੱਟੀ ਲੈ ਕੇ ਲਾਹੌਰ ਗਿਆ, ਜਿੱਥੇ ਉਹ ਪ੍ਰੋ. ਗੁਰਮੁਖ ਸਿੰਘ ਤੇ ਗਿ. ਦਿੱਤ ਸਿੰਘ ਨੂੰ ਮਿਲਿਆ। ਇਸ ਮੁਲਾਕਾਤ ਤੋਂ ਬਾਅਦ ਮੈਕਾਲਿਫ਼ ਦੀ ਰੁਚੀ ਸਿੱਖ ਧਰਮ ਵਿਚ ਹੋ ਗਈ। ੧੮੮੫ ਈ. ਵਿਚ ਮੈਕਾਲਿਫ਼ ਨੇ ਮਹਾਰਾਜਾ ਹੀਰਾ ਸਿੰਘ ਨਾਲ ਮੁਲਾਕਾਤ ਕਰ ਕੇ ਭਾਈ ਕਾਨ੍ਹ ਸਿੰਘ ਨਾਭਾ ਪਾਸੋਂ ਸਿੱਖ ਧਰਮ ਬਾਰੇ ਪੜ੍ਹਨ ਦੀ ਇਜਾਜ਼ਤ ਲੈ ਲਈ। ਇਸ ਕੰਮ ਲਈ ਭਾਈ ਕਾਨ੍ਹ ਸਿੰਘ ਨਾਭਾ ਦੋ ਸਾਲ ਰਾਵਲਪਿੰਡੀ ਠਹਿਰੇ ਸਨ।[੩] ੧੮੯੩ ਈ. ਵਿਚ ਮੈਕਾਲਿਫ਼ ਨੇ ਆਪਣੀ ਨੌਕਰੀ ਤੋਂ ਅਸਤੀਫ਼ਾ ਦੇ ਕੇ ਸਿੱਖ ਧਰਮ ਨੂੰ ਆਪਣੀ ਜ਼ਿੰਦਗੀ ਸਮਰਪਿਤ ਕਰ ਦਿੱਤੀ। ਉਸਨੇ ਸਿੱਖ ਧਰਮ ਦੇ ਗਿਆਨੀਆਂ ਕੋਲੋਂ ਸਿੱਖ ਧਰਮ ਬਾਰੇ ਜਾਣਕਾਰੀ ਇਕੱਤਰ ਕੀਤੀ। ਮੈਕਾਲਿਫ਼ ਨੇ ਆਪਣੀ ਜ਼ਿੰਦਗੀ ਦੇ ਕੀਮਤੀ ਕੋਈ ੨੦ ਸਾਲ ਸਿੱਖ ਅਧਿਐਨ ਲਈ ਲਾਏ ਤੇ ੧੯੦੯ ਈ. ਵਿਚ 'The Sikh Religion' ਨਾਮ ਹੇਠ ਛੇ ਜਿਲਦਾਂ ਵਿਚ ਸਿੱਖ ਧਰਮ ਬਾਰੇ ਕਿਤਾਬ ਲਿਖੀ। ਇਸ ਕਿਤਾਬ ਵਿਚ ਮੈਕਾਲਿਫ਼ ਨੇ ਗੁਰੂ ਸਾਹਿਬਾਨ, ਬਾਬਾ ਬੰਦਾ ਸਿੰਘ ਬਹਾਦਰ ਅਤੇ ਭਗਤ ਸਾਹਿਬਾਨ ਦਾ ਇਤਿਹਾਸ ਪੇਸ਼ ਕੀਤਾ ਹੈ। ਮੈਕਾਲਿਫ਼ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਹੁਤ ਸਾਰੇ ਹਿੱਸੇ ਦਾ ਅੰਗਰੇਜ਼ੀ ਅਨੁਵਾਦ ਸਿੱਖ ਸਿਧਾਂਤਾਂ ਅਨੁਸਾਰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ। ਇਸ ਸਾਰੇ ਕੰਮ 'ਤੇ ਮੈਕਾਲਿਫ਼ ਦਾ ਏਨਾ ਖਰਚਾ ਹੋ ਗਿਆ ਕਿ ਉਸ ਨੂੰ ਦੋ ਲੱਖ ਰੁਪਏ ਉਸ ਵਕਤ ਆਪਣੀ ਜੇਬ ਵਿੱਚੋਂ ਖਰਚਣੇ ਪਏ ਸਨ। ਆਪਣੇ ਅਖੀਰਲੇ ਸਮੇਂ ਉਹ ਸਿੱਖ ਧਰਮ ਨੂੰ ਸਵੀਕਾਰ ਕਰਦੇ ਹੋਏ ਸਿੱਖ ਸਜ ਗਿਆ ਸੀ ਅਤੇ ਉਸਨੇ ਜਪੁ ਜੀ ਸਾਹਿਬ ਦਾ ਪਾਠ ਹਰ ਰੋਜ਼ ਨਿੱਤਨੇਮ ਨਾਲ ਕਰਨਾ ਸ਼ੁਰੂ ਕਰ ਦਿੱਤਾ।[੪] ਮੈਕਾਲਿਫ਼ ੧੫ ਮਾਰਚ, ੧੯੧੩ ਈ. ਨੂੰ ਲੰਡਨ ਵਿਖੇ ਆਪਣੇ ਘਰ ੧੦ ਸਿਕਕਲੇਅਰ ਗਾਰਡਨਜ਼ ਵੈਸਟ ਕੈਨਸਿੰਗਟਨ ਵਿਖੇ ਅਕਾਲ ਚਲਾਣਾ ਕਰ ਗਏ।[੫] ਮੈਕਾਲਿਫ਼ ਨੇ ਵਿਸ਼ਵ ਨੂੰ ਸਿੱਖ ਧਰਮ ਬਾਰੇ ਅੰਗਰੇਜ਼ੀ ਵਿਚ ਬਹੁਤ ਸਹੀ ਜਾਣਕਾਰੀ ਪੇਸ਼ ਕੀਤੀ।

**ਹਵਾਲੇ :**

**੧.** Harbans Singh (ed.) *The Encyclopaedia of Sikhism,* Vol.II, Punjabi University, Patiala, 1992, p. 1.

**੨.** ਦਰਸ਼ਨ ਸਿੰਘ (ਡਾ.), 'ਮੈਕਾਲਿਫ਼ ਅਤੇ ਸਿੱਖ ਧਰਮ ਅਧਿਐਨ', *ਖੋਜ ਪਤ੍ਰਿਕਾ*, ਸਤੰਬਰ ੨੦੦੨, ੨ ੧੩੬.

**੩.** ਗੁਰਨੇਕ ਸਿੰਘ, *ਸਿੰਘ ਸਭਾ ਲਹਿਰ ਦੇ ਉਸਰੱਈਏ,* ਲਿਟਰੇਚਰ ਹਾਊਸ, ਪੁਤਲੀਘਰ, , ੧੯੮੫, *੭੩.*

**੪.** *ਪੰਜਾਬ ਕੋਸ਼, ਜਿਲਦ ਦੂਜੀ*, ਭਾਸ਼ਾ ਵਿਭਾਗ, ਪੰਜਾਬ, ੨੦੦੪, ਪੰਨਾ ੭੯੬.

**੫.** Darshan Singh, *Western Perspective on the Sikh Religion,* Singh Brothers, Amritar, 2004, p. 61.

# ਮਹਾਰਾਜਾ ਰਿਪੁਦਮਨ ਸਿੰਘ

(੦੪ ਮਾਰਚ, ਜਨਮ ਦਿਹਾੜਾ)

ਨਾਭਾ ਰਿਆਸਤ ਦਾ ਇਹ ਮਹਾਰਾਜਾ ਸਿੱਖੀ ਮਰਯਾਦਾ ਵਿਚ ਪ੍ਰਪੱਕ ਸਿੱਖ ਸੀ। ਰਿਪੁਦਮਨ ਸਿੰਘ ਦਾ ਜਨਮ ਨਾਭਾ-ਪਤਿ ਮਹਾਰਾਜਾ ਹੀਰਾ ਸਿੰਘ ਦੇ ਘਰ ਮਹਾਰਾਣੀ ਜਸਮੇਰ ਕੌਰ ਦੀ ਕੁੱਖੋਂ ੪ ਮਾਰਚ, ੧੮੮੩ ਈ. ਵਿਚ ਨਾਭੇ ਦੇ ਹੀਰਾ ਮਹਲ ਵਿਖੇ ਹੋਇਆ।[੧]

ਇਸ ਦੀ ਸਿੱਖਿਆ ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਦੀ ਨਿਗਰਾਨੀ ਹੇਠ ਹੋਈ। ਰਿਪੁਦਮਨ ਸਿੰਘ ਦਾ ਪਹਿਲਾ ਵਿਆਹ ੧੯੦੧ ਈ. ਵਿਚ ਸ. ਗੁਰਦਿਆਲ ਸਿੰਘ ਮਾਨ ਦੀ ਸਪੁੱਤਰੀ ਜਗਦੀਸ਼ ਕੌਰ ਨਾਲ ਅਤੇ ਦੂਸਰਾ ਵਿਆਹ ਮੇਜਰ ਪ੍ਰੇਮ ਸਿੰਘ ਰਾਏ ਪੁਰੀਏ ਦੀ ਸਪੁੱਤਰੀ ਬੀਬੀ ਸਰੋਜਨੀ ਦੇਵੀ ਨਾਲ ਹੋਇਆ।[੨] ੧੯੦੬ ਈ. ਤੋਂ ੧੯੦੮ ਈ. ਤਕ ਟਿੱਕਾ ਰਿਪੁਦਮਨ ਸਿੰਘ ਗਵਰਨਰ ਜਨਰਲ ਦੀ ਲੈਜਿਸਲੇਟਿਵ ਕੌਂਸਲ ਦੇ ਮੈਂਬਰ ਰਹੇ। ਇਸ ਸਮੇਂ ਹੀ ਆਪ ਨੇ ਸਿੱਖ ਧਰਮ ਦੀ ਸੇਵਾ ਹਿਤ 'ਅਨੰਦ ਮੈਰਿਜ ਬਿਲ' ਤਿਆਰ ਕਰਵਾਇਆ ਜੋ ਬਾਅਦ ਵਿਚ ਐਕਟ ਬਣ ਗਿਆ।[੩] ੧੯੧੨ ਈ. ਵਿਚ ਮਾ. ਹੀਰਾ ਸਿੰਘ ਦੀ ਮੌਤ ਤੋਂ ਬਾਅਦ ਰਾਜ ਗੱਦੀ ਸੰਭਾਲਣ ਮੌਕੇ ਅੰਗਰੇਜ਼ੀ ਕਨੂੰਨ ਦੇ ਉਲਟ ਕਿਸੇ ਅੰਗਰੇਜ਼ ਅਧਿਕਾਰੀ ਹੱਥੋਂ ਤਾਜਪੋਸ਼ੀ ਕਰਾਉਣ ਦੀ ਥਾਂ 'ਤੇ ਸਿੱਖ ਰੀਤੀ ਨਾਲ ਤਾਜ਼ਪੋਸ਼ੀ ਕਰਵਾਈ। ਇਸ ਕਾਰਨ ਇਹ ਅੰਗਰੇਜ਼ਾਂ ਦੀਆਂ ਅੱਖਾਂ ਵਿਚ ਰੜਕਨ ਲੱਗ ਪਿਆ ਸੀ। ਇਸ ਮਹਾਰਾਜੇ ਨੇ ੧੯੧੪-੧੫ ਈ. ਵਿਚ ਗ਼ਦਰੀ ਦੇਸ਼ ਭਗਤਾਂ ਨਾਲ ਵੀ ਹਮਦਰਦੀ ਰੱਖੀ ਸੀ। ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਮਹਾਰਾਜਾ ਸਾਹਿਬ ਨੇ ਕਾਲੀ ਦਸਤਾਰ ਰੋਸ ਵਜੋਂ ਸਜਾਈ ਤੇ ਨਾਭਾ ਰਿਆਸਤ ੫ ਅਪ੍ਰੈਲ, ੧੯੨੧ ਈ. ਨੂੰ ਬੰਦ ਰੱਖੀ ਗਈ ਸੀ।[੪] ਅੰਗਰੇਜ਼ ਸਰਕਾਰ ਇਨ੍ਹਾਂ ਕਾਰਵਾਈਆਂ ਕਾਰਨ ਮਹਾਰਾਜੇ ਤੋਂ ਔਖੀ ਸੀ। ਪਟਿਆਲਾ ਦੇ ਨਰੇਸ਼ ਭੁਪਿੰਦਰ ਸਿੰਘ ਨਾਲ ਘਰੋਗੀ ਝਗੜੇ ਨੂੰ ਅੰਗਰੇਜ਼ਾਂ ਨੇ ਅੰਦਰਖਾਤੇ ਮਹਾਰਾਜਾ ਰਿਪੁਦਮਨ ਸਿੰਘ ਦੇ ਵਿਰੋਧ ਵਿਚ ਵਰਤਿਆ। ੧੯੨੨ ਈ. ਵਿਚ ਅਲਾਹਾਬਾਦ ਹਾਈਕੋਰਟ ਨੇ ਰਿਪੁਦਮਨ ਸਿੰਘ ਦੇ ਵਿਰੁੱਧ ਫ਼ੈਸਲਾ ਦਿੱਤਾ। ਜੁਲਾਈ ੧੯੨੩ ਈ. ਵਿਚ ਮਹਾਰਾਜਾ 'ਤੇ ਦਬਾਅ ਪਾ ਕੇ ਗੱਦੀ ਛੁਡਵਾ ਲਈ ਗਈ ਤੇ ਤਿੰਨ ਲੱਖ ਸਾਲਾਨਾ ਗੁਜ਼ਾਰਾ ਦੇ ਕੇ ਦੇਹਰਾਦੂਨ ਭੇਜ ਦਿੱਤਾ। ਇਸ ਸਭ ਕਾਰਵਾਈ ਨਾਲ ਸਿੱਖ ਕੌਮ ਵਿਚ ਭਾਰੀ ਰੋਸ ਫੈਲ ਗਿਆ। ਸਿੱਖਾਂ ਨੇ ਜੈਤੋ ਦਾ ਮੋਰਚਾ ਲਗਾਇਆ। ਪੰਜ ਸਾਲ ਦੇ ਲਗਪਗ ਰਿਪੁਦਮਨ ਸਿੰਘ ਜੀ ਦੇਹਰਾਦੂਨ ਰਹੇ। ਇਕ

ਵਾਰ ਹਜ਼ੂਰ ਸਾਹਿਬ ਗਏ ਤਾਂ ਅੰਮ੍ਰਿਤ ਛਕ ਕੇ ਰਿਪੁਦਮਨ ਸਿੰਘ ਤੋਂ ਗੁਰਬਚਨ ਸਿੰਘ ਬਣ ਗਏ। ਸਰਕਾਰ ਇਸ ਮਹਾਰਾਜੇ ਤੋਂ ਏਨਾ ਡਰ ਗਈ ਸੀ ਕਿ ਉਨ੍ਹਾਂ ਨੇ ਦੇਹਰਾਦੂਨ ਤੋਂ ਮਦਰਾਸ ਦੇ ਇਲਾਕੇ ਕੋਡਾਈ ਕਨਾਲ ਭੇਜ ਦਿੱਤਾ। ਇੱਥੇ ਗੁਜ਼ਾਰੇ ਦੀ ਰਕਮ ਤਿੰਨ ਲੱਖ ਤੋਂ ਘਟਾ ਕੇ ਇਕ ਲੱਖ ਵੀਹ ਹਜ਼ਾਰ ਸਲਾਨਾ ਕਰ ਦਿੱਤੀ ਤੇ ਮਹਾਰਾਜਾ ਪਦ ਵੀ ਖੋਹ ਲਿਆ।[੫] ਕੋਡਾਈ (ਮਦਰਾਸ) ਵਿਖੇ ਹੀ ਇਹ ਮਹਾਰਾਜਾ ੧੯੪੩ ਈ. ਵਿਚ ਅਕਾਲ ਚਲਾਣਾ ਕਰ ਗਿਆ। ਇਸ ਸਿੱਖ ਮਹਾਰਾਜੇ ਨੂੰ ਅੰਗਰੇਜ਼ ਕਦੀ ਵੀ ਸਿੱਖ ਧਰਮ ਤੇ ਅਣਖ ਵਿਰੁੱਧ ਨਿਵਾ ਨਾ ਸਕੇ। ਸਿੱਖ ਇਤਿਹਾਸ ਵਿਚ ਮਹਾਰਾਜਾ ਰਿਪੁਦਮਨ ਸਿੰਘ ਦਾ ਨਾਮ ਹਮੇਸ਼ਾ ਅਮਰ ਰਹੇਗਾ।

**ਹਵਾਲੇ :**

**੧.** ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼*, ਭਾਗ ਚੌਥਾ, ਗ੍ਰੇਸਿਅਸ ਬੁਕਸ, ਪਟਿਆਲਾ, ੨੦੧੪, ਪੰਨਾ ੧੭੩੧.

**੨.** ਰੂਪ ਸਿੰਘ (ਸੰਪਾ.), *ਪ੍ਰਮੁੱਖ ਸਿੱਖ ਸ਼ਖ਼ਸੀਅਤਾਂ*, ਪੰਨਾ ੨੫੩.

**੩.** *ਉਹੀ।*

**੪.** *ਉਹੀ*, ਪੰਨਾ ੨੫੪.

**੫.** *ਉਹੀ*, ਪੰਨਾ ੨੫੫.

**੬.** *ਉਹੀ*, ਪੰਨਾ ੨੫੬.

## ਸ. ਕਰਮ ਸਿੰਘ ਹਿਸਟੋਰੀਅਨ

(੧੮ ਮਾਰਚ, ਜਨਮ)

ਸਿੱਖ ਇਤਿਹਾਸ ਦੇ ਅਦੁੱਤੀ ਵਿਦਵਾਨ ਸ. ਕਰਮ ਸਿੰਘ ਦਾ ਜਨਮ ਸ੍ਰੀ ਅੰਮ੍ਰਿਤਸਰ ਜ਼ਿਲ੍ਹੇ ਦੇ ਪ੍ਰਸਿੱਧ ਪਿੰਡ ਝਬਾਲ ਵਿਚ ਸ. ਝੰਡਾ ਸਿੰਘ ਦੇ ਘਰ ੧੮ ਮਾਰਚ ੧੮੮੪ ਈ. ਨੂੰ ਹੋਇਆ। ਸ. ਕਰਮ ਸਿੰਘ ਬਚਪਨ ਤੋਂ ਹੀ ਜਿਗਿਆਸੂ ਬਿਰਤੀ ਦਾ ਮਾਲਕ ਸੀ। ਉਸ ਨੇ ਸੰਤ ਅਤਰ ਸਿੰਘ ਦੇ ਜਥੇ ਤੋਂ ਅੰਮ੍ਰਿਤ ਛਕਿਆ ਤੇ ਉਨ੍ਹਾਂ ਇਸ ਬਾਲਕ ਦਾ ਨਾਮ ਮਹਿਰਾਜ ਸਿੰਘ ਤੋਂ ਕਰਮ ਸਿੰਘ ਰੱਖਿਆ। ਮੁੱਢਲੀ ਪੜ੍ਹਾਈ ਪ੍ਰਾਇਮਰੀ ਸਕੂਲ ਤੋਂ, ਮਿਡਲ ਖ਼ਾਲਸਾ ਕਾਲਜ ਸਕੂਲ, ਸ੍ਰੀ ਅੰਮ੍ਰਿਤਸਰ ਤੋਂ ਅਤੇ ਮੈਟਰਿਕ ਖ਼ਾਲਸਾ ਸਕੂਲ ਤਰਨ ਤਾਰਨ ਤੋਂ ਪਾਸ ਕੀਤੀ।[੧] ੧੯੦੨ ਈ. ਵਿਚ ਸ. ਕਰਮ ਸਿੰਘ ਐਫ.ਐਸ.ਸੀ. ਦੀ ਪੜ੍ਹਾਈ ਲਈ ਖ਼ਾਲਸਾ ਕਾਲਜ ਅੰਮ੍ਰਿਤਸਰ ਦਾਖ਼ਲ ਹੋਏ। ਇੱਥੇ ਉਨ੍ਹਾਂ ਮਜ਼ਮੂਨ ਤਾਂ ਸਾਇੰਸ ਚੁਣਿਆ ਪਰ ਇਤਿਹਾਸਿਕ ਪੁਸਤਕਾਂ ਪੜ੍ਹਨ ਦਾ ਸ਼ੌਂਕ ਇਤਿਹਾਸਿਕ ਖੋਜ ਵਿਚ ਬਦਲ ਗਿਆ। ਸ. ਅਮਰ ਸਿੰਘ ਵਾਸੂ, ਮਾ. ਈਸ਼ਰ ਸਿੰਘ ਢੋਟੀਆਂ ਅਤੇ ਗੁਰਮੁਖ ਸਿੰਘ ਢੋਟੀਆਂ ਆਪ ਦੇ ਖਾਸ ਜੋੜੀਦਾਰ ਸਨ। ਇਨ੍ਹਾਂ ਚਾਰਾਂ ਦੋਸਤਾਂ ਨੇ ਸਿੱਖ ਕੌਮ ਨੂੰ ਆਪਣਾ ਜੀਵਨ ਅਰਪਨ ਕਰਨ ਦੀ ਕਸਮ ਖਾਧੀ। ਸ. ਕਰਮ ਸਿੰਘ ਨੇ ਕਿਹਾ ਕਿ "ਮੈਂ ਸਿੱਖ ਇਤਿਹਾਸ ਦੀ ਵਿਗਿਆਨਕ ਢੰਗ ਨਾਲ ਖੋਜ ਕਰਾਂਗਾ ਤੇ ਸਿੱਖ ਇਤਿਹਾਸ ਲਿਖਾਂਗਾ।"[੨] ਕਰਮ ਸਿੰਘ ਹਿਸਟੋਰੀਅਨ ਨੇ ਇਤਿਹਾਸਕਾਰ

ਬਣਨ ਲਈ ੨੦-੨੦ ਘੰਟੇ ਪੜ੍ਹਨਾ ਸ਼ੁਰੂ ਕਰ ਦਿੱਤਾ। ੧੯੦੫ ਈ. ਦੇ ਵਰ੍ਹੇ ਬਹੁਤ ਸਾਰੇ ਬਿਰਧ ਜਦ ਪਲੇਗ ਨਾਲ ਮਰ ਰਹੇ ਸਨ ਤਾਂ ਕਰਮ ਸਿੰਘ ਉਨ੍ਹਾਂ ਕੋਲੋਂ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੇ ਹਾਲਾਤ ਜਾਣਨ ਲਈ ਆਪਣੀ ਪੜ੍ਹਾਈ ਵਿਚਾਲੇ ਛੱਡ ਕੇ ਖੋਜ ਲਈ ਨਿਕਲ ਪਏ। ਸ. ਕਰਮ ਸਿੰਘ ਰੋਜ਼ਾਨਾ ਤੀਹ-ਤੀਹ, ਚਾਲੀ-ਚਾਲੀ ਮੀਲ ਤੁਰ ਕੇ ਬਿਰਧਾਂ ਦੇ ਬਿਆਨ ਇਕੱਤਰ ਕਰਦੇ ਰਹੇ। ਇਸ ਦੌਰਾਨ ਉਨ੍ਹਾਂ ਨੂੰ ਬਹੁਤ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ ਪਰ ਵੱਡਮੁੱਲੇ ਬਿਆਨ ਇਕੱਤਰ ਕਰਨ ਵਿਚ ਕਾਮਯਾਬ ਰਿਹਾ। ਸ. ਕਰਮ ਸਿੰਘ ਹਿਸਟੋਰੀਅਨ ਗੁਰੂ ਨਾਨਕ ਸਾਹਿਬ ਜੀ ਬਾਰੇ ਖੋਜ ਕਰਨ ਲਈ ਮੁਸਲਿਮ ਭੇਸ ਵਿਚ ਹਾਜ਼ੀਆਂ ਨਾਲ ਰਲ ਕੇ ਮੱਕੇ ਨੂੰ ਵੀ ਤੁਰ ਪਏ ਸੀ। ਪਰ ਬਗਦਾਦ ਵਿਚ ਫੜੇ ਗਏ ਤਾਂ ਬੜੀ ਮੁਸ਼ਕਲ ਜਾਨ ਬਚਾ ਕੇ ਨਿਕਲੇ।[੩] ਹਿੰਦੁਸਤਾਨ ਦੀ ਸ਼ਾਇਦ ਹੀ ਕੋਈ ਲਾਇਬਰੇਰੀ ਹੋਵੇਗੀ, ਜਿੱਥੇ ਆਪ ਪੁੱਜੇ ਨਾ ਹੋਣ। ਆਪ ਜੀ ਨੇ ਸਿੱਖ ਇਤਿਹਾਸ ਦੀਆਂ ਬਹੁਤ ਸਾਰੀਆਂ ਗੁੰਝਲਾਂ ਹੱਲ ਕਰ ਲਈਆਂ ਸਨ ਅਤੇ ੧੩-੧੪ ਕਾਪੀਆਂ ਇਤਿਹਾਸਿਕ ਨੋਟਾਂ ਨਾਲ ਭਰ ਲਈਆਂ ਸਨ। ਸ. ਕਰਮ ਸਿੰਘ ਲਿਖਦੇ ਹਨ ਕਿ "ਮੈਂ ਹੁਣ ਛੇ ਮਹੀਨੇ ਵਿਚ ਬੈਠ ਕੇ ਸਾਰਾ ਸਿੱਖ ਇਤਿਹਾਸ ਲਿਖ ਦੇਵਾਗਾਂ।" ਪਰ ਆਪ ਨੂੰ ਘਰ ਦੀਆਂ ਆਰਥਿਕ ਥੁੜ੍ਹਾਂ ਕਾਰਨ ਖੇਤੀਬਾੜੀ ਕਰਨੀ ਪਈ। ਪੜ੍ਹਨ-ਲਿਖਣ ਦੀ ਮਿਹਨਤ ਅਤੇ ਬੇਪਰਵਾਹੀ ਨਾਲ ਆਪ ਦੀ ਇਕ ਅੱਖ ਵੀ ਗਵਾਚ ਗਈ। ਅਗਸਤ ੧੯੩੦ ਈ. ਵਿਚ ਆਪ ਨੂੰ ਮਲੇਰੀਆ ਹੋ ਗਿਆ। ਇਹ ਬਿਮਾਰੀ ਵੱਧ ਗਈ ਤੇ ਨਮੂਨੀਆ ਵੀ ਹੋ ਗਿਆ। ਆਖ਼ਰ ੧੦ ਸਤੰਬਰ, ੧੯੩੦ ਈ. ਨੂੰ ਆਪ ਸਦਾ ਲਈ ਇਸ ਦੁਨੀਆ ਤੋਂ ਕੂਚ ਕਰ ਗਏ।[੪] ਸਿੱਖ ਇਤਿਹਾਸ ਦਾ ਇਹ ਹੀਰਾ ਸਿੱਖ ਕੌਮ ਤੋਂ ਸਦਾ ਲਈ ਗਵਾਚ ਗਿਆ।

**ਹਵਾਲੇ :**

**੧.** ਭੁਪਿੰਦਰ ਸਿੰਘ ਗਰੋਵਰ, *ਕਰਮ ਸਿੰਘ ਹਿਸਟੋਰੀਅਨ: ਜੀਵਨ ਤੇ ਰਚਨਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੮੬, ਪੰਨਾ ੨.

**੨.** ਹੀਰਾ ਸਿੰਘ ਦਰਦ, (ਸੰਪਾ.), *ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ*, ਭਾਗ ਪਹਿਲਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੧੪, ਪੰਨਾ ੨੧.

**੩.** *ਉਹੀ*, ਪੰਨੇ ੨੫-੨੬.

**੪.** *ਉਹੀ*, ਪੰਨਾ ੨੯.

## ਸਿਰਦਾਰ ਕਪੂਰ ਸਿੰਘ

(੨ ਮਾਰਚ, ਜਨਮ)

ਸਿਰਦਾਰ ਕਪੂਰ ਸਿੰਘ ਦਾ ਜਨਮ ੨ ਮਾਰਚ, ੧੯੦੯ ਈ. ਨੂੰ ਸ. ਦੀਦਾਰ ਸਿੰਘ ਦੇ ਘਰ ਹੋਇਆ। ਆਪ ਦੀ ਮਾਤਾ ਸ੍ਰੀਮਤੀ ਹਰਨਾਮ ਕੌਰ ਧਾਰਮਿਕ ਰੁਚੀਆਂ ਵਾਲੇ ਸਨ। ੧੯੪੭ ਈ. ਤੋਂ ਪਹਿਲਾਂ ਇਹ ਪਰਵਾਰ ਚੱਕ ਨੰਬਰ ੫੩੧ ਲਾਇਲਪੁਰ (ਪਾਕਿਸਤਾਨ) ਟਿਕਿਆ ਸੀ।[੧] ਸਰਦਾਰ ਸਾਹਿਬ ਦਾ ਜੱਦੀ ਪਿੰਡ ਮੰਨਣ ਚੱਕ ਕਲਾਂ

ਜ਼ਿਲ੍ਹਾ ਲੁਧਿਆਣਾ ਸੀ। ਆਪ ਜੀ ਲਾਇਲਪੁਰ ਦੇ ਜਿਸ ਸਕੂਲ ਵਿਚ ਪੜ੍ਹੇ ਸਨ, ਉਸ ਸਕੂਲ ਦਾ ਹੈੱਡ ਮਾਸਟਰ ਮਾਸਟਰ ਤਾਰਾ ਸਿੰਘ ਸੀ।[੩] ਕਪੂਰ ਸਿੰਘ ਪੜ੍ਹਾਈ ਵਿਚ ਬਹੁਤ ਹੁਸ਼ਿਆਰ ਸੀ। ਉਨ੍ਹਾਂ ਨੇ ਕੈਂਬਰਿਜ਼ ਯੂਨੀਵਰਸਿਟੀ ਤੋਂ ਫਿਲਾਸਫ਼ੀ ਦੀ ਪੜ੍ਹਾਈ ਕੀਤੀ ਸੀ। ਅੰਗਰੇਜ਼ਾਂ ਦੇ ਸਮੇਂ ਆਈ.ਸੀ.ਐਸ. ਬਣਨ ਵਾਲੇ ਗਿਣੇ-ਚੁਣੇ ਸਨ, ਜਿਨ੍ਹਾਂ ਵਿੱਚੋਂ ਸਿਰਦਾਰ ਕਪੂਰ ਸਿੰਘ ਵੀ ਸੀ। ਸਾਲ ੧੯੩੩ ਈ. ਵਿਚ ਆਈ.ਸੀ.ਐਸ ਵਿੱਚੋਂ ਸਫ਼ਲਤਾ ਪ੍ਰਾਪਤ ਕਰ ਕੇ ਟ੍ਰੇਨਿੰਗ ਲੈ ਕੇ ਸਾਲ ੧੯੩੪ ਈ. ਨੂੰ ਵਾਪਿਸ ਦੇਸ਼ ਪਰਤੇ।[੪] ੧੯੪੭ ਈ. ਵਿਚ ਸਿਰਦਾਰ ਕਪੂਰ ਸਿੰਘ ਕਾਂਗੜੇ ਵਿਖੇ ਡਿਪਟੀ ਕਮਿਸ਼ਨਰ ਸਨ, ਜਦ ਪੰਜਾਬ ਦੇ ਗਵਰਨਰ ਚੰਦੂ ਲਾਲ ਤ੍ਰਿਵੇਦੀ ਨੇ ਸਾਰੇ ਜ਼ਿਲ੍ਹਿਆਂ ਦੇ ਕਮਿਸ਼ਨਰਾਂ ਨੂੰ ਗੁਪਤ ਫਿਰਕੂ ਪੱਤਰ ਕੱਢਿਆ ਕਿ ਸਿੱਖ ਜਰਾਇਮ ਪੇਸ਼ਾ ਕੌਮ ਸਮਝ ਕੇ ਇਨ੍ਹਾਂ ਨਾਲ ਸਖਤੀ ਵਰਤੀ ਜਾਵੇ। ਇਸ ਸਰਕਾਰੀ ਫਿਰਕੂ ਪੱਤਰ ਦੇ ਖਿਲਾਫ਼ ਸ. ਕਪੂਰ ਸਿੰਘ ਨੇ ਇਤਰਾਜ਼ ਕੀਤਾ।[੫] ਸਿੱਟੇ ਵਜੋਂ ੧੩ ਅਤੇ ੧੪ ਅਪ੍ਰੈਲ ੧੯੪੯ ਈ. ਦੀ ਰਾਤ ਨੂੰ ਗੋਪੀ ਚੰਦ ਭਾਰਗਵ ਦੀ ਸਰਕਾਰ ਵੇਲੇ ਮੁਅੱਤਲੀ ਦਾ ਹੁਕਮ ਦੇ ਦਿੱਤਾ। ਇਹ ਕੇਸ ੪ ਸਾਲ ਲਟਕਣ ਤੋਂ ਬਾਅਦ ਉਨ੍ਹਾਂ ਨੂੰ ਹਮੇਸ਼ਾ ਵਾਸਤੇ ਨੌਕਰੀ ਤੋਂ ਅਲਹਿਦਾ ਕਰ ਦਿੱਤਾ ਗਿਆ। ਇਸ ਬਾਰੇ ਸਿਰਦਾਰ ਕਪੂਰ ਸਿੰਘ ਨੇ 'ਸਾਚੀ ਸਾਖੀ' ਕਿਤਾਬ ਵਿਚ ਵਿਸਥਾਰ ਨਾਲ ਬਿਆਨ ਕੀਤਾ ਹੈ। ਇਸ ਤੋਂ ਬਾਅਦ ੧੯੬੨ ਈ. ਦੀਆਂ ਤੀਜੀਆਂ ਆਮ ਚੋਣਾਂ ਵਿਚ ਸਿਰਦਾਰ ਕਪੂਰ ਸਿੰਘ ਅਕਾਲੀ ਦਲ ਦੇ ਨੁਮਾਇੰਦੇ ਵਜੋਂ ਲੁਧਿਆਣਾ ਤੋਂ ਲੋਕ ਸਭਾ ਦੇ ਮੈਂਬਰ ਚੁਣੇ ਗਏ।[੬] ਸਰਦਾਰ ਸਾਹਿਬ ਲੋਕ ਸਭਾ ਵਿਚ ਸਿੱਖ ਹੋਮਲੈਂਡ ਬਾਰੇ ਬੋਲਦੇ ਰਹੇ। ਅਨੰਦਪੁਰ ਸਾਹਿਬ ਦਾ ਬਹੁ-ਚਰਚਿਤ ਮਤਾ ਸਿਰਦਾਰ ਕਪੂਰ ਸਿੰਘ ਨੇ ਹੀ ਲਿਖਿਆ ਸੀ। ਉਹ ਆਖਰੀ ਸਾਹਾਂ ਤਕ ਸਿੱਖ ਹੋਮਲੈਂਡ ਲਈ ਸੰਘਰਸ਼ ਕਰਦੇ ਰਹੇ। ਉਨ੍ਹਾਂ ਦੀਆਂ ਪੰਜ ਕਿਤਾਬਾਂ ਪੰਜਾਬੀ ਵਿਚ, ਅੱਠ ਕਿਤਾਬਾਂ ਅੰਗਰੇਜ਼ੀ ਵਿਚ ਤੇ ਕਈ ਖੋਜ ਪੱਤਰ ਉਨ੍ਹਾਂ ਦੀ ਵਿਦਵਤਾ ਬਿਆਨ ਕਰਦੇ ਹਨ। ਉਨ੍ਹਾਂ ਨੇ ਵਿਸ਼ਵ ਧਰਮਾਂ ਦਾ ਸਾਹਿਤ ਪੜ੍ਹਿਆ ਤੇ ਉਹ ਕਈ ਭਾਸ਼ਾਵਾਂ ਦੇ ਗਿਆਤਾ ਸੀ। ਸਿੱਖ ਕੌਮ ਲਈ ਸੰਘਰਸ਼ ਕਰਦਾ ਇਹ ਵਿਦਵਾਨ ੧੩ ਅਗਸਤ, ੧੯੮੬ ਈ. ਨੂੰ ਅਕਾਲ ਚਲਾਣਾ ਕਰ ਗਿਆ।[੭] ਸਿੱਖ ਕੌਮ ਸਿਰਦਾਰ ਕਪੂਰ ਸਿੰਘ ਦੀ ਵਿਦਵਤਾ ਨੂੰ ਵੀਹਵੀਂ ਸਦੀ ਦੇ ਪ੍ਰਸੰਗ ਵਿਚ ਹਮੇਸ਼ਾ ਯਾਦ ਰੱਖੇਗੀ।

**ਹਵਾਲੇ :**


**੧.** ਡਾ. ਕੁਲਵੰਤ ਸਿੰਘ, *ਸ. ਕਪੂਰ ਸਿੰਘ : ਜੀਵਨ ਤੇ ਰਚਨਾ*, ਪੰਜਾਬੀ ਯੂਨੀਵਰਸਿਟੀ, ੧੯੯੬, ਪੰਨਾ ੧.

**੨.** ਜੈਤੇਗ ਸਿੰਘ ਅਨੰਤ (ਸੰਪਾ.), *ਸਿਰਦਾਰ*, ਹਰਿਦਰਸ਼ਨ ਪ੍ਰਕਾਸ਼ਨ, ਚੰਡੀਗੜ੍ਹ, ੨੦੦੯, ਪੰਨਾ ੨੦.

**੩.** *ਉਹੀ*, ਪੰਨਾ ੨੧.

**੪.** ਡਾ. ਕੁਲਵੰਤ ਸਿੰਘ, *ਸ. ਕਪੂਰ ਸਿੰਘ : ਜੀਵਨ ਤੇ ਰਚਨਾ*, ਪੰਨਾ ੨.

**੫.** *ਉਹੀ*, ਪੰਨਾ ੩.

**੬.** *ਉਹੀ*, ਪੰਨਾ ੬.

**੭.** *ਉਹੀ*, ਪੰਨਾ ੧੮.

# ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ

*-ਭਾਈ ਰੇਸ਼ਮ ਸਿੰਘ ਸੁਖਮਨੀ ਸੇਵਾ ਵਾਲੇ**

ਮਨੁੱਖੀ ਜੀਵਨ ਦਾ ਸਭ ਤੋਂ ਵੱਡਾ ਆਧਾਰ ਪਿਆਰ ਹੀ ਹੁੰਦਾ ਹੈ। ਜਿਸ ਮਨੁੱਖ ਦੇ ਹਿਰਦੇ ਅੰਦਰ ਪਿਆਰ ਨਹੀਂ ਹੁੰਦਾ, ਉਸ ਨੂੰ ਸਮਾਜ ਵਿਚ ਕਦੇ ਵੀ ਕੋਈ ਪਿਆਰ ਨਹੀਂ ਕਰਦਾ। ਯਾਦ ਰੱਖਿਓ, ਜਿਸ ਮਨੁੱਖ ਦੇ ਹਿਰਦੇ ਅੰਦਰ ਪਿਆਰ ਦਾ ਭੰਡਾਰ ਪ੍ਰਗਟ ਹੋ ਜਾਂਦਾ ਹੈ, ਉਸ ਨੂੰ ਇਹ ਵੀ ਕਹਿ ਲਈਏ ਕਿ ਉਹ ਦੁਨੀਆ ਦਾ ਬਾਦਸ਼ਾਹ ਹੁੰਦਾ ਹੈ, ਇਸ ਵਿਚ ਕੋਈ ਅਤਿਕਥਨੀ ਨਹੀਂ ਹੁੰਦੀ। ਕੋਈ ਵੀ ਮਨੁੱਖ ਜਦੋਂ ਰੱਬ ਦੀ ਭਗਤੀ ਵਿਚ ਬਹੁਤ ਹੀ ਪਿਆਰ ਨਾਲ ਲੀਨ ਹੁੰਦਾ ਹੈ ਤਾਂ ਐਸੇ ਪਿਆਰੇ ਮਨੁੱਖ ਨੂੰ ਸਮਾਜ ਅਤੇ ਸਿੱਖ ਜਗਤ ਦੇ ਹਰ ਕੋਨੇ-ਕੋਨੇ ਵਿਚ ਬਹੁਤ ਹੀ ਸਤਿਕਾਰ ਅਤੇ ਪਿਆਰ ਮਿਲਣ ਲੱਗ ਜਾਂਦਾ ਹੈ। ਇਸੇ ਕਰਕੇ ਹੀ ਮਹਾਨ ਸਤਿਗੁਰੂ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਵੀ ਆਪਣੇ ਪਿਆਰੇ ਬਚਨਾਂ ਵਿਚ ਬੋਲ ਦਿੱਤਾ ਹੈ ਕਿ:

*ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ...॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੫੫੫)*

ਗੁਰੂ ਦੇ ਪਿਆਰਿਓ, ਇੱਕ ਰੱਬੀ ਪਿਆਰਾ ਜਦੋਂ ਸਤਿਗੁਰੂ ਜੀ ਦੀ ਪਾਵਨ ਬਾਣੀ ਦਾ ਨਿੱਤਨੇਮ, ਸੇਵਾ, ਸਿਮਰਨ ਜਾਂ ਦਾਨ-ਪੁੰਨ ਆਦਿ ਕਰ ਕੇ ਰੱਬੀ ਰਾਹ ਦੀ ਮੰਜ਼ਿਲ ਨੂੰ ਤੈਅ ਕਰਨ ਲਈ ਆਪਣੇ ਹਿਰਦੇ ਅੰਦਰੋਂ ਬਹੁਤ ਹੀ ਪਿਆਰ ਨਾਲ ਅਰਦਾਸ ਕਰਦਾ ਹੈ ਤਾਂ ਉਹ ਸਤਿਗੁਰੂ ਜੀ ਦੇ ਪਵਿੱਤਰ ਚਰਨਾਂ ਵਿਚ ਦੋਵੇਂ ਹੱਥ ਜੋੜ ਕੇ ਰੱਬੀ ਪਿਆਰ ਹੀ ਮੰਗਦਾ ਹੈ, ਭਗਤੀ ਦਾ ਅਰਥ ਵੀ ਅਸਲ ਵਿਚ ਰੱਬੀ ਪਿਆਰ ਹੀ ਹੁੰਦਾ ਹੈ। ਇੱਕ ਦਿਨ ਰੱਬ ਨੇ ਆਪਣੇ ਸਾਰੇ ਪਿਆਰੇ ਭਗਤਾਂ ਨੂੰ ਆਪਣੇ ਦੁਆਰੇ 'ਤੇ ਸੱਦ ਕੇ ਬਹੁਤ ਹੀ ਪਿਆਰ ਵਿਚ ਕਿਹਾ ਕਿ ਮੇਰੇ ਪਿਆਰੇ ਭਗਤੋ, ਤੁਸੀਂ ਹਰ-ਰੋਜ਼ ਸਾਡੇ ਚਰਨਾਂ ਵਿਚ ਬਹੁਤ ਹੀ ਪਿਆਰ ਨਾਲ ਅਰਦਾਸ ਕਰਦੇ ਹੋ ਕਿ:

*ਹਮ ਭੀਖਕ ਭੇਖਾਰੀ ਤੇਰੇ ਤੂ ਨਿਜ ਪਤਿ ਹੈ ਦਾਤਾ॥*
*ਹੋਹੁ ਦੈਆਲ ਨਾਮੁ ਦੇਹੁ ਮੰਗਤ ਜਨ ਕੰਉ ਸਦਾ ਰਹਉ ਰੰਗਿ ਰਾਤਾ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੬੬)*

ਪਿਆਰਿਓ, ਤੁਸੀਂ ਆਪਣੀਆਂ ਪਿਆਰ ਦੀਆਂ ਝੋਲੀਆਂ ਅੱਡ-ਅੱਡ ਕੇ ਸਾਡੇ ਦਰ 'ਤੇ ਮੰਗਤੇ ਬਣ ਕੇ ਆ ਜਾਂਦੇ ਹੋ, ਬਹੁਤ ਹੀ ਅਰਜੋਈਆਂ ਕਰਦੇ ਹੋ ਤਾਂ ਸਾਡਾ ਵੀ ਬਿਰਧ ਹੈ ਕਿ ਤੁਹਾਡੇ ਪਿਆਰ ਸਦਕਾ ਮੈਨੂੰ ਵੀ ਤੁਹਾਡੇ ਨਾਲ ਬਹੁਤ ਹੀ ਪਿਆਰ

** #੨, ਸਰਦਾਰ ਐਵੀਨਿਊ, ਮਜੀਠਾ ਰੋਡ, ਸ੍ਰੀ ਅੰਮ੍ਰਿਤਸਰ-੧੪੩੦੦੧; ਮੋ. ੯੮੧੫੧-੪੩੫੨੬*

ਹੋ ਜਾਂਦਾ ਹੈ ਅਤੇ ਤੁਹਾਡੇ ਗੂੜ੍ਹੇ ਪਿਆਰ ਸਦਕਾ ਮੈਂ ਤੁਹਾਡੀਆਂ ਹਰ ਤਰ੍ਹਾਂ ਦੀਆਂ ਸੁੱਖਾਂ ਦੀਆਂ ਝੋਲੀਆਂ ਭਰ ਕੇ ਤੁਹਾਨੂੰ ਨਿਵਾਜਦਾ ਰਹਿੰਦਾ ਹਾਂ, ਪਰ ਰੱਬ ਨੇ ਨਾਲ ਹੀ ਆਪਣੇ ਪਿਆਰੇ ਭਗਤਾਂ 'ਤੇ ਸਵਾਲ ਕਰ ਦਿੱਤਾ ਕਿ ਪਿਆਰੇ ਭਗਤੋ, ਤੁਸੀਂ ਤਾਂ ਮੇਰੇ ਦਰ ਤੋਂ ਮੰਗਤੇ ਬਣ ਕੇ ਆਪਣੀਆਂ ਹਰ ਤਰ੍ਹਾਂ ਦੀਆਂ ਝੋਲੀਆਂ ਭਰ ਕੇ ਅਤੇ ਹਰ ਤਰ੍ਹਾਂ ਦੀਆਂ ਭੁੱਖਾਂ ਦੂਰ ਕਰਵਾ ਕੇ ਸਾਡੇ ਪਾਸੋਂ ਹੋ ਕੇ ਚਲੇ ਜਾਂਦੇ ਹੋ, ਪਰ ਤੁਸੀਂ ਮੈਨੂੰ (ਰੱਬ) ਨੂੰ ਵੀ ਕਦੇ ਪੁੱਛਿਆ ਹੈ ਕਿ ਤੁਹਾਨੂੰ ਵੀ ਕਦੇ ਕਿਸੇ ਚੀਜ਼ ਦੀ ਭੁੱਖ ਲੱਗਦੀ ਹੈ? ਸੋ ਮੇਰੇ ਪਿਆਰੇ ਭਗਤੋ, ਮੇਰੀ ਭੁੱਖ ਨੂੰ ਹਰ-ਰੋਜ਼ ਜ਼ਰੂਰ ਹੀ ਦੂਰ ਕਰਿਆ ਕਰੋ ਤਾਂ ਸਭ ਭਗਤਾਂ ਨੇ ਰੱਬ ਜੀ ਨੂੰ ਪੁੱਛ ਹੀ ਲਿਆ ਕਿ ਪਿਤਾ ਰੱਬ ਜੀ, ਤੁਸੀਂ ਤਾਂ ਸਾਡੇ ਮੰਗਤਿਆਂ ਦੀਆਂ ਝੋਲੀਆਂ ਭਰ ਕੇ ਸਾਡੀਆਂ ਹਰ ਤਰ੍ਹਾਂ ਦੀਆਂ ਦੁਨਿਆਵੀ ਅਤੇ ਆਤਮਕ ਭੁੱਖਾਂ ਦੂਰ ਕਰ ਕੇ ਸਾਨੂੰ ਸਦਾ-ਸਦਾ ਲਈ ਨਿਵਾਜਦੇ ਹੋ, ਤੁਹਾਨੂੰ ਭੁੱਖ ਕਿਸ ਚੀਜ਼ ਦੀ ਲੱਗਦੀ ਹੈ? ਤਾਂ ਰੱਬ ਨੇ ਆਪਣੀ ਪਾਵਨ ਬਾਣੀ ਵਿਚ ਫੁਰਮਾਨ ਕੀਤਾ ਕਿ:

*ਗੋਬਿੰਦ ਭਾਉ ਭਗਤਿ ਦਾ ਭੁਖਾ॥ (ਵਾਰ ੧੦:੭)*

ਪਿਆਰਿਓ, ਮੈਨੂੰ ਤੁਹਾਡੇ ਪਿਆਰ ਦੀ ਬਹੁਤ ਹੀ ਭੁੱਖ ਲਗਦੀ ਹੈ, ਜਦੋਂ ਤੁਸੀਂ ਇਕ-ਮਨ ਅਤੇ ਇਕ-ਚਿੱਤ ਹੋ ਕੇ ਸਿਮਰਨ ਰਾਹੀਂ ਮੇਰੇ (ਰੱਬ) ਵਿਚ ਲੀਨ ਹੋ ਜਾਂਦੇ ਹੋ ਤਾਂ ਸਿਮਰਨ ਰਾਹੀਂ ਤੁਹਾਡੀ ਲੱਗੀ ਹੋਈ ਪਿਆਰ ਦੀ ਸਮਾਧੀ ਮੇਰੀ ਖੁਰਾਕ ਬਣ ਜਾਂਦੀ ਹੈ। ਸੋ ਜਿਸ ਤਰ੍ਹਾਂ ਇੱਕ ਰੱਬੀ ਪਿਆਰੇ ਨੂੰ ਕੋਈ ਮਨੁੱਖ ਪਰਸ਼ਾਦਾ ਛਕਾ ਕੇ ਉਸ ਨੂੰ ਬਹੁਤ ਹੀ ਤ੍ਰਿਪਤ ਕਰਦਾ ਹੈ ਤਾਂ ਉਹ ਭੋਜਨ ਨਾਲ ਤ੍ਰਿਪਤ ਹੋਇਆ ਗੁਰਮੁਖ ਭਗਤ ਜਦੋਂ ਸਤਿਗੁਰੂ ਜੀ ਦੇ ਪਾਵਨ ਦਰ 'ਤੇ ਬਹੁਤ ਹੀ ਪਿਆਰ ਨਾਲ ਅਰਦਾਸ ਕਰਦਾ ਹੈ ਤਾਂ ਉਸ ਦੀ ਕੀਤੀ ਹੋਈ ਅਰਦਾਸ ਰੱਬ ਦੇ ਦਰ 'ਤੇ ਪ੍ਰਵਾਨ ਹੋ ਜਾਂਦੀ ਹੈ, ਇਸੇ ਕਰਕੇ ਆਮ ਹੀ ਮਨੁੱਖ ਰੱਬੀ ਪਿਆਰਿਆਂ ਦੀ ਕਿਸੇ ਵੀ ਤਰ੍ਹਾਂ ਦੀ ਸੇਵਾ ਕਰ ਕੇ ਰੱਬ ਦੀ ਖੁਸ਼ੀ ਲੈਣ ਦੀ ਕੋਸ਼ਿਸ਼ ਕਰਦੇ ਹੀ ਰਹਿੰਦੇ ਹਨ। ਸੋ ਮੇਰੇ ਪਿਆਰੇ ਗੁਰਮੁਖ ਭਗਤੋ, ਇਸੇ ਤਰ੍ਹਾਂ ਜਦੋਂ ਤੁਸੀਂ ਆਪਣੇ ਆਸਣ 'ਤੇ ਬੈਠ ਕੇ, ਚੌਂਕੜਾ ਲਾ ਕੇ ਸਮਾਧੀ ਲੀਨ ਹੋ ਕੇ ਰੱਬੀ ਪਿਆਰ ਵਿਚ ਖੋ ਜਾਂਦੇ ਹੋ ਤਾਂ ਤੁਸੀਂ ਮੇਰਾ ਇਨ੍ਹਾ ਗੂੜ੍ਹਾ ਪਿਆਰ ਲੈ ਲੈਂਦੇ ਹੋ ਕਿ ਮੇਰੇ ਵੱਲੋਂ ਤੁਹਾਨੂੰ ਹੋਰ ਅਗਾਂਹ ਹੋਰ ਪਿਆਰ ਮਿਲਦਾ ਹੀ ਜਾਂਦਾ ਹੈ, ਮੇਰੇ ਦਿੱਤੇ ਹੋਏ ਪਿਆਰ ਸਦਕਾ ਹੀ ਤੁਹਾਨੂੰ ਸਾਰੀ ਮਨੁੱਖਤਾ ਪਿਆਰ ਦੇਣ ਲੱਗ ਪੈਂਦੀ ਹੈ। ਸੋ ਰੱਬੀ ਪਿਆਰ ਸੰਬੰਧੀ ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਨੇ ਤਾਂ ਆਪਣੀ ਪਾਵਨ ਬਾਣੀ ਵਿਚ ਸੱਚੀ ਅਤੇ ਪੱਕੀ ਮੋਹਰ ਲਗਾ ਦਿੱਤੀ ਹੈ ਕਿ:

*ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥(ਤ੍ਵ ਪ੍ਰਸਾਦਿ ਸਵਯੇ)*

**ਬਾਕੀ ਸਫਾ:੭੦ 'ਤੇ**

# ਗਾਥਾ: ਖਾਲਸਾ ਕਾਲਜ, ਬੰਬਈ

*-ਸ. ਹਰਵਿੰਦਰ ਸਿੰਘ ਖਾਲਸਾ**

ਡਾ. ਅੰਬੇਦਕਰ ਨੇ ੧੯੩੫-੩੬ ਵਿਚ ਮਨ ਬਣਾ ਲਿਆ ਸੀ ਕਿ ਉਹ ਅਤੇ ਉਸ ਦੇ ਨਾਲ ਤੁਰਨ ਵਾਲੇ ਅੱਠ ਕਰੋੜ ਅਛੂਤ ਇਕ ਅਵਾਜ਼ ਹਿੰਦੂ ਧਰਮ ਨੂੰ ਤਿਆਗ ਕੇ ਕਿਸੇ ਹੋਰ ਧਰਮ ਨੂੰ ਗ੍ਰਹਿਣ ਕਰ ਲੈਣਗੇ। ਡਾ. ਅੰਬੇਦਕਰ ਦੇ ਇਸ ਵਿਚਾਰ ਨੇ ਭਾਰਤ ਵਿਚਲੇ ਸਾਰੇ ਧਰਮਾਂ ਵਾਲਿਆਂ-ਬੋਧੀ, ਜੈਨੀ, ਇਸਾਈ, ਮੁਸਲਮਾਨ, ਸਿੱਖ ਆਦਿਕ ਨੂੰ ਇਕ ਹਲੂਣਾ ਦਿੱਤਾ ਅਤੇ ਇਨ੍ਹਾਂ ਸਾਰਿਆਂ ਦੇ ਦਿਲ ਅੰਦਰ ਅੱਠ ਕਰੋੜ ਅਛੂਤਾਂ ਨੂੰ ਆਪਣੇ ਵਿਚ ਰਲਾ ਲੈਣ ਦੀ ਇੱਛਾ ਪੈਦਾ ਕਰ ਦਿੱਤੀ। ਸਾਰੇ ਧਰਮਾਂ ਦੇ ਮੁਖੀਆਂ ਨੇ ਡਾ. ਅੰਬੇਦਕਰ ਨਾਲ ਗੱਲਬਾਤ ਕੀਤੀ। ਸਿੱਖ ਧਰਮ ਦੇ ਮੁਖੀਆਂ ਦੀ ਵੀ ਡਾ. ਅੰਬੇਦਕਰ ਨਾਲ ੧੯੩੫ ਈ. ਵਿਚ ਗੱਲਬਾਤ ਹੋਈ ਅਤੇ ਇਸ ਤੋਂ ਪਿੱਛੋਂ ਕਈ ਵਾਰ ਮੀਟਿੰਗਾਂ ਹੋਈਆਂ।

ਗੁਰਦੁਆਰਾ ਪ੍ਰਬੰਧਕ ਕਮੇਟੀ ਨਨਕਾਣਾ ਸਾਹਿਬ ਵੱਲੋਂ ਸ. ਨਰੈਣ ਸਿੰਘ ਦੀ ਅਗਵਾਈ ਵਿਚ ਇਕ ਵਫ਼ਦ ਜਨਵਰੀ ੧੯੩੬ ਈ. ਨੂੰ ਬੰਬਈ ਗਿਆ। ਇਸ ਵਫ਼ਦ ਵਿਚ ਸੰਤ ਤੇਜਾ ਸਿੰਘ, ਗਿਆਨੀ ਇੰਦਰ ਸਿੰਘ, ਭਾਈ ਸਮੁੰਦ ਸਿੰਘ, ਹਜ਼ੂਰੀ ਰਾਗੀ ਜਥਾ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਅਤੇ ਮਜ਼ਹਬੀ ਸਿੰਘਾਂ ਵਿੱਚੋਂ ਤਿੰਨ ਸੇਵਾਦਾਰ ਸਨ। ਉਨ੍ਹਾਂ ਨੇ ਮੁਹਾਰ, ਮਾਂਗ, ਚਮਾਰ ਤੇ ਭੰਗੀ ਆਦਿ ਅਛੂਤ ਜਾਤੀਆਂ ਦੇ ਵਿਚਾਰਾਂ ਸੰਬੰਧੀ ਪੜਤਾਲ ਕਰਨ ਅਤੇ ਉਨ੍ਹਾਂ ਨੂੰ ਸਿੱਖੀ ਸਿਧਾਂਤਾਂ ਤੋਂ ਜਾਣੂ ਕਰਵਾਉਣ ਲਈ ਛੋਟੇ ਛੋਟੇ ਟ੍ਰੈਕਟ ਅੰਗਰੇਜ਼ੀ ਅਤੇ ਮਰਹੱਟੀ ਭਾਸ਼ਾ ਵਿਚ ਛਪਵਾ ਕੇ ਵੱਡੀ ਗਿਣਤੀ ਵਿਚ ਵੰਡੇ ਅਤੇ ਉਨ੍ਹਾਂ ਦੇ ਮੁਖੀਆਂ ਨਾਲ ਵਿਚਾਰ-ਵਟਾਂਦਰਾ ਕੀਤਾ ਜੋ ਬਹੁਤ ਹੀ ਉਤਸ਼ਾਹ-ਜਨਕ ਸੀ।

ਮਹਾਰਾਸ਼ਟਰ ਦੀਆਂ ਮੁਹਾਰ, ਮਾਂਗ ਆਦਿ ਅਛੂਤ ਜਾਤੀਆਂ ਵੱਲੋਂ ਪੂਨੇ ਵਿਚ ਇਕ ਅਛੂਤ ਕਾਨਫਰੰਸ ੧੧-੧੨ ਜਨਵਰੀ, ੧੯੩੬ ਈ. ਨੂੰ ਕੀਤੀ ਜਾ ਰਹੀ ਸੀ। ਇਸ ਵਫ਼ਦ ਨੇ ਇਸ ਕਾਨਫਰੰਸ ਦਾ ਲਾਭ ਲੈਣ ਲਈ ਅਤੇ ਚੰਗਾ ਪ੍ਰਭਾਵ ਪਾਉਣ ਲਈ ਬੰਬਈ ਪੂਨੇ ਦੀਆਂ ਸਿੰਘ ਸਭਾਵਾਂ ਦੇ ਸਹਿਯੋਗ ਦੇ ਨਾਲ ਗੁਰਦੁਆਰਾ ਨਨਕਾਣਾ ਸਾਹਿਬ ਕਮੇਟੀ ਵੱਲੋਂ ਲੰਗਰ ਲਗਾ ਦਿੱਤਾ। ਇਸ ਲੰਗਰ ਵਿਚ ਸਾਰਿਆਂ ਨੇ ਪੰਗਤਾਂ ਵਿਚ ਬੈਠ ਕੇ ਲੰਗਰ ਛਕਿਆ। ਲੰਗਰ ਨੂੰ ਤਿਆਰ ਕਰਨ ਵਾਸਤੇ ਕਈ ਅਖੌਤੀ ਅਛੂਤ ਸਿੱਖ ਵੀ ਸਨ। ਇਸ ਲੰਗਰ ਦਾ ਪ੍ਰਭਾਵ ਕਾਨਫਰੰਸ ਵਿਚ ਆਉਣ ਵਾਲੇ ਸਾਰੇ ਅਛੂਤਾਂ 'ਤੇ ਵੀ ਪਿਆ। ਕਾਨਫਰੰਸ ਪ੍ਰਬੰਧਕਾਂ ਵੱਲੋਂ ਨਨਕਾਣਾ ਸਾਹਿਬ ਕਮੇਟੀ ਦੇ ਕੀਰਤਨੀ ਜਥੇ ਨੂੰ ਕੀਰਤਨ ਕਰਨ ਅਤੇ ਸਿੱਖੀ ਵਿਚਾਰ ਰੱਖਣ ਦਾ ਸਮਾਂ ਦਿੱਤਾ, ਜਿਸ ਨੂੰ ਸੁਣ ਕੇ ਉਹ ਲੋਕ ਬਹੁਤ ਪ੍ਰਭਾਵਿਤ ਹੋਏ।

**ਕੋਠੀ ਨੰ: ਏ-੨੪, ਕਰਤਾਰ ਕਲੋਨੀ, ਗੋਨਿਆਣਾ ਰੋਡ, ਬਠਿੰਡਾ-੧੫੧੨੦੧। ਮੋ: +੯੧੯੮੧੫੫-੩੩੨੨੫*

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਾਹਰਲੇ ਰਾਜਾਂ ਵਿਚ ਸਿੱਖੀ ਪ੍ਰਚਾਰ ਨੂੰ ਪ੍ਰਚੰਡ ਕਰਨ ਦੇ ਲਈ ੧੩ ਅਪ੍ਰੈਲ, ੧੯੩੬ ਈ. ਨੂੰ ਵੈਸਾਖੀ ਵਾਲੇ ਦਿਨ 'ਸਰਬ ਹਿੰਦ ਸਿੱਖ ਮਿਸ਼ਨ' ਦੀ ਸਥਾਪਨਾ ਕੀਤੀ। ਇਸ ਦੇ ਨਾਲ ਇਸ ਸੰਸਥਾ ਵੱਲੋਂ ਸ੍ਰੀ ਅੰਮ੍ਰਿਤਸਰ 'ਚ ਵੱਡੀ ਕਾਨਫਰੰਸ ਕੀਤੀ ਗਈ, ਜਿਸ ਵਿਚ ਸਿੱਖ ਕੌਮ ਦੇ ਸਾਰੇ ਮੁਖੀ ਵਿਅਕਤੀ ਅਤੇ ਮੁਖੀ ਅਛੂਤ ਨੇਤਾ ਡਾ. ਅੰਬੇਦਕਰ ਆਦਿ ਸ਼ਾਮਲ ਹੋਏ। ਇਸ ਕਾਨਫਰੰਸ ਵਿਚ ਬਾਵਾ ਹਰਕਿਸ਼ਨ ਸਿੰਘ ਜੀ ਦਾ ਭਾਸ਼ਨ ਜੋ ਉਨ੍ਹਾਂ ਨੇ ਅੰਗਰੇਜ਼ੀ ਵਿਚ ਕੀਤਾ, ਪ੍ਰਭਾਵਸ਼ਾਲੀ ਸੀ। ਇਸ ਕਾਨਫਰੰਸ ਅਤੇ ਲੰਗਰ ਦਾ ਅਛੂਤਾਂ 'ਤੇ ਬਹੁਤ ਪ੍ਰਭਾਵ ਪਿਆ।

ਡਾ. ਅੰਬੇਦਕਰ ਇਸ ਸਮੇਂ ਲਾਅ ਕਾਲਜ ਬੰਬਈ ਦੇ ਪ੍ਰਿੰਸੀਪਲ ਦੇ ਅਹੁਦੇ ਤੋਂ ਸੇਵਾ-ਮੁਕਤ ਹੋ ਕੇ ਸਿਆਸੀ ਜੀਵਨ ਸ਼ੁਰੂ ਕਰ ਰਹੇ ਸਨ, ਜਿਸ ਲਈ ਉਨ੍ਹਾਂ ਨੂੰ ਆਪਣਾ ਛਾਪਾਖਾਨਾ ਅਤੇ ਅਖ਼ਬਾਰ ਦੀ ਬਹੁਤ ਵੱਡੀ ਜ਼ਰੂਰਤ ਸੀ। ਇਸ ਤੋਂ ਇਲਾਵਾ ਉਹ ਚਾਹੁੰਦੇ ਸਨ ਕਿ ਅਖੌਤੀ ਅਛੂਤ ਬੱਚਿਆਂ ਦੀ ਉਚੇਰੀ ਵਿੱਦਿਆ ਲਈ ਆਪਣਾ ਕਾਲਜ ਚਲਾਉਣਾ ਜ਼ਰੂਰੀ ਹੈ। ਇਸ ਕੰਮ ਵਾਸਤੇ ਉਨ੍ਹਾਂ ਨੇ ਸਰਬ-ਹਿੰਦ ਮਿਸ਼ਨ ਵਾਲਿਆਂ ਨੂੰ ਪ੍ਰੇਰਿਆ। ਮਿਸ਼ਨ ਵੱਲੋਂ ਡਾ. ਅੰਬੇਦਕਰ ਦੀਆਂ ਗੱਲਾਂ ਨੂੰ ਮੰਨਦੇ ਹੋਏ ਹੈੱਡਮਾਸਟਰ ਕੇਹਰ ਸਿੰਘ ਨੂੰ ਇਨ੍ਹਾਂ ਕੰਮਾਂ ਲਈ ਜ਼ਿੰਮੇਵਾਰੀ ਸੌਂਪ ਦਿੱਤੀ।

ਸਰਬ ਹਿੰਦ ਸਿੱਖ ਮਿਸ਼ਨ ਦਾ ਆਪਣਾ ਕੋਈ ਫੰਡ ਜਾਂ ਆਮਦਨ ਦਾ ਸਾਧਨ ਨਹੀਂ ਸੀ। ਇਸ ਦਾ ਸਾਰਾ ਖਰਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰਾਹੀਂ ਹੀ ਚਲਦਾ ਸੀ। ਪ੍ਰੈੱਸ ਅਤੇ ਕਾਲਜ ਲਈ ਕਾਫੀ ਮਾਇਆ ਦੀ ਲੋੜ ਸੀ। ਭਾਵੇਂ ਹੈੱਡਮਾਸਟਰ ਕੇਹਰ ਸਿੰਘ ਨੂੰ ਬੰਬਈ ਭੇਜਿਆ ਗਿਆ ਸੀ ਪਰ ਉਨ੍ਹਾਂ ਦੇ ਹੱਥ ਪੱਲੇ ਕੁਝ ਨਹੀਂ ਸੀ। ਪ੍ਰੰਤੂ ਡਾ. ਅੰਬੇਦਕਰ ਕਾਲਜ ਅਤੇ ਪ੍ਰੈੱਸ ਲਈ ਚਾਹੀਦੀਆਂ ਇਮਾਰਤਾਂ ਛੇਤੀ ਖੜ੍ਹਾ ਕਰਨਾ ਚਾਹੁੰਦੇ ਸਨ। ਜਦ ਕਿ ਹੈੱਡਮਾਸਟਰ ਕੇਹਰ ਸਿੰਘ ਨੂੰ ਸਿਰਫ ਪੰਜ ਹਜ਼ਾਰ ਰੁਪਿਆ ਦੇ ਕੇ ਬੰਬਈ ਭੇਜਿਆ ਗਿਆ ਸੀ। ਬੰਬਈ ਦੀ ਸਿੰਘ ਸਭਾ ਅਤੇ ਹੈੱਡਮਾਸਟਰ ਕੇਹਰ ਸਿੰਘ ਨੇ ਆਪਸੀ ਵਿਚਾਰ-ਵਟਾਂਦਰਾ ਕੀਤਾ ਅਤੇ ਸਿੰਘ ਸਭਾ ਨੇ ਕਾਲਜ ਵਾਲੀ ਥਾਂ ਦੇ ਬਿਆਨੇ ਵਜੋਂ ਪੰਜ ਹਜ਼ਾਰ ਰੁਪਏ ਦੇਣਾ ਮੰਨ ਕੇ ੨੭੬੪੨ ਗਜ਼ ਜਗ੍ਹਾ ਸਾਢੇ ਛੇ ਰੁਪਏ ਪ੍ਰਤੀ ਗਜ਼ ਦੇ ਹਿਸਾਬ ਨਾਲ ੧੭੯੬੭੩ ਰੁਪਏ ਕਾਲਜ ਲਈ ਥਾਂ ਦੀ ਕਾਰਪੋਰੇਸ਼ਨ ਨਾਲ ਲਿਖਾ-ਪੜ੍ਹੀ ਕਰ ਕੇ, ਜਗ੍ਹਾ ਦਾ ਕਬਜ਼ਾ ਲੈ ਲਿਆ। ਡਾ. ਅੰਬੇਦਕਰ ਦੀ ਪ੍ਰਦੇਸ਼ ਯਾਤਰਾ ਲਈ ਪੰਜ ਹਜ਼ਾਰ ਰੁਪਏ ਸ. ਕੇਹਰ ਸਿੰਘ ਨੇ ਦੇ ਦਿੱਤੇ।

ਡਾ. ਅੰਬੇਦਕਰ ਥੋੜ੍ਹੇ ਸਮੇਂ ਵਿਚ ਹੀ ਵਿਦੇਸ਼ ਤੋਂ ਵਾਪਸ ਮੁੜ ਪਏ ਅਤੇ ਜਰਮਨੀ ਦੇ ਕਿਸੇ ਵਿੱਦਿਅਕ ਸੰਸਥਾ ਦੀ ਇਮਾਰਤ ਦੀ ਯੋਜਨਾ ਆਪਣੇ ਨਾਲ ਲਿਆਏ, ਜਿਸ ਨੂੰ ਉਹ ਕਾਲਜ ਦੀ ਇਮਾਰਤ ਦਾ ਆਧਾਰ ਬਣਾਉਣਾ ਚਾਹੁੰਦੇ ਸਨ। ਇਸ ਸਮੇਂ ਹੈੱਡਮਾਸਟਰ ਕੇਹਰ ਸਿੰਘ ਤਨੋਂ-ਮਨੋਂ ਕਾਲਜ ਨੂੰ ਖੜਾ ਕਰਨ ਲਈ ਕੰਮ ਵਿਚ ਜੁਟੇ ਹੋਏ ਸਨ। ਇਮਾਰਤ ਦਾ ਨਕਸ਼ਾ ਕਾਰਪੋਰੇਸ਼ਨ ਵੱਲੋਂ ਪ੍ਰਵਾਨ ਹੋ ਚੁੱਕਾ ਸੀ ਅਤੇ ਇਮਾਰਤੀ ਨੁਕਤਾ-ਨਿਗਾਹ ਤੋਂ ਕੰਮ

ਦੀ ਦੇਖ-ਭਾਲ ਲਈ ਬਾਬਾ ਭੋਲਾ ਸਿੰਘ ਸਾਬਕਾ ਇੰਜੀਨੀਅਰ, ਹੈੱਡਮਾਸਟਰ ਕੇਹਰ ਸਿੰਘ ਦੀ ਮਦਦ ਲਈ ਬੰਬਈ ਪੁੱਜ ਗਏ ਸਨ। ਇਨ੍ਹਾਂ ਨੇ ਅਰਦਾਸਾ ਸੋਧ ਕੇ ਇਮਾਰਤ ਦੀਆਂ ਨੀਂਹਾਂ ਦੀ ਖੁਦਾਈ ਅਰੰਭ ਕਰਾ ਦਿੱਤੀ ਅਤੇ ਛੇਤੀ ਹੀ ਇਮਾਰਤ ਦੀਆਂ ਨੀਂਹਾਂ ਭਰੀਆਂ ਜਾਣ ਲੱਗੀਆਂ। ਇਕ ਪਾਸੇ ਡਾ. ਅੰਬੇਦਕਰ ਦੀ ਹਰ ਮੰਗ ਨੂੰ ਪੂਰਾ ਕਰਨ ਦੇ ਜਤਨ ਹੋ ਰਹੇ ਸਨ ਪਰ ਦੂਜੇ ਪਾਸੇ ਮਹਾਤਮਾ ਗਾਂਧੀ ਹੋਰਾਂ ਦੀ ਪ੍ਰੇਸ਼ਾਨੀ ਵਧ ਰਹੀ ਸੀ। ਉਹ ਨਹੀਂ ਚਾਹੁੰਦੇ ਸਨ ਕਿ ਅੱਠ ਕਰੋੜ ਅਛੂਤ ਲੋਕ ਸਿੱਖ ਧਰਮ ਗ੍ਰਹਿਣ ਕਰ ਲੈਣ। ਮਹਾਤਮਾ ਗਾਂਧੀ ਨੇ ਰਾਬਿੰਦਰ ਨਾਥ ਟੈਗੋਰ ਅਤੇ ਹੋਰ ਕਈ ਨੇਤਾਵਾਂ ਨਾਲ ਗੱਲ ਕੀਤੀ ਕਿ ਕਿਸੇ ਤਰ੍ਹਾਂ ਡਾ. ਅੰਬੇਦਕਰ ਨੂੰ ਸਿੱਖ ਧਰਮ ਨੂੰ ਗ੍ਰਹਿਣ ਕਰਨ ਤੋਂ ਰੋਕਿਆ ਜਾਵੇ, ਕਿਉਂਕਿ ਉਹ ਨਹੀਂ ਚਾਹੁੰਦੇ ਸਨ ਕਿ ਸਿੱਖ ਦੇਸ਼ ਅੰਦਰ ਤਾਕਤਵਰ ਹੋਣ। ਬੰਬਈ ਕਾਲਜ ਨੂੰ ਮੁਕੰਮਲ ਕਰਨ ਵਿਚ ਫੰਡਾਂ ਦੀ ਸਮੱਸਿਆ ਆ ਰਹੀ ਸੀ, ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਾਲਜ ਦੀ ਇਮਾਰਤ ਦੀ ਜ਼ਿੰਮੇਵਾਰੀ ਗੁਰਦੁਆਰਾ ਕਮੇਟੀ ਨਨਕਾਣਾ ਸਾਹਿਬ ਨੂੰ ਸੌਂਪ ਦਿੱਤੀ। ਜਿਸ ਵੱਲੋਂ ਉੱਥੋਂ ਦੇ ਮੈਨੇਜਰ ਸ. ਨਰੈਣ ਸਿੰਘ ਅਤੇ ਸ. ਆਤਮਾ ਸਿੰਘ ਜੋ ਗੁਰੂ ਨਾਨਕ ਖਾਲਸਾ ਹਾਈ ਸਕੂਲ, ਨਨਕਾਣਾ ਸਾਹਿਬ ਵਿਖੇ ਅਧਿਆਪਕ ਸਨ, ਨੂੰ ਬੰਬਈ ਭੇਜਿਆ ਗਿਆ। ਇਨ੍ਹਾਂ ਦੇ ਬੰਬਈ ਪਹੁੰਚਣ ’ਤੇ ਹੈੱਡਮਾਸਟਰ ਕੇਹਰ ਸਿੰਘ ਨੇ ੨੨ ਮਾਰਚ, ੧੯੩੭ ਈ. ਨੂੰ ਇਮਾਰਤ ਦਾ ਚਾਰਜ, ਜਿਸ ਦੀਆਂ ਨੀਂਹਾਂ ਉਸ ਸਮੇਂ ਤਕ ਭਰੀਆਂ ਜਾ ਚੁੱਕੀਆਂ ਸਨ, ਸ. ਨਰੈਣ ਸਿੰਘ ਤੇ ਸ. ਆਤਮਾ ਸਿੰਘ ਨੂੰ ਦੇ ਦਿੱਤਾ। ਹੁਣ ਪੈਸੇ ਦੀ ਕੋਈ ਥੁੜ੍ਹ ਨਹੀਂ ਸੀ ਅਤੇ ਕੰਮ ਵਿਚ ਵੀ ਤੇਜ਼ੀ ਆ ਗਈ। ਡਾ. ਅੰਬੇਦਕਰ ਦੂਜੇ ਤੀਜੇ ਦਿਨ ਕਾਲਜ ਦਾ ਕੰਮ ਵੇਖਣ ਆਉਂਦੇ ਅਤੇ ਲੋੜੀਂਦੇ ਸੁਝਾਓ ਦੇ ਜਾਂਦੇ। ਪ੍ਰਬੰਧਕਾਂ ਦੀ ਡਾ. ਅੰਬੇਦਕਰ ਨਾਲ ਕਾਲਜ ਅਤੇ ਹੋਰ ਜ਼ਰੂਰੀ ਮਸਲਿਆਂ ਸੰਬੰਧੀ ਖੁਲ੍ਹ ਕੇ ਵਿਚਾਰ ਹੁੰਦੀ ਰਹਿੰਦੀ ਸੀ। ਡਾ. ਅੰਬੇਦਕਰ ਦੀ ਤੀਬਰ ਇੱਛਾ ਸੀ ਕਿ ਕਾਲਜ ਦੀ ਇਮਾਰਤ ੨੦ ਜੂਨ ਤਕ ਮੁਕੰਮਲ ਹੋ ਕੇ ਫਰਨੀਚਰ, ਸਾਇੰਸ ਲੈਬਾਰਟਰੀ, ਲਾਇਬ੍ਰੇਰੀ ਆਦਿ ਸਥਾਪਿਤ ਹੋ ਜਾਵੇ ਤਾਂ ਕਿ ਕਾਲਜ ਵਿਚ ਦਾਖ਼ਲੇ ਸਮੇਂ ਜੋ ਬੰਬਈ ਯੂਨੀਵਰਸਿਟੀ ਵੱਲੋਂ ੨੦ ਜੂਨ ਤੋਂ ੧੦ ਜੁਲਾਈ ਨੀਯਤ ਹੈ, ਵਿਦਿਆਰਥੀ ਦਾਖ਼ਲ ਕੀਤੇ ਜਾ ਸਕਣ ਅਤੇ ੨੦ ਜੂਨ, ੧੯੩੭ ਈ. ਤੋਂ ਹੀ ਕਾਲਜ ਚਾਲੂ ਹੋ ਜਾਵੇ।

ਯੂਨੀਵਰਸਿਟੀ ਵੱਲੋਂ ਆਰਜ਼ੀ ਮਨਜ਼ੂਰੀ ਲਈ ਸਟਾਫ ਦੀ ਨਿਯੁਕਤੀ ਅਤੇ ਸਾਇੰਸ ਐਪ੍ਰੇਟਸ ਆਦਿ ਦੀ ਖਰੀਦ ਬਾਰੇ ਜੋ ਸ਼ਰਤਾਂ ਲਗਾਈਆਂ ਗਈਆਂ ਸਨ, ਉਹ ਵੀ ਪੂਰੀਆਂ ਕਰਨੀਆਂ ਸਨ। ਇਸ ਲਈ ਦਿਨ-ਰਾਤ ਇੱਕ ਕਰ ਕੇ ਇਮਾਰਤ ਨੂੰ ਸਿਰੇ ਚਾੜ੍ਹਨ ਦੇ ਯਤਨ ਕੀਤੇ ਗਏ। ਕਈ ਵਾਰ ਰਾਤ ਦੇ ਦੋ-ਦੋ ਵਜੇ ਤਕ ਗੈਸਾਂ ਦੀ ਰੋਸ਼ਨੀ ਵਿਚ ਕੰਮ ਚਲਦਾ ਰਹਿੰਦਾ। ਮਈ ਦੇ ਅਖੀਰਲੇ ਹਫ਼ਤੇ ਤਕ ਕਾਲਜ ਦੀਆਂ ਹੇਠਲੀਆਂ ਦੋ ਮੰਜ਼ਿਲਾਂ ਮੁਕੰਮਲ ਹੋ ਕੇ ਤੀਜੀ ਮੰਜ਼ਿਲ ਦੀਆਂ ਛੱਤਾਂ ਪਾਈਆਂ ਜਾ ਚੁੱਕੀਆਂ ਸਨ। ਕੇਵਲ ਤੀਜੀ ਮੰਜ਼ਿਲ ਦੇ ਪਲੱਸਤਰ ਆਦਿ ਤੇ ਦਰਮਿਆਨੀ ਗੁਰਦੁਆਰੇ ਦੇ ਹਾਲ ਦੀ ਛੱਤ ਬਾਕੀ ਰਹਿੰਦੀ ਸੀ। ਕਾਲਜ ਲਈ ਲੋੜੀਂਦਾ ਫਰਨੀਚਰ

ਕਾਫੀ ਬਣ ਚੁੱਕਾ ਸੀ, ਸਾਇੰਸ ਐਪ੍ਰੇਟਸ ਦੇ ਆਰਡਰ ਦਿੱਤੇ ਜਾ ਚੁੱਕੇ ਸਨ ਅਤੇ ਲਾਇਬ੍ਰੇਰੀ ਲਈ ਕਾਫੀ ਗਿਣਤੀ ਵਿਚ ਕਿਤਾਬਾਂ ਪਹੁੰਚ ਚੁੱਕੀਆਂ ਸਨ ਤੇ ਹੋਰ ਆ ਰਹੀਆਂ ਸਨ। ਕੇਵਲ ਇਨ੍ਹਾਂ ਦਾ ਜੋੜਨਾ ਰੱਖਣਾ ਬਾਕੀ ਸੀ।

ਇੰਨਾ ਕੁਝ ਕੀਤੇ ਜਾਣ ਦੇ ਬਾਵਜੂਦ ਡਾ. ਅੰਬੇਦਕਰ ਵੱਲੋਂ ਅੱਗੇ ਕਦਮ ਪੁੱਟਣ ਵਿਚ ਦੇਰੀ ਹੋ ਰਹੀ ਸੀ। ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿਚ ਅਛੂਤ ਜਾਤੀਆਂ ਵੱਲੋਂ ਭੇਜੇ ਗਏ ਨੌਜਵਾਨ ਬੜੇ ਉਤਸ਼ਾਹ ਨਾਲ ਪੜ੍ਹ ਰਹੇ ਸਨ ਅਤੇ ਕਾਲਜ ਦੇ ਸ਼ੁਰੂ ਹੋਣ ਵਿਚ ਵੀ ਕਿਸੇ ਕਿਸਮ ਦੀ ਕੋਈ ਰੁਕਾਵਟ ਨਹੀਂ ਸੀ। ਨਾਇਗਾਮ ਪਲਾਟਸ ਵਿਚ ਇਕ ਆਰਜ਼ੀ ਇਮਾਰਤ ਬਣਾ ਕੇ ਪ੍ਰੈੱਸ ਵੀ ਲਗਾ ਦਿੱਤੀ ਗਈ ਸੀ ਜਿੱਥੇ ਡਾ. ਅੰਬੇਦਕਰ ਜੀ ਦਾ ਅਖ਼ਬਾਰ 'ਜਨਤਾ' ਬਕਾਇਦਾ ਛਪਦਾ ਅਤੇ ਏਥੋਂ ਹੀ ਪ੍ਰਕਾਸ਼ਿਤ ਕੀਤਾ ਜਾਂਦਾ ਸੀ। ਡਾ. ਅੰਬੇਦਕਰ ਸਾਹਿਬ ਦੇ ਸਾਹਮਣੇ ਸਾਰਾ ਕੰਮ ਹੋ ਰਿਹਾ ਸੀ ਪਰ ਉਹ ਚੁਪ ਸਨ। ਅਖੀਰ ਪੰਜਾਬ ਤੋਂ ਬਾਵਾ ਹਰਕਿਸ਼ਨ ਸਿੰਘ ਜੀ, ਪ੍ਰਿੰਸੀਪਲ ਕਸ਼ਮੀਰਾ ਸਿੰਘ, ਮਾਸਟਰ ਸੁਜਾਨ ਸਿੰਘ ਸਰਹਾਲੀ, ਜਥੇਦਾਰ ਤੇਜਾ ਸਿੰਘ ਅਕਰਪੁਰੀ ਅਤੇ ਸ. ਈਸ਼ਰ ਸਿੰਘ ਮਝੈਲ ੨੩ ਮਈ, ੧੯੩੭ ਈ. ਨੂੰ ਡਾ. ਅੰਬੇਦਕਰ ਨਾਲ ਗਰਮੀਆਂ ਦੀਆਂ ਛੁੱਟੀਆਂ ਕੱਟਣ ਜੰਜੀਰਾ ਨਾਮ ਦੇ ਟਾਪੂ 'ਤੇ ਗਏ ਹੋਏ ਸਨ। ਬੰਬਈ ਤੋਂ ਸ. ਗੁਰਦਿੱਤ ਸਿੰਘ ਸੇਠੀ ਪ੍ਰਧਾਨ, ਗੁ. ਸਿੰਘ ਸਭਾ ਬੰਬਈ ਅਤੇ ਸ. ਨਰੈਣ ਸਿੰਘ ਮੈਨੇਜਰ, ਸ੍ਰੀ ਅੰਮ੍ਰਿਤਸਰ ਤੋਂ ਆਏ ਮੈਂਬਰਾਂ ਨਾਲ ਸ਼ਾਮਲ ਹੋਏ ਅਤੇ ਇਹ ਸਾਰੇ ਅਗਲੇ ਦਿਨ ਸ਼ਾਮ ਨੂੰ ਜੰਜੀਰਾ ਟਾਪੂ ਵਿਖੇ ਡਾ. ਅੰਬੇਦਕਰ ਦੇ ਕੋਲ ਪਹੁੰਚ ਗਏ। ਇਨ੍ਹਾਂ ਸਾਰਿਆਂ ਦੀਆਂ ਡਾ. ਅੰਬੇਦਕਰ ਨਾਲ ਲੰਮੀਆਂ ਵਿਚਾਰਾਂ ਹੋਈਆਂ। ਜਿਸ ਵਿਚ ਮੁੱਖ ਵਿਚਾਰ ਸੀ ਕਿ ਜਿਸ ਸਮੇਂ ਭਾਰਤ ਦੇ ਕੁਝ ਫਿਰਕੂ ਹਿੰਦੂ ਨੇਤਾਵਾਂ ਨੂੰ ਇਹ ਗੱਲ ਪੱਕੀ ਹੋ ਗਈ ਕਿ ਡਾ. ਅੰਬੇਦਕਰ ਦਾ ਝੁਕਾਓ ਸਿੱਖੀ ਵੱਲ ਹੋ ਗਿਆ ਹੈ ਅਤੇ ਡਰ ਇਹ ਹੈ ਕਿ ਛੇਤੀ ਹੀ ਅੱਠ ਕਰੋੜ ਅਛੂਤ ਜਨਤਾ ਸਿੱਖ ਧਰਮ ਵਿਚ ਸ਼ਾਮਲ ਹੋ ਕੇ ਭਾਰਤ ਦੀ ਬਹੁਤ ਵੱਡੀ ਹਿੰਦੂ ਸੰਮਤੀ ਨੂੰ ਸੱਟ ਮਾਰੇਗੀ ਅਤੇ ਇਸ ਤਰ੍ਹਾਂ ਭਾਰਤ ਅੰਦਰ ਇਕ ਹੋਰ ਵੱਡੀ ਧਿਰ ਪੈਦਾ ਹੋ ਜਾਵੇਗੀ ਜੋ ਭਾਰਤ ਦੀ ਰਾਜਨੀਤੀ ਅੰਦਰ ਇਕ ਬਹੁਤ ਵੱਡਾ ਇਨਕਲਾਬ ਲੈ ਆਉਣ ਦਾ ਕਾਰਨ ਬਣੇਗਾ, ਤਾਂ ਇਨ੍ਹਾਂ ਫਿਰਕੂ ਹਿੰਦੂ ਨੇਤਾਵਾਂ ਨੇ ਖ਼ਤਰਨਾਕ ਖੇਡ ਖੇਡਣ ਦੀ ਸੋਚ ਸੋਚੀ। ਉਨ੍ਹਾਂ ਨੇ, ਕਈ ਮੁੱਖ ਅਛੂਤ ਨੇਤਾਵਾਂ ਨੂੰ ਲਾਲਚ ਦੇ ਕੇ ਡਾ. ਅੰਬੇਦਕਰ ਨਾਲੋਂ ਪਾੜ ਕੇ ਵੱਖਰੀ ਹਰੀਜਨ ਸੰਸਥਾ ਕਾਇਮ ਕਰ ਲਈ ਅਤੇ ਇਸ ਦੀ ਸਫਲਤਾ ਲਈ ਹਿੰਦੂ ਸਰਮਾਏਦਾਰੀ ਅਤੇ ਕਾਂਗਰਸ ਦੇ ਕਾਇਮ ਹੋ ਚੁੱਕੇ ਵੱਕਾਰ ਦਾ ਪੂਰਾ ਲਾਭ ਉਠਾਉਂਦੇ ਹੋਏ ਉਨ੍ਹਾਂ ਨੇ ਬਹੁਤ ਵੱਡੀ ਗਿਣਤੀ 'ਚ ਅਛੂਤਾਂ ਨੂੰ ਹਿੰਦੂ ਰਹਿਣਾ ਮਨਾ ਲਿਆ ਗਿਆ। ਡਾ. ਅੰਬੇਦਕਰ ਦੇ ਕਥਨ ਅਨੁਸਾਰ, "ਉਸ ਦੀ ਸਥਿਤੀ ਇੰਨੀ ਹਾਸੋਹੀਣੀ ਕਰ ਦਿੱਤੀ ਗਈ ਹੈ ਕਿ ਜੇ ਉਹ ਸਿੱਖ ਬਣ ਵੀ ਜਾਵੇ ਤਾਂ ਉਸ ਦਾ ਇਹ ਕਰਤਵ

ਕਿਸੇ ਵੀ ਤਰ੍ਹਾਂ ਹਿੰਦੂ ਬਹੁਗਿਣਤੀ ਨੂੰ ਨੀਵਾਂ ਨਹੀਂ ਵਿਖਾ ਸਕੇਗਾ। ਡਾ. ਅੰਬੇਦਕਰ ਨੇ ਸਪੱਸ਼ਟ ਕਹਿ ਦਿਤਾ ਕਿ- "ਜੇਕਰ ਉਹ ਹੁਣ ਸਿੱਖ ਬਣ ਵੀ ਜਾਂਦਾ ਹੈ ਤਾਂ ਚੰਦ ਗਿਣਤੀ ਦੇ ਬੰਦਿਆਂ ਤੋਂ ਬਿਨਾਂ ਕੋਈ ਅਛੂਤ ਉਸ ਦੇ ਨਾਲ ਨਹੀਂ ਆਵੇਗਾ"।

ਡਾ. ਅੰਬੇਦਕਰ ਨਾਲ ਟਾਪੂ 'ਜੰਜੀਰੇ' ਅੰਦਰ ਹੋਈ ਗੱਲਬਾਤ ਤੋਂ ਸਪੱਸ਼ਟ ਹੋ ਗਿਆ ਸੀ ਕਿ ਅਛੂਤ ਜਾਤੀ ਦੇ ਲੋਕਾਂ ਨੂੰ ਸਿੱਖ ਧਰਮ ਗ੍ਰਹਿਣ ਕਰਾਉਣ ਵਾਲਾ ਵਿਚਾਰ ਇਕ ਆਰਜ਼ੀ ਦਿਲ ਪਰਚਾਵਾ ਹੀ ਸੀ, ਜੋ ਸਮੇਂ ਦੀ ਘਟਾ ਅੰਦਰ ਬਿਜਲੀ ਦੀ ਲਿਸ਼ਕ ਦੀ ਤਰ੍ਹਾਂ ਲੰਘ ਗਿਆ। ਅਗਲੇ ਦਿਨ ਸਿੱਖ ਡੈਪੂਟੇਸ਼ਨ ਜੰਜੀਰੇ ਤੋਂ ਵਾਪਸ ਬੰਬਈ ਪਹੁੰਚ ਗਿਆ ਅਤੇ ਬੰਬਈ ਪਹੁੰਚ ਕੇ ਆਪਸੀ ਵਿਚਾਰ-ਵਿਟਾਂਦਰਾ ਸ਼ੁਰੂ ਹੋਇਆ ਕਿ ਕਾਲਜ ਦੀ ਇਮਾਰਤ ਨੂੰ ਮੁਕੰਮਲ ਕਰ ਕੇ ੨੦ ਜੂਨ ਤੋਂ ਕਾਲਜ ਖੋਲ੍ਹਿਆ ਜਾਵੇ ਜਾਂ ਨਾ, ਇਸ ਗੱਲਬਾਤ ਦੌਰਾਨ ਤਿੰਨ ਦਿਨ ਕਾਲਜ ਦੀ ਉਸਾਰੀ ਦਾ ਕੰਮ ਬੰਦ ਰਿਹਾ। ਅਖੀਰ ਵਿਚਾਰ ਹੋਇਆ ਕਿ ਹੁਣ ਤਕ ਕਾਲਜ ਉੱਪਰ ਲਗਪਗ ਚਾਰ ਲੱਖ ਰੁਪਏ ਖਰਚ ਹੋ ਚੁੱਕਿਆ ਹੈ, ਇਮਾਰਤ ਮੁਕੰਮਲ ਹੋ ਚੁੱਕੀ ਹੈ, ਕਾਲਜ ਫਰਨੀਚਰ, ਲਾਇਬ੍ਰੇਰੀ ਲਈ ਪੁਸਤਕਾਂ, ਲੈਬੋਰੇਟਰੀ ਦਾ ਸਾਮਾਨ ਖਰੀਦਿਆ ਜਾ ਚੁੱਕਾ ਹੈ। ਬੰਬਈ ਯੂਨੀਵਰਸਿਟੀ ਨਾਲ ਕਾਲਜ ਦੀ ਮਾਨਤਾ ਲਈ ਲਿਖਤ-ਪੜ੍ਹਤ ਹੋ ਚੁੱਕੀ ਹੈ। ਕਾਲਜ ਦਾਖ਼ਲੇ ੨੦ ਜੂਨ, ੧੯੩੭ ਤੋਂ ਸ਼ੁਰੂ ਹੋਣੇ ਹਨ, ਹੁਣ ਇੱਕੋ ਦਮ ਕਾਲਜ ਦੇ ਕੰਮ ਨੂੰ ਰੋਕਣਾ ਅਤੇ ਕਾਲਜ ਦੇ ਖੋਲ੍ਹਣ ਦੇ ਵਿਚਾਰ ਨੂੰ ਤਿਆਗਣਾ ਬਹੁਤ ਮਾੜਾ ਹੋਵੇਗਾ ਅਤੇ ਬੰਬਈ ਅੰਦਰ ਸਿੱਖਾਂ ਦੀ ਸਥਿਤੀ ਹਾਸੋ-ਹੀਣੀ ਬਣ ਜਾਵੇਗੀ। ਇਸ ਨਾਲ ਸਿੱਖ ਕੌਮ ਦੇ ਮੱਥੇ ਇਕ ਕਲੰਕ ਲੱਗੇਗਾ, ਜਿਸ ਨੂੰ ਜਲਦੀ ਧੋਣਾ ਅਸੰਭਵ ਹੋ ਜਾਵੇਗਾ। ਸਾਰੇ ਮੈਂਬਰਾਂ ਦੀ ਰਾਇ 'ਤੇ, ਪ੍ਰਧਾਨ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਗੱਲਬਾਤ ਹੋਈ ਤਾਂ ਸ੍ਰੀ ਅੰਮ੍ਰਿਤਸਰ ਤੋਂ ਕਾਲਜ ਸ਼ੁਰੂ ਕਰਨ ਦਾ ਫ਼ੈਸਲਾ ਲਿਆ ਗਿਆ ਅਤੇ ਪ੍ਰਿੰਸੀਪਲ ਕਸ਼ਮੀਰਾ ਸਿੰਘ ਜਿਨ੍ਹਾਂ ਦੀ ਨਿਯੁਕਤੀ ਦਾ ਫ਼ੈਸਲਾ ਪਹਿਲਾਂ ਹੀ ਹੋ ਚੁੱਕਿਆ ਸੀ, ਨੂੰ ਕਿਹਾ ਗਿਆ ਕਿ ਉਹ ਲੋੜੀਂਦੀ ਕਾਰਵਾਈ ਕਰਨੀ ਅਰੰਭ ਕਰ ਦੇਣ। ਤਿੰਨ ਦਿਨਾਂ ਪਿੱਛੋਂ ਕਾਲਜ ਦਾ ਕੰਮ ਫਿਰ ਤੇਜ਼ੀ ਨਾਲ ਸ਼ੁਰੂ ਕਰ ਦਿੱਤਾ ਗਿਆ ਅਤੇ ਪੰਜਾਬ ਤੋਂ ਆਏ ਮੈਂਬਰ ਵਾਪਸ ਪੰਜਾਬ ਚਲੇ ਗਏ।

ਖਾਲਸਾ ਕਾਲਜ, ਬੰਬਈ ਦੀ ਸ਼ਾਨਦਾਰ ਤਿੰਨ-ਮੰਜਲੀ ਇਮਾਰਤ ਵਿਚ ਚਾਲ਼ੀ ਕਮਰੇ, ਦੋਨਾਂ ਪਾਸੇ ਖ਼ੂਬਸੂਰਤ ਤੇ ਖੁਲ੍ਹੇ ਵਰਾਂਡੇ, ਸਿਖਰ ੫੦'x੫੪ ਫੁੱਟ ਗੁਰਦੁਆਰਾ ਸਾਹਿਬ ਦਾ ਹਾਲ ਤਿਆਰ ਕੀਤਾ ਗਿਆ। ਕਾਲਜ ਦੇ ਸ਼ੁਰੂਆਤੀ ਸਮੇਂ ਦੌਰਾਨ ਸਮੱਸਿਆਵਾਂ ਜ਼ਰੂਰ ਆਈਆਂ ਪਰੰਤੂ ਮਾਇਕ ਔਕੜਾਂ ਨੂੰ ਦੂਰ ਕਰਨ ਲਈ ਨਨਕਾਣਾ ਸਾਹਿਬ ਕਮੇਟੀ ਨੇ ਸਹਾਇਤਾ ਕੀਤੀ। ਇਕ ਸਥਿਤੀ ਇਹ ਵੀ ਆਈ ਕਿ ਕਾਲਜ ਨੂੰ ਵੇਚ ਦਿੱਤਾ ਜਾਵੇ। ਪਰ ਸਾਰੇ ਮੈਂਬਰਾਂ ਵੱਲੋਂ ਵਿਰੋਧ ਕਰਨ 'ਤੇ ਕਾਲਜ ਵਿਕਣ ਤੋਂ ਬਚ ਗਿਆ। ਅੱਜ ਇਹ ਸਿੱਖ ਪੰਥ ਦੀ ਸੰਸਥਾ ਜੋ ਡਾ. ਅੰਬੇਦਕਰ ਦੇ ਕਹਿਣ 'ਤੇ ਬਣਾਈ ਗਈ ਸੀ ਮਹਾਰਾਸ਼ਟਰ ਦੀਆਂ ਵਿੱਦਿਅਕ ਸੰਸਥਾਵਾਂ ਵਿਚ ਇਕ ਵਿਸ਼ੇਸ਼ ਥਾਂ ਰੱਖਦੀ ਹੈ। ■

# ਸਬਰ ਤੇ ਸੰਤੋਖ

*-ਡਾ. ਰਾਜਵਿੰਦਰ ਸਿੰਘ ਜੋਗਾ**

**ਸਬਰ:-** ਸਬਰ, ਅਰਬੀ ਦਾ 'ਸਬ੍ਰ/ਸੁਬਰ' ਸ਼ਬਦ ਹੈ, ਜਿਸ ਦੀ ਸੰਗਯਾ 'ਸੰਤੋਖ', ਭਾਵ- ਸੰਤੋਖ ਰੱਖਣ ਵਾਲਾ, ਅਰਥਾਤ ਲੋਭ ਦਾ ਤਿਆਗ ਕਰਨ ਵਾਲਾ ਤੋਂ ਹੈ। ਇਹ ਦੋਵੇਂ ਸ਼ਬਦ ਇੱਕ ਦੂਜੇ ਦੇ ਸਮਾਨ- ਅਰਥੀ ਵਰਤ ਲਏ ਜਾਂਦੇ ਹਨ। ਗੁਰਮਤਿ ਵਿਚ ਇਨ੍ਹਾਂ ਸ਼ਬਦਾਂ ਦਾ ਬਹੁਤ ਮਹੱਤਵ ਹੈ। ਗੁਰਬਾਣੀ ਅਨੁਸਾਰ ਜਿਸ ਮਨੁੱਖ ਕੋਲ ਸਬਰ ਭਾਵ ਸੰਤੋਖ ਨਹੀਂ ਉਹ ਦੁਨਿਆਵੀ ਪਦਾਰਥਾਂ ਅਤੇ ਪਦਵੀਆਂ ਤੋਂ ਕਦੇ ਵੀ ਸੰਤੁਸ਼ਟ ਨਹੀਂ ਹੋ ਸਕਦਾ। ਉਸ ਦੀ ਤ੍ਰਿਸ਼ਨਾ ਦਿਨੋ-ਦਿਨ ਵਧਦੀ ਹੀ ਜਾਂਦੀ ਹੈ। ਗੁਰਬਾਣੀ ਵਿਚ ਤਾਂ ਇੱਥੋਂ ਤਕ ਜ਼ਿਕਰ ਹੈ ਕਿ ਜਿਹੜਾ ਮਨੁੱਖ ਸੰਤੋਖੀ ਨਹੀਂ ਉਹ ਤਾਂ ਆਪਣੇ ਕੋਲ ਮੌਜੂਦ ਸੁੱਖਾਂ ਦਾ ਵੀ ਕਦੇ ਅਨੰਦ ਨਹੀਂ ਮਾਣ ਸਕਦਾ:

*ਬਿਨਾ ਸੰਤੋਖ ਨਹੀ ਕੋਊ ਰਾਜੈ॥*
*ਸੁਪਨ ਮਨੋਰਥ ਬ੍ਰਿਥੇ ਸਭ ਕਾਜੈ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੭੯)*

ਭਾਈ ਸੰਤੋਖ ਸਿੰਘ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਵਿਚ ਲਿਖਦੇ ਹਨ, ਕਿ ਜਿਵੇਂ ਸੰਤੋਖ ਤੋਂ ਬਿਨਾਂ ਸੁਖ ਪ੍ਰਾਪਤ ਨਹੀਂ ਕੀਤੇ ਜਾ ਸਕਦੇ ਉਸੇ ਤਰ੍ਹਾਂ ਤਪ ਤੋਂ ਬਿਨਾਂ ਰਾਜ ਪ੍ਰਾਪਤ ਨਹੀਂ ਹੁੰਦਾ ਤੇ ਨਾ ਹੀ ਸਤਿਗੁਰੂ ਬਿਨਾਂ ਗਿਆਨ ਪ੍ਰਾਪਤ ਹੁੰਦਾ ਹੈ:

*ਬਿਨ ਸੰਤੋਖ ਉਰ ਸੁਖ ਕਹਾਂ। ਤਪ ਬਿਨਾਂ ਨ ਰਾਜ।*
*ਗਯਾਨ ਕਹਾਂ ਬਿਨ ਸਤਿਗੁਰੂ। ਸ਼ੋਭਾ ਬਿਨਾਂ ਨਾ ਲਾਜ।*

ਗੁਰਬਾਣੀ ਅਨੁਸਾਰ ਜਿਸ ਦੇ ਮਨ ਵਿਚ ਸੰਤੋਖ/ਸਬਰ ਆ ਜਾਵੇ ਉਸ ਦੇ ਸਭ ਪਰਦੇ ਅਕਾਲ ਪੁਰਖ ਵਾਹਿਗੁਰੂ ਆਪ ਢੱਕਦਾ ਹੈ:

*ਮਨਿ ਸੰਤੋਖੁ ਸਬਦਿ ਗੁਰ ਰਾਜੇ॥*
*ਜਪਿ ਗੋਬਿੰਦੁ ਪੜਦੇ ਸਭਿ ਕਾਜੇ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੮੯੭)*

ਗੁਰੂ ਸਾਹਿਬਾਨ ਕਾਲ ਵਿਚ ਬੇਅੰਤ ਸੰਤੋਖੀ ਗੁਰਸਿੱਖਾਂ ਦੀਆਂ ਸਾਖੀਆਂ ਮਿਲਦੀਆਂ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਦੋਂ ਮਾਲਵੇ ਵਿਚ ਪਧਾਰੇ ਹੋਏ ਸਨ, ਤਾਂ ਇੱਕ ਪਿੰਡ ਵਿਚ ਠਹਿਰਾਅ ਕੀਤਾ। ਪਿੰਡ ਦੇ ਸ਼ਰਧਾਲੂ ਲੋਕ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਨਾਲ ਆਏ ਸਿੱਖਾਂ ਵਿੱਚੋਂ ਇੱਕ-ਇੱਕ, ਦੋ-ਦੋ ਜਾਂ ਚਾਰ-ਚਾਰ ਸਿੱਖਾਂ ਨੂੰ ਆਪਣੀ ਸਮਰੱਥਾ ਅਨੁਸਾਰ ਆਪਣੇ-ਆਪਣੇ ਘਰਾਂ ਵਿਚ ਲੰਗਰ (ਪਰਸ਼ਾਦਾ-ਪਾਣੀ) ਛਕਾਉਣ ਲਈ ਲੈ ਕੇ ਚਲੇ ਗਏ। ਪਰ ਇਨ੍ਹਾਂ ਸਿੱਖਾਂ ਵਿੱਚੋਂ ਇੱਕ ਸਿੱਖ ਭਾਈ

** ਇੰਚਾਰਜ ਤੇ ਐਸੋਸੀਏਟ ਸੰਪਾਦਕ, ਗੁਰਦੁਆਰਾ ਗਜ਼ਟ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੫੦੧੩-੦੦੪੫੯*

ਮਾਲਾ ਸਿੰਘ ਬਾਕੀ ਬਚ ਗਿਆ ਤੇ ਉਧਰ ਪਿੰਡ ਦਾ ਇੱਕ ਗਰੀਬ ਸ਼ਰਧਾਲੂ ਸਿੱਖ, ਮਾਂਗਾ ਸਿੰਘ ਜੋ ਕਿ ਇੰਨਾ ਗਰੀਬ ਸੀ, ਕਿ ਉਸ ਦੇ ਘਰ ਕਈ ਵਾਰ ਰੋਟੀ ਵੀ ਨਹੀਂ ਪੱਕਦੀ ਸੀ। ਉਸ ਸਿੱਖ ਦੇ ਸ਼ਰੀਕੇ ਵਾਲਿਆਂ ਨੇ ਉਸ ਦੇ ਬਾਰੇ ਸਾਰਾ ਕੁਝ ਜਾਣਦੇ ਹੋਏ, ਜਾਣ-ਬੁਝ ਕੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ, ਕਿ ਸਤਿਗੁਰੂ ਜੀ ਇਸ ਸਿੱਖ ਨੂੰ ਮਾਂਗਾ ਸਿੰਘ ਦੇ ਘਰ ਭੇਜ ਦਿਓ, ਇੱਕ ਸਿੱਖ ਨੂੰ ਤਾਂ ਮਾਂਗਾ ਸਿੰਘ ਪਰਸ਼ਾਦ ਛਕਾ ਹੀ ਦੇਵੇਗਾ? ਇਸ ਪਿੰਡ ਵਿੱਚੋਂ ਭਾਵੇਂ ਗੁਰੂ ਜੀ ਦਾ ਇਹ ਸਭ ਤੋਂ ਗਰੀਬ ਤੇ ਸ਼ਰਧਾਲੂ ਸਿੱਖ ਸੀ। ਫਿਰ ਵੀ ਮਾਂਗਾ ਸਿੰਘ ਨੇ ਹੱਥ ਜੋੜ ਬੇਨਤੀ ਕੀਤੀ, ਸਤਿਗੁਰੂ ਜੀ ਜੋ ਆਪ ਜੀ ਦਾ ਹੁਕਮ। ਇੱਕ ਸਿੱਖ ਉਸ ਦੇ ਘਰ ਚਲਾ ਗਿਆ। ਘਰ ਜਾ ਕੇ ਸਿੱਖ ਨੇ ਆਪਣੀ ਘਰ ਵਾਲੀ ਨੂੰ ਕਿਹਾ, ਗੁਰੂ ਸਾਹਿਬ ਦਾ ਹੁਕਮ ਹੋਇਆ ਹੈ, ਕਿ ਇੱਕ ਸਿੱਖ ਨੂੰ ਪ੍ਰਸ਼ਾਦਾ ਛਕਾਉਣਾ ਹੈ। ਘਰ ਵਾਲੀ ਨੇ ਕਿਹਾ, ਤੁਸੀਂ ਤਾਂ ਆਪ ਜਾਣਦੇ ਹੋ, ਕਿ ਸਾਡੇ ਘਰ ਤਾਂ ਆਪਣੇ ਵਾਸਤੇ ਵੀ ਇੱਕ ਵਕਤ ਦੇ ਖਾਣ ਲਈ ਕੁਝ ਬਣਦਾ ਹੈ, ਪਰ ਕਦੇ ਉਹ ਵੀ ਨਹੀਂ ਬਣਦਾ। ਮਾਂਗਾ ਸਿੰਘ ਨੇ ਕਿਹਾ, ਕੁਝ ਹੋਰ ਹੈ? ਘਰਵਾਲੀ ਨੇ ਦੱਸਿਆ, ਕੁਝ ਪੀਲੂ (ਇਹ ਇੱਕ ਬੂਟੇ 'ਵਣ' ਨੂੰ ਲਗਦੇ ਹਨ, ਜੋ ਰੇਤਲੇ ਇਲਾਕੇ ਵਿਚ ਹੁੰਦਾ ਹੈ) ਪਏ ਹਨ। ਮਾਂਗਾ ਸਿੰਘ ਕਹਿੰਦਾ, ਇਨ੍ਹਾਂ ਨੂੰ ਉਬਾਲ ਲਓ। ਗੁਰੂ ਸਾਹਿਬ ਦੁਆਰਾ ਭੇਜੇ ਸਿੱਖ ਵਾਸਤੇ ਮਾਂਗਾ ਸਿੰਘ ਨੇ ਆਪਣੇ ਪੱਲੇ ਦੀ ਚਾਦਰ ਹੀ ਲਾਹ ਕੇ ਵਿਛਾਅ ਦਿੱਤੀ ਤੇ ਬੈਠਣ ਲਈ ਬੇਨਤੀ ਕੀਤੀ। ਇਹ ਸਿੱਖ ਚਾਦਰ ਉੱਪਰ ਸਜ (ਬੈਠ) ਗਿਆ ਅਤੇ ਸ਼ਰਧਾਲੂ ਸਿੱਖ ਦੁਆਰਾ ਪਿਆਰ ਤੇ ਭਾਵਨਾ ਸਹਿਤ ਤਿਆਰ ਕੀਤੇ ਪੀਲੂ ਛਕੇ, ਚੂਲ੍ਹਾ (ਗੁਰਬਾਣੀ ਦੇ ਕੁਝ ਸ਼ਬਦ) ਪੜ੍ਹਿਆ ਤੇ ਅਰਦਾਸ ਕੀਤੀ। ਸਾਰੇ ਸਿੱਖ ਘਰੋ-ਘਰੀ ਪਰਸ਼ਾਦਾ ਛੱਕਣ ਉਪਰੰਤ ਗੁਰੂ ਸਾਹਿਬ ਕੋਲ ਹਾਜ਼ਰ ਹੋਏ, ਬੜੇ ਖੁਸ਼! ਹਰ ਕੋਈ ਤਰ੍ਹਾਂ-ਤਰ੍ਹਾਂ ਦੇ ਛਕੇ ਪਕਵਾਨਾਂ ਬਾਰੇ ਗੱਲਾਂ ਕਰ ਰਹੇ ਸਨ। ਮੈਂ ਆਹ ਖਾਧਾ, ਮੈਂ ਔਹ ਖਾਧਾ। ਸਿੱਖਾਂ ਬੇਨਤੀ ਕੀਤੀ, ਸਤਿਗੁਰੂ ਜੀ! ਭਾਈ ਮਾਲਾ ਸਿੰਘ ਨੂੰ ਵੀ ਪੁੱਛੋ, ਕਿ ਉਹ ਕੀ ਕੁਝ ਛਕ ਕੇ ਆਏ ਹਨ? ਜਾਣੀ-ਜਾਣ ਸਤਿਗੁਰੂ ਜੀ ਨੇ ਭਾਈ ਮਾਲਾ ਸਿੰਘ ਨੂੰ ਅਵਾਜ਼ਾ ਦਿੱਤਾ ਤੇ ਪੁੱਛਿਆ। ਸਿੱਖਾ! ਕੀ ਛਕ ਕੇ ਆਇਆ ਹੈਂ? ਹੱਥ ਜੋੜ ਹਜ਼ੂਰ ਦੇ ਸਨਮੁਖ ਖੜ੍ਹੋ ਕੇ ਭਾਈ ਸਾਹਿਬ ਬੋਲਿਆ, ਸਤਿਗੁਰੂ ਜੀ! ਜੋ ਭੋਜਨ ਮੈਂ ਅੱਜ ਛਕ ਕੇ ਆਇਆ ਹਾਂ ਪਹਿਲਾਂ ਕਦੇ ਨਹੀਂ ਛਕਿਆ ਤੇ ਨਾ ਹੀ ਸ਼ਾਇਦ ਦੁਬਾਰਾ ਛਕਣ ਨੂੰ ਮਿਲਣਾ ਹੈ। ਇਹ ਸੁਣ ਕੇ ਸਾਰੇ ਬਹੁਤ ਹੈਰਾਨ ਹੋਏ, ਕਿ ਸਭ ਤੋਂ ਗਰੀਬ ਉਸ ਸਿੱਖ ਨੇ ਅਜਿਹਾ ਕੀ ਕੁਝ ਛਕਾ ਦਿੱਤਾ? ਭਾਈ ਮਾਲਾ ਸਿੰਘ ਨੇ ਫਿਰ ਬੇਨਤੀ ਕੀਤੀ, "ਗੁਰੂ ਜੀ! ਆਪ ਹੀ ਉਸ ਸਿੱਖ ਤੋਂ ਪੁੱਛਣ ਦੀ ਕਿਰਪਾਲਤਾ ਕਰੋ।" ਸਤਿਗੁਰੂ ਜੀ ਨੇ ਮਾਂਗਾ ਸਿੰਘ ਨੂੰ ਬੁਲਾ ਕੇ ਸਾਰੀ ਸੰਗਤ ਦੇ ਸਾਹਮਣੇ ਪੁੱਛਿਆ? ਇਹ ਗਰੀਬ ਸਿੱਖ ਗਲ ਵਿਚ ਪੱਲਾ ਪਾਈ ਗੁਰੂ ਜੀ ਦੇ ਹਜ਼ੂਰ ਖਲੋਤਾ ਕਹਿਣ ਲੱਗਾ, "ਸੱਚੇ ਪਾਤਸ਼ਾਹ! ਮੈਂ ਗਰੀਬ ਕੀ ਖਵਾ ਸਕਦਾ ਹਾਂ? ਮੇਰੇ

ਘਰ ਤਾਂ ਕਈ ਵਾਰ ਆਪਣੇ ਖਾਣ ਲਈ ਵੀ ਭੋਜਨ ਨਹੀਂ ਹੁੰਦਾ। ਸਤਿਗੁਰੂ ਜੀਓ, ਆਪ ਜੀ ਨੇ ਹੁਕਮ ਕੀਤਾ ਮੈਂ ਦੱਸ ਨਹੀਂ ਸਕਿਆ, ਘਰ ਵਿਚ ਨਾ ਕੁਝ ਹੁੰਦਿਆਂ ਵੀ ਇਸ ਸਿੱਖ ਨੂੰ ਪ੍ਰਸ਼ਾਦ ਛਕਾਉਣ ਲਈ ਨਾਲ ਲੈ ਕੇ ਚਲਾ ਗਿਆ। ਮੇਰੇ ਘਰ ਕੁਝ ਪੱਕੇ ਪੀਲੂ ਪਏ ਸਨ। ਉਹ ਉਬਾਲ ਕੇ ਛਕਾ ਕਰ ਸਿੱਖ ਦੀ ਸੇਵਾ ਕੀਤੀ ਹੈ।" ਸਤਿਗੁਰੂ ਜੀ ਨੇ ਇਸ ਸਿੱਖ ਅਤੇ ਆਪਣੇ ਵੱਲੋਂ ਭੇਜੇ ਭਾਈ ਮਾਲਾ ਸਿੰਘ ਨੂੰ ਆਪਣੀ ਗਲਵੱਕੜੀ ਵਿਚ ਲੈ ਲਿਆ ਤੇ ਬਹੁਤ ਪ੍ਰਸੰਨ ਹੋਏ ਤੇ ਅਸੀਸ ਬਖ਼ਸ਼ੀ। ਇਨ੍ਹਾਂ ਦੋਵੇਂ ਸਿੱਖਾਂ ਦੀ ਸਾਖੀ ਤੋਂ ਸਿੱਖਿਆ ਮਿਲਦੀ ਹੈ, ਕਿ ਕੁਝ ਨਾ ਹੁੰਦਿਆਂ ਵੀ ਸਿੱਖ ਨੇ ਗੁਰੂ ਸਾਹਿਬ ਦਾ ਹੁਕਮ ਮੰਨਿਆਂ ਤੇ ਦੂਸਰੇ ਸਿੱਖ ਨੇ ਗਰੀਬ ਗੁਰਸਿੱਖ ਦੀ ਗਰੀਬੀ ਦਾ ਪਾਜ ਨਹੀਂ ਉਘੇੜਿਆ, ਖਾਣ ਦਾ ਕੋਈ ਲਾਲਚ ਨਹੀਂ ਕੀਤਾ, ਬਲਕਿ ਸਬਰ ਤੇ ਸੰਤੋਖ 'ਤੇ ਪਹਿਰਾ ਦੇ ਕੇ ਸਤਿਗੁਰੂ ਜੀ ਤੋਂ ਅਸ਼ੀਰਵਾਦ ਲਿਆ। ਅਜਿਹੇ ਗੁਰਸਿੱਖਾਂ ਦੇ ਜੀਵਨ ਪੜ੍ਹ-ਸੁਣ ਕੇ ਸਬਰ ਤੇ ਸੰਤੋਖ ਦੀ ਜੋਤਿ ਜਗਾਈ ਜਾ ਸਕਦੀ ਹੈ।

---

***ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ*** ***ਸਫਾ ੬੨ ਦਾ ਬਾਕੀ***

ਸੋ ਪਿਆਰਿਓ, ਜਿਸ ਮਨੁੱਖ ਦੇ ਹਿਰਦੇ ਅੰਦਰ ਰੱਬੀ ਪਿਆਰ ਨਹੀਂ ਹੁੰਦਾ, ਉਸ ਮਨੁੱਖ ਦਾ ਲਿਬਾਸ ਭਾਵੇਂ ਧਾਰਮਿਕ ਵੀ ਕਿਉਂ ਨਾ ਹੋਵੇ, ਪਰ ਉਸ ਅੰਦਰ ਰੱਬੀ ਪਿਆਰ ਨਾ ਹੋਣ ਕਰਕੇ, ਐਸੇ ਮਨੁੱਖ ਦੇ ਲਾਗੇ ਨਾ ਰਹਿਣ ਦਾ ਸਵਾਦ ਹੁੰਦਾ ਹੈ ਅਤੇ ਨਾ ਹੀ ਬਹਿਣ ਦਾ ਸਵਾਦ ਹੁੰਦਾ ਹੈ। ਸੋ ਅੱਜ ਤੋਂ ਹਰ ਮਨੁੱਖ ਦਾ ਵੱਡਾ ਫ਼ਰਜ਼ ਬਣਦਾ ਹੈ ਕਿ ਉਹ ਸਿੱਖ ਜਗਤ ਜਾਂ ਸਮਾਜ ਵਿਚ ਵਿਚਰਦਾ ਹੋਇਆ, ਜਿੱਥੇ ਉਹ ਧਾਰਮਿਕ ਜਾਂ ਸੰਸਾਰ ਪ੍ਰਤੀ ਬਹੁਤ ਹੀ ਚੰਗੇ ਅਤੇ ਨੇਕ ਕੰਮ ਕਰੇ, ਇਸ ਦੇ ਨਾਲ-ਨਾਲ ਉਹ ਰੱਬੀ ਸਿਮਰਨ ਦੀ ਸਮਾਧੀ ਲਗਾ ਕੇ, ਰੱਬ ਦੇ ਦਰ ਘਰ ਤੋਂ ਰੱਬੀ ਪਿਆਰ ਦੀ ਰਹਿਮਤ ਜ਼ਰੂਰ ਹੀ ਪ੍ਰਾਪਤ ਕਰੇ, ਸੋ ਪਿਆਰਿਓ, ਜਿਸ ਗੁਰਮੁਖ ਦੇ ਹਿਰਦੇ ਅੰਦਰ ਰਾਮ, ਅੱਲ੍ਹਾ, ਵਾਹਿਗੁਰੂ ਜੀ ਦੇ ਸਿਮਰਨ ਰਾਹੀਂ ਨਾਮ ਦਾ ਮਹਾਂ ਰਸ ਪ੍ਰਗਟ ਹੋ ਜਾਂਦਾ ਹੈ, ਐਸਾ ਮਨੁੱਖ ਦੁਨੀਆ ਵਿਚ ਵਿਚਰਦਾ ਹੋਇਆ ਗੁਲਾਬ ਦੇ ਫੁੱਲ ਦੀ ਮਹਿਕ ਵਾਂਗੂੰ ਰੱਬੀ ਪਿਆਰ ਦਾ ਪਰਸ਼ਾਦ ਵੰਡਦਾ ਹੋਇਆ, ਦੁਨੀਆ ਦੇ ਹਰ ਕੋਨੇ ਕੋਨੇ ਵਿੱਚੋਂ ਰੱਬੀ ਪਿਆਰ ਦੀਆਂ ਅਸੀਸਾਂ ਲੈ ਕੇ ਸਦਾ-ਸਦਾ ਲਈ ਆਪਣਾ ਜੀਵਨ ਸਫਲ ਕਰਦਾ ਹੀ ਰਹਿੰਦਾ ਹੈ।

■

# ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ

*-ਬੀਬੀ ਅੰਮ੍ਰਿਤ ਕੌਰ**

ਸਾਰੇ ਸੰਸਾਰ ਵਿਚ ਇਸਤਰੀ ਮਨੁੱਖੀ ਜੀਵਨ ਲਈ ਬੇਹਦ ਮਹੱਤਵ ਰੱਖਦੀ ਹੈ। ਵੱਡੇ-ਵੱਡੇ ਮਹਾਪੁਰਖਾਂ, ਰਾਜੇ-ਮਹਾਰਾਜਿਆਂ ਆਦਿ ਸਭ ਨੂੰ ਜਨਮ ਦੇਣ ਵਾਲੀ ਇਸਤਰੀ ਸਾਰੇ ਸੰਸਾਰ ਵਿਚ ਤ੍ਰਿਸਕਾਰੀ ਵੀ ਜਾਂਦੀ ਹੈ ਤੇ ਪੂਜੀ ਵੀ ਜਾਂਦੀ ਹੈ। ਅਸਲ ਵਿਚ ਤਾਂ ਪੁਰਸ਼ ਸਦੀਆਂ ਤੋਂ ਹੀ ਆਪਣੇ ਆਪ ਨੂੰ ਇਸਤਰੀ ਤੋਂ ਮਹਾਨ ਸਮਝਦਾ ਆਇਆ ਹੈ।

ਮੱਧ ਕਾਲ ਵਿਚ ਇਸਤਰੀ ਦੀ ਬੜੀ ਦੁਰਗਤੀ ਹੁੰਦੀ ਸੀ। ਭਾਰਤ ਵਿਚ ਪੁਰਸ਼-ਪ੍ਰਧਾਨ ਸਮਾਜ ਇਸਤਰੀ ਨੂੰ ਬਹੁਤ ਹੀ ਨਿਮਨ ਦਰਜੇ ਦੀ ਸਮਝਦਾ ਸੀ। ਤੁਲਸੀ ਦਾਸ ਨੇ ਇਸਤਰੀ ਬਾਰੇ ਕਿਹਾ:- 'ਢੋਲ, ਗਵਾਰ, ਸ਼ੂਦਰ, ਪਸ਼ੂ, ਨਾਰੀ ਇਹ ਸਭ ਤਾੜਨ ਕੇ ਅਧਿਕਾਰੀ' ਗੋਰਖ ਨਾਥ ਵੀ ਇਸਤਰੀ ਨੂੰ ਬਘਿਆੜਨ ਕਹਿੰਦਾ ਹੈ, ਜਿਸ ਨੇ ਸਾਰੀ ਦੁਨੀਆ ਨੂੰ ਨਾਸ਼ ਕਰਕੇ ਰਖ ਦਿੱਤਾ- 'ਇਨ ਬਾਘਣ ਤ੍ਰੈ ਲੋਈ ਖਾਈ।'

ਪੰਦਰ੍ਹਵੀਂ ਸਦੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਪੁਰਾਤਨ ਵਿਚਾਰਾਂ ਦਾ ਖੰਡਨ ਕੀਤਾ। ਉਨ੍ਹਾਂ ਨੇ ਆਸਾ ਦੀ ਵਾਰ ਵਿਚ ਮਨੁੱਖ ਦੇ ਜੀਵਨ ਵਿਚ ਇਸਤਰੀ ਦੀ ਮਹੱਤਤਾ ਨੂੰ ਚੰਗੀ ਤਰ੍ਹਾਂ ਦਰਸਾਇਆ ਹੈ:

*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੩)*

ਅਸਲ ਵਿਚ ਇਸਤਰੀ ਬਿਨਾਂ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਸਤਰੀ ਤਾਂ ਪਤੀ ਲਈ ਜੀਵਨ-ਸਾਥਣ ਤੇ ਉਸ ਦੇ ਚਰਿੱਤਰ ਦੀ ਰੱਖਿਅਕ ਹੈ। ਸੰਤਾਨ ਲਈ ਮਮਤਾ, ਕੁਰਬਾਨੀ ਦੀ ਮੂਰਤੀ ਹੈ, ਸਮਾਜ ਲਈ ਸ਼ੀਲ ਤੇ ਦਇਆਵਾਨ ਹੈ। ਭੈਣ ਦੇ ਰੂਪ ਵਿਚ ਪਵਿੱਤਰਤਾ ਤੇ ਅਤਿ ਡੂੰਘੇ ਤੇ ਸੁੱਚੇ ਪਿਆਰ ਦੀ ਪ੍ਰਤੀਕ ਹੈ।

ਇਸਤਰੀ ਤਿੰਨ ਅਵਸਥਾਵਾਂ ਤੋਂ ਗੁਜ਼ਰਦੀ ਹੈ। ਪਹਿਲੀ ਅਵਸਥਾ ਵਿਚ ਪੁੱਤਰੀ ਦੇ ਰੂਪ ਵਿਚ ਮਾਪਿਆਂ ਦੇ ਅਧੀਨ, ਦੂਜੀ ਅਵਸਥਾ ਵਿਚ ਉਹ ਪਤਨੀ ਦੇ

** #੬੫੮/੧੦ ਗਲੀ ਨੰ. ੨੧, ਪੰਜਾਬ ਮਾਤਾ ਨਗਰ, ਲੁਧਿਆਣਾ-੧੪੧੦੧੩। ਮੋ. ੯੮੮੮੧-੮੯੬੨੨*

ਰੂਪ ਵਿਚ ਆਪਣੇ ਪਤੀ ਤੇ ਸੱਸ-ਸਹੁਰੇ ਦੇ ਅਧੀਨ, ਤੀਜੀ ਅਵਸਥਾ ਵਿਚ ਜਦੋਂ ਉਹ ਬਜ਼ੁਰਗ ਹੋ ਜਾਂਦੀ ਹੈ ਉਹ ਮਾਂ ਤੇ ਦਾਦੀ ਦੇ ਰੂਪ ਵਿਚ ਆਪਣੇ ਪੁੱਤਰਾਂ ਤੇ ਪੋਤਿਆਂ ਦੇ ਅਧੀਨ ਹੋ ਜਾਂਦੀ ਹੈ। ਜਵਾਨ ਹੋਏ ਪੁੱਤਰ ਨਹੀਂ ਚਾਹੁੰਦੇ ਕਿ ਮਾਂ ਉਨ੍ਹਾਂ ਦੇ ਕੰਮਾਂ ਵਿਚ, ਫੈਸਲਿਆਂ ਵਿਚ, ਰਹਿਣੀ-ਸਹਿਣੀ ਵਿਚ ਦਖ਼ਲ ਦੇਵੇ ਸਗੋਂ ਕਈ ਹਾਲਾਤਾਂ ਵਿਚ ਉਹ ਇਕ ਨੌਕਰਾਣੀ ਵਾਂਗ ਬਣ ਕੇ ਰਹਿ ਜਾਂਦੀ ਹੈ। ਜੇ ਉਸ ਤੋਂ ਕੰਮ ਨਾ ਹੋ ਸਕੇ ਤਾਂ ਕਈ ਬੇਸਮਝ ਪੁੱਤਰ ਉਸ ਦੀ ਮੌਤ ਤਕ ਉਡੀਕਦੇ ਹਨ। ਜਦਕਿ ਪੁੱਤਰਾਂ ਨੂੰ ਚਾਹੀਦਾ ਹੈ ਕਿ ਆਪਣੀ ਜਨਨੀ ਦੀ ਇੱਜ਼ਤ ਕਰਨ, ਉਸ ਦਾ ਹਾਲ-ਚਾਲ ਪੁੱਛਣ, ਉਸ ਕੋਲ ਬੈਠ ਥੋੜਾ ਸਮਾਂ ਦੇਣ, ਤਾਂ ਕਿ ਉਸ ਦਾ ਬੁਢਾਪਾ ਚੰਗਾ ਬੀਤੇ।

ਸਿੱਖ ਧਰਮ ਵਿਚ ਇਸਤਰੀ ਜਾਤੀ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ ਹੈ ਕਿ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ *ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ* ਕਹਿ ਕੇ ਇਸਤਰੀ ਨੂੰ ਸਤਿਕਾਰਿਆ, ਵਡਿਆਇਆ ਹੈ, ਉੱਥੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਮਾਤਾ ਖੀਵੀ ਜੀ ਨੂੰ ਵਡਿਆਇਆ। ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਤਾਂ ਸਮਾਜ ਵਿਚ ਪ੍ਰਚਲਿਤ ਘੁੰਡ ਦੀ ਰਸਮ ਤੇ ਸਤੀ ਪ੍ਰਥਾ ਦਾ ਡਟ ਕੇ ਵਿਰੋਧ ਕੀਤਾ ਉਨ੍ਹਾਂ ਨੇ ਫੁਰਮਾਇਆ:

*ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥*
*ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟਿ ਮਰੰਨ੍ਹਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੮੭)*

ਸ੍ਰੀ ਗੁਰੂ ਰਾਮਦਾਸ ਜੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਬੀਬੀ ਭਾਨੀ ਜੀ ਤੇ ਮਾਤਾ ਗੰਗਾ ਜੀ ਨੂੰ ਪੂਰਾ ਸਤਿਕਾਰ ਦਿੱਤਾ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਜਦੋਂ ਗੁਜਰਾਤ ਵਿਚ ਸ਼ਾਹ ਦਉਲਾ ਨੂੰ ਮਿਲੇ ਤਾਂ ਆਪ ਜੀ ਦੇ ਸ਼ਾਹੀ ਠਾਠ-ਬਾਠ, ਸੇਵਕ, ਫੌਜ, ਘੋੜੇ, ਪੁੱਤਰ ਤੇ ਪਤਨੀ ਵੇਖ ਕੇ ਉਸ ਦੇ ਇਕ ਚੇਲੇ ਨੇ ਸ਼ੰਕਾ ਕੀਤੀ ਕਿ ਇਹ ਗੁਰੂ ਰੂਹਾਨੀ ਆਗੂ ਨਹੀਂ ਹੋ ਸਕਦਾ। ਉਸ ਨੇ ਗੁਰੂ ਜੀ ਨੂੰ ਪੁੱਛਿਆ:

ਹਿੰਦੂ ਕੀ ਤੇ ਫਕੀਰੀ ਕੀ?
ਔਰਤ ਕੀ ਤੇ ਪੀਰੀ ਕੀ?
ਪੁੱਤਰ ਕੀ ਤੇ ਵੈਰਾਗ ਕੀ?
ਦੌਲਤ ਕੀ ਤੇ ਤਿਆਗ ਕੀ?

ਗੁਰੂ ਜੀ ਮੁਸਕਰਾ ਪਏ ਤੇ ਉਸ ਦਾ ਸ਼ੰਕਾ ਨਵਿਰਤ ਕਰਦੇ ਹੋਏ ਫੁਰਮਾਏ:-

ਔਰਤ ਈਮਾਨ।
ਪੁੱਤਰ ਨਿਸ਼ਾਨ, ਦੌਲਤ ਗੁਜ਼ਰਾਨ।
ਫਕੀਰ ਨਾ ਹਿੰਦੂ ਨ ਮੁਸਲਮਾਨ।

ਸਿੱਖ ਇਤਿਹਾਸ ਗਵਾਹ ਹੈ ਕਲਗੀਧਰ ਪਾਤਸ਼ਾਹ ਨੇ ਜਦ ਖਾਲਸਾ ਪੰਥ ਸਾਜਿਆ ਤਾਂ ਮਾਤਾ ਸਾਹਿਬ ਕੌਰ ਜੀ ਨੂੰ ਖਾਲਸੇ ਦੀ ਮਾਤਾ ਹੋਣ ਦਾ ਮਾਣ ਬਖਸ਼ਿਆ। ਗੁਰੂ ਜੀ ਨੇ ਇਸਤਰੀਆਂ ਨੂੰ ਅੰਮ੍ਰਿਤ-ਪਾਨ ਕਰਨ ਦਾ ਹੱਕ ਦੇ ਕੇ ਇਹ ਸਿਧ ਕੀਤਾ ਕਿ ਜੇ ਸਿੱਖ ਮਰਦ ਜੰਗ ਵਿਚ ਜੂਝ ਸਕਦੇ ਹਨ ਤਾਂ ਇਸਤਰੀਆਂ ਵੀ ਕਿਸੇ ਗੱਲੋਂ ਘੱਟ ਨਹੀਂ। ਸਿੱਖੀ ਦੀ ਆਨ-ਸ਼ਾਨ ਨੂੰ ਉੱਚਾ ਰੱਖਣ ਲਈ ਕਈ ਸਿੰਘਣੀਆਂ ਨੇ ਬੱਚਿਆਂ ਦੇ ਟੋਟੇ ਵੀ ਕਰਵਾਏ, ਅਸਹਿ-ਅਕਹਿ ਕਸ਼ਟ ਸਹਾਰੇ ਪਰ ਸੀ ਨਹੀਂ ਉਚਾਰੀ।

ਜਦ ਚਾਲ਼ੀ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਦਾਵਾ ਦੇ ਕੇ ਘਰਾਂ ਨੂੰ ਆਏ ਤਾਂ ਮਾਤਾ ਭਾਗ ਕੌਰ ਜੀ ਦੀ ਪ੍ਰੇਰਨਾ ਸਦਕਾ ਉਨ੍ਹਾਂ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ। ਮਾਤਾ ਭਾਗ ਕੌਰ ਜੀ ਆਪ ਨਿਡਰਤਾ ਨਾਲ ਘੋੜੇ 'ਤੇ ਸਵਾਰ ਹੋ ਮੈਦਾਨ ਵਿਚ ਨਿੱਤਰੀ ਤੇ ਉਨ੍ਹਾਂ ਦੀ ਕਮਾਨ ਹੇਠ ਇਹ ਚਾਲ਼ੀ ਸਿੰਘ ਸ਼ਹੀਦੀਆਂ ਪਾ ਕੇ ਚਾਲੀ ਮੁਕਤੇ ਹੋ ਗਏ। ਮਹਾਰਾਜਾ ਰਣਜੀਤ ਸਿੰਘ ਦੀ ਬਹਾਦਰ ਸੱਸ ਸਰਦਾਰਨੀ ਸਦਾ ਕੌਰ ਨੇ ਲਾਹੌਰ 'ਤੇ ਫਤਹ ਪਾਉਣ ਵਿਚ ਉਨ੍ਹਾਂ ਦੀ ਪੂਰੀ ਮਦਦ ਕੀਤੀ। ਭਾਰਤ ਨੂੰ ਅਜ਼ਾਦ ਕਰਾਉਣ ਵਿਚ ਵੀ ਕਈ ਇਸਤਰੀਆਂ ਨੇ ਮਹਾਨ ਕੰਮ ਕੀਤੇ।

ਮੌਜੂਦਾ ਸਮੇਂ ਵਿਚ ਇਸਤਰੀ ਨੇ ਕਾਨੂੰਨੀ ਤੌਰ 'ਤੇ ਸਮਾਨਤਾ ਦੇ ਹੱਕ ਪ੍ਰਾਪਤ ਕਰ ਲਏ ਹਨ, ਜੇਕਰ ਵੇਖਿਆ ਜਾਵੇ ਤਾਂ ਹੁਣ ਕਿਹੜਾ ਖੇਤਰ ਹੈ ਜਿਸ ਵਿਚ ਇਸਤਰੀ ਅੱਗੇ ਨਹੀਂ? ਪ੍ਰਬੰਧਕ, ਅਧਿਆਪਕ, ਡਾਕਟਰ, ਵਕੀਲ, ਜੱਜ, ਇੰਜੀਨੀਅਰ, ਡਾਇਰੈਕਟਰ, ਪ੍ਰੋਡਿਊਸਰ, ਪਾਇਲਟ ਆਦਿ ਹਰ ਕਰਮ ਖੇਤਰ ਵਿਚ ਭਾਗ ਲੈ ਰਹੀ ਹੈ। ਕਿਹਾ ਜਾਂਦਾ ਹੈ ਕਿ ਇਸਤਰੀ ਦੀ ਉੱਨਤੀ ਤੇ ਗਿਰਾਵਟ 'ਤੇ ਹੀ ਰਾਸ਼ਟਰ ਦੀ ਉੱਨਤੀ ਤੇ ਗਿਰਾਵਟ ਨਿਰਭਰ ਕਰਦੀ ਹੈ। ਇਸਤਰੀ ਦਇਆ ਦੀ ਜਿਉਂਦੀ ਜਾਗਦੀ ਮੂਰਤ, ਦੁਖੀਏ ਲਈ ਦਰਦਵੰਦ ਹੁੰਦੀ ਹੈ। ਪਰੰਤੂ ਇੰਨੇ ਗੁਣ ਰੱਖਦੀ ਹੋਈ ਵੀ ਇਸਤਰੀ ਅੱਜ ਦੇ ਇਸ ਵਿਗਿਆਨਕ ਸਮਾਜ ਵਿਚ ਹਾਲੇ ਪਿੱਛੇ ਹੈ। ਪਹਿਲਾਂ ਪਹਿਲ ਜੰਮਦੀਆਂ ਬੱਚੀਆਂ ਦਾ ਗਲਾ ਘੁੱਟਿਆ ਜਾਂਦਾ ਸੀ ਪਰ ਹੁਣ ਜਨਮ ਤੋਂ ਪਹਿਲਾਂ ਖ਼ਤਮ ਤਕ ਵੀ ਕੀਤਾ ਜਾਂਦਾ ਹੈ। ਜਦਕਿ ਬੱਚੇ ਨੂੰ ਜਨਮ ਦੇਣ ਲਈ ਪੁਰਸ਼ ਨਾਲੋਂ ਇਸਤਰੀ ਦਾ ਜ਼ਿਆਦਾ ਯੋਗ ਸਥਾਨ ਹੈ।

ਮੌਜੂਦਾ ਆਧੁਨਿਕ ਦੌਰ ਵਿਚ ਕੁਝ ਇਸਤਰੀਆਂ ਉਹ ਆਪਣੇ ਮਾਂ-ਪੁਣੇ ਨੂੰ ਅਹਿਮੀਅਤ ਨਾ ਦੇ ਕੇ ਆਪਣੀ ਐਸ਼-ਪ੍ਰਸਤੀ ਵੱਲ ਵਧੇਰੇ ਧਿਆਨ ਦਿੰਦੀਆਂ ਹਨ ਜੋ ਕਿ ਠੀਕ ਨਹੀਂ ਹੈ। ਅਜਿਹੀ ਇਸਤਰੀ ਘਰੇਲੂ ਇਖ਼ਲਾਕ ਦੀ ਰੱਖਿਅਕ ਤਾਂ ਹੀ ਬਣ ਸਕਦੀ ਹੈ ਜੇ ਉਹ ਭਗਤ ਫਰੀਦ ਜੀ ਦੇ ਇਨ੍ਹਾਂ ਬਚਨਾਂ 'ਤੇ ਅਮਲ ਕਰੇ:

*ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥*
*ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੮੪)*

# ਸਿੱਖ ਧਰਮ ਅੰਦਰ ਇਸਤਰੀ ਦਾ ਸਥਾਨ ਤੇ ਜ਼ਿੰਮੇਵਾਰੀ

*-ਸ. ਮਨਪ੍ਰੀਤ ਸਿੰਘ ਬਾਜ**

ਸਿੱਖ ਧਰਮ ਅੰਦਰ ਗੁਰੂ ਸਾਹਿਬਾਨ ਨੇ ਇਸਤਰੀ ਲਈ ਧਾਰਮਿਕ ਤੇ ਸਮਾਜਿਕ ਰੂਪ ਵਿਚ ਮਹੱਤਵਪੂਰਨ ਤੇ ਸਤਿਕਾਰਤ ਸਥਾਨ ਸਥਾਪਿਤ ਕੀਤਾ ਹੈ। ਪਰੰਤੂ ਅਜੋਕੇ ਸਮਾਜਿਕ ਹਾਲਾਤ ਤੋਂ ਇਹ ਸਪੱਸ਼ਟ ਹੋ ਰਿਹਾ ਹੈ ਕਿ ਨਾ ਤਾਂ ਸਾਰੇ ਸਿੱਖ ਮਰਦ ਹੀ ਸਿੱਖ ਇਸਤਰੀਆਂ ਨੂੰ ਉਹ ਮਹੱਤਵ ਤੇ ਸਤਿਕਾਰ ਦੇ ਰਹੇ ਹਨ ਅਤੇ ਨਾ ਹੀ ਸਾਰੀਆਂ ਸਿੱਖ ਇਸਤਰੀਆਂ ਆਪਣੇ ਮਹੱਤਵ ਤੇ ਸਤਿਕਾਰ ਪ੍ਰਤੀ ਸੁਚੇਤ ਹਨ। ਅਜਿਹੇ ਹਾਲਾਤ ਸਿੱਖ ਸਮਾਜ ਅੰਦਰ ਨਿਵਾਣ ਦਾ ਕਾਰਨ ਬਣ ਰਹੇ ਹਨ। ਕਿਸੇ ਵੀ ਕੌਮ ਜਾਂ ਕਬੀਲੇ ਦਾ ਵਿਕਾਸ, ਗੁਣਵੱਤਾ, ਕੁਸ਼ਲਤਾ ਤੇ ਖ਼ਾਸਕਰ ਕੌਮ ਦੀ ਹੋਂਦ ਉਸ ਕੌਮ ਜਾਂ ਕਬੀਲੇ ਦੀਆਂ ਇਸਤਰੀਆਂ ਉੱਪਰ ਨਿਰਭਰ ਹੁੰਦੀ ਹੈ। ਇਸਤਰੀਆਂ ਦੀ ਯੋਗ ਅਗਵਾਈ ਤੋਂ ਬਿਨਾਂ ਕੋਈ ਵੀ ਕੌਮ ਖ਼ਤਮ ਹੋ ਸਕਦੀ ਹੈ, ਕੁਰਾਹੇ ਪੈ ਸਕਦੀ ਹੈ ਅਤੇ ਗਰਕ ਹੋ ਸਕਦੀ ਹੈ, ਇਸ ਲਈ ਗੁਰਬਾਣੀ ਅਨੁਸਾਰ ਇਸਤਰੀ ਦੇ ਮਹੱਤਵ ਤੇ ਸਤਿਕਾਰ ਨੂੰ ਸਮਝ ਕੇ ਅਮਲੀ ਰੂਪ ਵਿਚ ਲਿਆਉਣਾ ਬੇਹੱਦ ਜ਼ਰੂਰੀ ਹੈ।

ਸਿੱਖ ਧਰਮ ਦਾ ਉੱਥਾਨ ਉਨ੍ਹਾਂ ਹਾਲਾਤ ਦਰਮਿਆਨ ਹੋਇਆ ਸੀ ਜਦੋਂ ਸਮਾਜ ਅੰਦਰ ਖੁੱਲ੍ਹੇਆਮ ਇਸਤਰੀ ਦੀ ਦੁਰਦਸ਼ਾ ਕੀਤੀ ਜਾ ਰਹੀ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਇਸਤਰੀ ਦੇ ਸਥਾਨ ਨੂੰ ਸਮਝਣ ਲਈ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਜਦੋਂ ਸਿੱਖ ਗੁਰੂ ਸਾਹਿਬਾਨ 'ਸਿੱਖ ਧਰਮ' ਦੀ ਸਥਾਪਤੀ ਲਈ ਕਾਰਜਸ਼ੀਲ ਸਨ ਅਤੇ ਬਾਣੀ ਰਚਨਾ ਕਰ ਰਹੇ ਸਨ, ਉਸ ਸਮੇਂ ਸਮਾਜ ਦੇ ਹਾਲਾਤ ਕਿਹੋ ਜਿਹੇ ਸਨ। ਇਹ ਉਹ ਸਮਾਂ ਸੀ ਜਦੋਂ ਭਾਰਤ ਉੱਪਰ ਮੁਗ਼ਲਾਂ ਦੇ ਹਮਲੇ ਲਗਾਤਾਰ ਹੋ ਰਹੇ ਸਨ ਅਤੇ ਦੂਜੇ ਪਾਸੇ ਭਾਰਤ ਅੰਦਰ ਕਾਇਮ ਛੋਟੇ-ਵੱਡੇ ਰਾਜ ਇਕਜੁੱਟ ਨਹੀਂ ਸਨ ਅਤੇ ਜ਼ਿਆਦਾਤਰ ਰਾਜ ਆਪਸ ਵਿਚ ਲੜਦੇ-ਝਗੜਦੇ ਰਹਿੰਦੇ ਸਨ।

**ਮੁਗ਼ਲ-ਕਾਲ ਵਿਚ ਇਸਤਰੀ ਦੀ ਦੁਰਦਸ਼ਾ:** ਮੁਗ਼ਲਾਂ ਨੇ ਭਾਰਤ ਅੰਦਰ ਬਹੁਤ ਵੱਡੇ ਪੱਧਰ 'ਤੇ ਲੁੱਟ-ਖੋਹ, ਕਤਲੋਗਾਰਤ ਅਤੇ ਤਬਾਹੀ ਕੀਤੀ ਸੀ। ਹਰ ਪਾਸੇ ਖ਼ੂਨ ਹੀ ਖ਼ੂਨ ਸੀ ਅਤੇ ਭਾਰਤ ਦੇ ਲੋਕਾਂ ਉੱਪਰ ਭਿਆਨਕ ਤਸ਼ੱਦਦ ਕੀਤਾ ਜਾ ਰਿਹਾ ਸੀ। ਮੁਗ਼ਲ ਹਮਲਾਵਰ ਦਾਨਵੀ ਸੋਚ ਦੇ ਮਾਲਕ ਸਨ, ਇਸੇ ਲਈ ਉਹ ਆਮ ਜਨਤਾ ਨੂੰ ਦਰਿੰਦਗੀ ਨਾਲ ਕਤਲ ਕਰਦੇ ਸਨ। ਮੁਗ਼ਲ ਸਾਰੇ ਪਾਸੇ ਹੋਰਨਾਂ ਧਰਮਾਂ ਨੂੰ ਖ਼ਤਮ ਕਰ ਕੇ ਇਸਲਾਮ ਦੀ ਸਥਾਪਨਾ ਕਰਨਾ ਚਾਹੁੰਦੇ ਸਨ। ਅਨੇਕਾਂ ਮਿਸਾਲਾਂ ਮਿਲਦੀਆਂ ਹਨ ਕਿ ਮੁਗ਼ਲ ਜਦੋਂ ਕਿਸੇ

*ਈ-ਮੇਲ ਪਤਾ: baaz332211@gmail.com ਮੋ. ੯੫੩੦੭੪੪੧੨੨

ਜਗ੍ਹਾ 'ਤੇ ਹਮਲਾ ਕਰਦੇ ਸਨ ਤਾਂ ਉੱਥੋਂ ਦੇ ਬਜ਼ੁਰਗਾਂ ਤੇ ਬੱਚਿਆਂ ਨੂੰ ਵੀ ਕੋਹ-ਕੋਹ ਕੇ ਕਤਲ ਕਰ ਦਿੰਦੇ ਸਨ। ਅਜਿਹੇ ਭਿਆਨਕ ਹਾਲਾਤ ਵਿਚ ਇਸਤਰੀ ਦੀ ਹਾਲਤ ਕਿੰਨੀ ਤਰਸਯੋਗ ਤੇ ਭਿਆਨਕ ਹੋਵੇਗੀ ਇਸ ਦਾ ਅੰਦਾਜ਼ਾ ਲਗਾਉਣਾ ਕਠਿਨ ਨਹੀਂ। ਭਾਰਤ ਵਿਚ ਮੁਗ਼ਲਾਂ ਵੱਲੋਂ ਮਜ਼ਲੂਮ ਇਸਤਰੀਆਂ ਨਾਲ ਹਰ ਤਰ੍ਹਾਂ ਦੀ ਦਰਿੰਦਗੀ ਅਤੇ ਕੁਕਰਮ ਕੀਤੇ ਜਾਂਦੇ ਸਨ। ਇਸਤਰੀਆਂ ਨੂੰ ਦਾਸੀਆਂ ਬਣਾ ਕੇ ਰੱਖਿਆ ਜਾਂਦਾ ਸੀ ਅਤੇ ਉਨ੍ਹਾਂ ਕੋਲੋਂ ਹਰ ਤਰ੍ਹਾਂ ਦੇ ਨੀਵੇਂ ਦਰਜੇ ਦੇ ਕੰਮ ਕਰਵਾਏ ਜਾਂਦੇ ਸਨ। ਕਈ ਵਾਰ ਤਾਂ ਇਸਤਰੀਆਂ ਨੂੰ ਗਰਭਵਤੀ ਹੋਣ ਦੀ ਹਾਲਤ ਵਿਚ ਕਤਲ ਕਰ ਦਿੱਤਾ ਜਾਂਦਾ ਸੀ। ਇਹ ਵੀ ਕਿਹਾ ਜਾ ਸਕਦਾ ਹੈ ਕਿ ਅਜਿਹੇ ਹਾਲਾਤ ਵਿਚ ਕਈ ਇਸਤਰੀਆਂ ਨੂੰ ਮਜ਼ਬੂਰੀ-ਵੱਸ ਮੁਗ਼ਲਾਂ ਦੀਆਂ ਨਾਜਾਇਜ਼ ਔਲਾਦਾਂ ਨੂੰ ਵੀ ਜਨਮ ਦੇਣਾ ਪਿਆ ਹੋਵੇਗਾ। ਇਹ ਸਿਲਸਿਲਾ ਵੱਡੇ ਮੁਗ਼ਲ ਹਾਕਮਾਂ ਸਮੇਤ ਹੇਠਲੇ ਸਿਪਾਹੀਆਂ ਵੱਲੋਂ ਲਾਗਾਤਰ ਜਾਰੀ ਰਿਹਾ ਸੀ।

**ਗਜ਼ਨੀ ਦੀ ਮੰਡੀ ਵਿਚ ਇਸਤਰੀਆਂ:** 'ਗਜ਼ਨੀ' ਅਫ਼ਗਾਨਿਸਤਾਨ ਦਾ ਪ੍ਰਾਚੀਨ ਸ਼ਹਿਰ ਹੈ। ਇਸ ਸ਼ਹਿਰ ਵਿਚ 'ਹਸੀਨਾ-ਏ-ਹਿੰਦ' ਨਾਮ ਦੀ ਮੰਡੀ ਲਗਾਈ ਜਾਂਦੀ ਸੀ ਜਿਸ ਵਿਚ ਮੁਗ਼ਲਾਂ ਵੱਲੋਂ ਬੰਦੀ ਬਣਾ ਕੇ ਲਿਜਾਈਆਂ ਭਾਰਤੀ ਇਸਤਰੀਆਂ ਨੂੰ ਵੇਚਿਆ ਜਾਂਦਾ ਸੀ। ਇਸਤਰੀਆਂ ਦੇ ਗਲਾਂ ਵਿਚ ਮੁੱਲ ਲਿਖ ਕੇ ਟੰਗੇ ਹੁੰਦੇ ਸਨ ਅਤੇ ਬੋਲੀ ਲਗਾਈ ਜਾਂਦੀ ਸੀ। ਅਰਬ ਦੇਸ਼ਾਂ ਦੇ ਅਮੀਰ ਲੋਕ ਉਨ੍ਹਾਂ ਇਸਤਰੀਆਂ ਨੂੰ ਖਰੀਦਣ ਲਈ ਆਉਂਦੇ ਸਨ। ਖਰੀਦਣ ਵਾਲਾ ਵਿਅਕਤੀ ਉਸ ਇਸਤਰੀ ਨੂੰ ਆਪਣੀ ਰਖੇਲ ਬਣਾ ਕੇ ਰੱਖਦਾ ਸੀ ਅਤੇ ਆਪਣੇ ਦੋਸਤਾਂ ਤੇ ਰਿਸ਼ਤੇਦਾਰਾਂ ਨੂੰ ਸੌਗਾਤ ਦੇ ਰੂਪ ਵਿਚ ਪੇਸ਼ ਕਰਦਾ ਸੀ।

**ਮੁਗ਼ਲ-ਕਾਲ ਵਿਚ ਸਿੱਖਾਂ ਵੱਲੋਂ ਇਸਤਰੀ-ਰੱਖਿਆ:** ਅਜਿਹੇ ਸਮੇਂ ਪੰਜਾਬ ਦੀ ਧਰਤੀ ਉੱਪਰ ਪੈਦਾ ਹੋਏ 'ਸਿੱਖ ਧਰਮ' ਨੇ ਭਾਰਤੀ ਇਸਤਰੀਆਂ ਦੀ ਰੱਖਿਆ ਕਰਨ ਲਈ ਮੁਗ਼ਲਾਂ ਦਾ ਰਾਹ ਰੋਕਿਆ। ਅਨੇਕਾਂ ਵਾਰ ਸਿੱਖਾਂ ਨੇ ਹਮਲਾ ਕਰ ਕੇ ਮੁਗ਼ਲਾਂ ਦੀ ਕੈਦ ਵਿੱਚੋਂ ਭਾਰਤੀ ਇਸਤਰੀਆਂ ਨੂੰ ਅਜ਼ਾਦ ਕਰਵਾਇਆ ਸੀ। ਸਿੱਖ ਜਰਨੈਲਾਂ ਅੰਦਰ ਸਿੱਖ ਧਰਮ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਨੇ ਅਜਿਹਾ ਜੋਸ਼ ਭਰ ਦਿੱਤਾ ਸੀ ਕਿ ਉਨ੍ਹਾਂ ਨੇ ਜਿੱਥੇ ਆਪਣੀ ਧਰਤੀ ਪੰਜਾਬ ਦੀ ਰੱਖਿਆ ਕੀਤੀ, ਉੱਥੇ ਹੀ ਇਸਤਰੀਆਂ ਨੂੰ ਬਚਾਉਣਾ ਆਪਣਾ ਧਰਮ ਮੰਨ ਲਿਆ ਸੀ। ਜਦੋਂ ਵੀ ਸਿੰਘਾਂ ਤਕ ਕਿਸੇ ਮਜ਼ਲੂਮ ਇਸਤਰੀ ਦੀ ਫਰਿਆਦ ਪੁੱਜਦੀ ਸੀ ਤਾਂ ਖ਼ਾਲਸਾ ਫ਼ੌਜ ਉਸ ਦੀ ਮਦਦ ਕਰਨ ਲਈ ਜ਼ਰੂਰ ਪਹੁੰਚਦੀ ਸੀ।

**ਭਾਰਤ ਅੰਦਰ ਇਸਤਰੀ ਦੀ ਦੁਰਦਸ਼ਾ:** ਭਾਰਤੀ ਸਮਾਜ ਵਿਚ ਇਸਤਰੀ ਨੂੰ ਨੀਵਾਂ ਸਮਝਿਆ ਜਾਂਦਾ ਸੀ। ਭਾਰਤੀ ਪਰੰਪਰਾ ਵਿਚ ਇਸਤਰੀ ਲਈ ਪ੍ਰਚੱਲਤ ਨਿਰਾਦਰ ਭਰੇ ਸ਼ਬਦ ਜਿਵੇਂ ਕਿ ਦਾਸੀ, ਗੋਲੀ, ਨਰਕ ਦੁਆਰੀ, ਪੈਰ ਦੀ ਜੁੱਤੀ, ਵਿਸ਼ ਭਰੀ ਗੰਦਲ, ਕੋਠੇ ਵਾਲੀ ਆਦਿ ਸ਼ਬਦ ਇਸਤਰੀ ਦੀ ਦੁਰਦਸ਼ਾ ਦੀ ਤਸਵੀਰ ਪੇਸ਼ ਕਰਦੇ ਹਨ। 'ਸਤੀ ਪ੍ਰਥਾ' ਰਾਹੀਂ ਇਸਤਰੀ ਨੂੰ ਦਰਦਨਾਕ ਮੌਤ ਦੇਣਾ। 'ਪਰਦਾ ਪ੍ਰਥਾ' ਰਾਹੀਂ ਇਸਤਰੀ ਨੂੰ

ਮਰਦਾਂ ਤੋਂ ਨੀਵੀਂ ਹੋਣ ਦਾ ਅਹਿਸਾਸ ਕਰਵਾਉਣਾ। ਇੱਕ ਰਾਜੇ ਵੱਲੋਂ ਕਈ-ਕਈ ਰਾਣੀਆਂ ਅਤੇ ਕਈ-ਕਈ ਦਾਸੀਆਂ ਰੱਖਣ ਦਾ ਰਿਵਾਜ਼ ਇਹ ਦਰਸਾਉਂਦਾ ਹੈ ਕਿ ਇਸਤਰੀ ਕੇਵਲ ਇੱਕ ਨੀਚ ਵਸਤੂ ਸਮਝੀ ਜਾਂਦੀ ਸੀ। ਇੱਥੋਂ ਤਕ ਕਿ ਧਰਮ ਦੀ ਆੜ ਵਿਚ ਧਾਰਮਿਕ ਆਗੂਆਂ ਵੱਲੋਂ ਇਸਤਰੀਆਂ ਦਾ ਸੋਸ਼ਣ ਕਰਨ ਲਈ ਅਖੌਤੀ ਧਾਰਮਿਕ ਰੀਤੀ-ਰਿਵਾਜ਼ ਬਣਾਏ ਹੋਏ ਸਨ। ਇਸਤਰੀ ਨੂੰ ਮਰਦ ਦੇ ਬਰਾਬਰ ਅਧਿਕਾਰ ਦੇਣਾ ਤਾਂ ਦੂਰ ਦੀ ਗੱਲ ਸੀ ਬਲਕਿ ਇਸਤਰੀ ਨੂੰ ਇਨਸਾਨ ਵੀ ਨਹੀਂ ਸਮਝਿਆ ਜਾਂਦਾ ਸੀ।

**ਇਸਤਰੀ ਨੂੰ ਮੁਕਤੀ ਪ੍ਰਾਪਤ ਕਰਨ ਦਾ ਹੱਕ:** ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਜੋ ਅਧਿਆਤਮਿਕ ਉਪਦੇਸ਼ ਦਰਜ ਕੀਤੇ ਗਏ ਹਨ ਉਹ ਇਸਤਰੀ ਅਤੇ ਪੁਰਸ਼ ਦੋਹਾਂ ਲਈ ਬਰਾਬਰ ਹਨ। ਇਸਤਰੀ ਨੂੰ ਵਾਸ਼ਨਾ-ਪੂਰਤੀ ਤੀਕ ਸੀਮਤ ਕਰਨ ਅਤੇ ਧਰਮ ਕਮਾਉਣ ਤੋਂ ਵਾਂਝੇ ਰੱਖਣ ਵਾਲਿਆਂ ਨੂੰ ਸਿੱਖ ਗੁਰੂ ਸਾਹਿਬਾਨ ਨੇ ਸਿੱਧੀ ਚੁਣੌਤੀ ਪੇਸ਼ ਕਰਦਿਆਂ ਕਿਹਾ ਕਿ ਇਸਤਰੀ ਵੀ ਮੁਕਤੀ ਪ੍ਰਾਪਤ ਕਰ ਸਕਦੀ ਹੈ ਅਤੇ ਧਰਮ ਮਾਰਗ ਉੱਪਰ ਚੱਲਣ ਦੀ ਪੂਰੀ ਹੱਕਦਾਰ ਹੈ। ਸਿੱਖ ਧਰਮ ਵਿਚ ਇਸਤਰੀ ਨੂੰ ਵੀ ਭਗਤੀ ਕਰਨ ਅਤੇ ਧਾਰਮਿਕ ਜ਼ਿੰਦਗੀ ਜਿਉਣ ਦਾ ਉਪਦੇਸ਼ ਦਿੱਤਾ ਗਿਆ ਹੈ ਕਿਉਂਕਿ ਪਾਵਨ ਗੁਰਬਾਣੀ ਅਨੁਸਾਰ ਇਸਤਰੀ ਤੇ ਪੁਰਸ਼ ਪਰਮਾਤਮਾ ਦਾ ਹੀ ਅੰਸ਼ ਹਨ ਅਤੇ ਅੰਤ ਵਿਚ ਉਸੇ ਵਿਚ ਸਮਾਅ ਜਾਣਗੇ।

**ਇਸਤਰੀ ਦੇ ਸਤਿਕਾਰ ਸਬੰਧੀ ਉਪਦੇਸ਼:** ਇਸਤਰੀ ਨੂੰ ਸਤਿਕਾਰ ਦੇਣ ਲਈ ਸਿੱਖ ਗੁਰੂ ਸਾਹਿਬਾਨ ਨੇ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਉਪਦੇਸ਼ ਦਰਜ ਕਰ ਕੇ ਇਸਤਰੀ ਦੇ ਸਤਿਕਾਰ ਨੂੰ ਧਾਰਮਿਕ ਤੌਰ 'ਤੇ ਸਦੀਵ ਕਾਲ ਲਈ ਸਥਾਪਿਤ ਕਰ ਦਿੱਤਾ। ਜਿਹੜਾ ਵੀ ਮਨੁੱਖ ਸਿੱਖ ਧਰਮ ਵਿਚ ਵਿਸ਼ਵਾਸ ਰੱਖਦਾ ਹੈ ਉਹ ਇਸਤਰੀ ਦਾ ਸਤਿਕਾਰ ਕਰਦਾ ਹੈ ਅਤੇ ਇਸਤਰੀ ਨੂੰ ਬਰਾਬਰ ਸਮਝਦਾ ਹੈ। ਇਸਤਰੀ ਤੋਂ ਹੀ ਮਰਦ ਪੈਦਾ ਹੁੰਦਾ ਹੈ ਅਤੇ ਇਸਤਰੀ ਤੋਂ ਹੀ ਮਨੁੱਖ ਪ੍ਰਜਾਤੀ ਦਾ ਵਿਕਾਸ ਹੁੰਦਾ ਹੈ, ਇਸ ਲਈ ਇਸਤਰੀ ਨੂੰ ਜਗ-ਜਨਣੀ ਵੀ ਕਿਹਾ ਜਾਂਦਾ ਹੈ। ਅਜਿਹੀ ਮਹਾਨਤਾ ਤੇ ਮਹੱਤਤਾ ਰੱਖਣ ਵਾਲੀ ਇਸਤਰੀ-ਜਾਤੀ ਨੂੰ ਇਨਸਾਨ ਨਾ ਸਮਝਣਾ ਅਤੇ ਉਸ ਨਾਲ ਅਣਮਨੁੱਖੀ ਵਿਹਾਰ ਕਰਨਾ ਸਰਾਸਰ ਗ਼ਲਤ ਹੈ। ਗੁਰਬਾਣੀ ਦਾ ਫੁਰਮਾਨ ਹੈ:

*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੩)*
*ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੭੯)*

**ਮਨੁੱਖ ਇਸਤਰੀ-ਰੂਪ ਅਤੇ ਪਰਮਾਤਮਾ ਪਤੀ-ਰੂਪ:** ਸ੍ਰੀ ਗੁਰੂ ਗ੍ਰੰਥ

ਸਾਹਿਬ ਵਿਚ ਸਾਰੇ ਮਨੁੱਖਾਂ ਨੂੰ ਇਸਤਰੀ-ਰੂਪ ਅਤੇ ਅਕਾਲ ਪੁਰਖ ਪਰਮਾਤਮਾ ਨੂੰ ਪਤੀ-ਰੂਪ ਦਰਸਾਇਆ ਗਿਆ ਹੈ। ਇਸ ਦਾ ਭਾਵ ਇਹ ਹੈ ਕਿ ਮਰਦ ਆਪਣੇ-ਆਪ ਨੂੰ ਮਰਦ ਹੋਣ ਕਰਕੇ ਇਸਤਰੀ ਤੋਂ ਉੱਤਮ ਨਾ ਸਮਝੇ ਕਿਉਂਕਿ ਰੱਬੀ ਦਰਗਾਹ ਵਿਚ ਸਾਰੇ ਮਨੁੱਖ ਇਸਤਰੀ-ਰੂਪ ਹੀ ਹਨ। ਗੁਰਬਾਣੀ ਅੰਦਰ ਸਾਰੇ ਮਨੁੱਖਾਂ ਨੂੰ ਇਸਤਰੀ-ਰੂਪ ਦੱਸਦਿਆਂ ਪਰਮਾਤਮਾ ਅੱਗੇ ਬੇਨਤੀ ਕੀਤੀ ਗਈ ਹੈ ਕਿ ਤੂੰ ਸਾਨੂੰ ਆਪਣੇ ਚਰਨਾਂ ਵਿਚ ਸਦੀਵੀ ਨਿਵਾਸ ਬਖਸ਼ਿਸ਼ ਕਰ ਭਾਵ ਮੁਕਤੀ ਪ੍ਰਦਾਨ ਕਰ-

*ਹਮ ਤੇਰੀ ਧਰ ਸੁਆਮੀਆ ਮੇਰੇ ਤੂ ਕਿਉ ਮਨਹੁ ਬਿਸਾਰੇ॥*
*ਇਸਤ੍ਰੀ ਰੂਪ ਚੇਰੀ ਕੀ ਨਿਆਈ ਸੋਭ ਨਹੀ ਬਿਨੁ ਭਰਤਾਰੇ॥੧॥*
*ਬਿਨਉ ਸੁਨਿਓ ਜਬ ਠਾਕੁਰ ਮੇਰੈ ਬੇਗਿ ਆਇਓ ਕਿਰਪਾ ਧਾਰੇ॥*
*ਕਹੁ ਨਾਨਕ ਮੇਰੋ ਬਨਿਓ ਸੁਹਾਗੋ ਪਤਿ ਸੋਭਾ ਭਲੇ ਅਚਾਰੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੬੭)*

**ਇਸਤਰੀ ਨੂੰ ਕਾਮ-ਵਸਤੂ ਨਾ-ਸਮਝਣ ਦਾ ਉਪਦੇਸ਼:** ਮਰਦ ਨੂੰ ਇਸਤਰੀ ਪ੍ਰਤੀ ਪ੍ਰਚੱਲਤ ਮਾੜੀ ਸੋਚ ਰੱਖਣ ਤੋਂ ਵਰਜਣ ਸੰਬੰਧੀ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਸਖ਼ਤ ਉਪਦੇਸ਼ ਦਰਜ ਹੈ ਕਿ ਮਰਦ ਨੇ ਕਦੇ ਵੀ ਇਸਤਰੀ ਨੂੰ ਕਾਮ-ਭੋਗਣ ਦੀ ਵਸਤੂ ਨਹੀਂ ਸਮਝਣਾ ਕਿਉਂਕਿ ਇਸ ਤਰ੍ਹਾਂ ਮੁਕਤੀ ਪ੍ਰਾਪਤ ਨਹੀਂ ਹੋਵੇਗੀ। ਜੇਕਰ ਮੁਕਤੀ ਪ੍ਰਾਪਤ ਕਰਨੀ ਹੈ ਤਾਂ ਇਸਤਰੀ ਨੂੰ ਵੀ ਮਨੁੱਖ ਵਾਂਗ ਸਤਿਕਾਰ ਦੇਣਾ ਪਵੇਗਾ। ਅਜਿਹਾ ਸਖ਼ਤ ਉਪਦੇਸ਼ ਧਰਮ ਗ੍ਰੰਥ ਵਿਚ ਦਰਜ ਕਰਨਾ ਉਸ ਸਮੇਂ ਦੀ ਸਥਾਪਿਤ ਵਿਚਾਰਧਾਰਾ ਨੂੰ ਵੱਡੀ ਚੁਣੌਤੀ ਦੇਣਾ ਸੀ। ਇਸਤਰੀ ਨੂੰ ਕਾਮ-ਭੋਗਣ ਦੀ ਵਸਤੂ ਸਮਝਣ ਵਾਲੀ ਵਿਕਸਿਤ ਹੋ ਚੁੱਕੀ ਸਮਾਜਿਕ ਮਾਨਸਿਕਤਾ ਨੂੰ ਬਦਲਣ ਲਈ, ਇਸ ਗੱਲ ਨੂੰ ਜੀਵਨ-ਮੁਕਤੀ ਨਾਲ ਜੋੜ ਕੇ ਸਮਝਾਉਣਾ ਗੁਰੂ ਸਾਹਿਬ ਦੇ ਅਧਿਆਤਮਿਕ ਗਿਆਨ ਦਾ ਪ੍ਰਗਟਾਵਾ ਸੀ ਜਿਸਦੀ ਮਿਸਾਲ ਕਿਸੇ ਹੋਰ ਧਰਮ ਅੰਦਰ ਨਹੀਂ ਮਿਲਦੀ।

*ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥*
*ਬੇਸਵਾ ਜੋਨਿ ਵਲਿ ਵਲਿ ਅਉਤਰੈ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੫੨੬)*

**ਇਸਤਰੀ ਦੇ ਸਤੀ ਹੋਣ ਦਾ ਵਿਰੋਧ:** ਗੁਰੂ ਸਾਹਿਬ ਨੇ ਸਮਾਜ ਅੰਦਰ ਲੰਮੇ ਸਮੇਂ ਤੋਂ ਚੱਲੀ ਆ ਰਹੀ ਸਤੀ ਪ੍ਰਥਾ ਦਾ ਡਟ ਕੇ ਵਿਰੋਧ ਕੀਤਾ। ਸਤੀ ਪ੍ਰਥਾ ਅਨੁਸਾਰ ਇਸਤਰੀ ਨੂੰ ਆਪਣੇ ਮਰ ਚੁੱਕੇ ਪਤੀ ਦੀ ਚਿਖਾ ਉੱਪਰ ਜਿਉਂਦੀ ਸੜ ਕੇ ਮਰਨਾ ਪੈਂਦਾ ਸੀ। ਇਸਤਰੀ ਦੀ ਦਰਦਨਾਕ ਮੌਤ ਦੀ ਇਹ ਪ੍ਰਥਾ ਧਾਰਮਿਕ ਰੀਤੀ ਬਣਾ ਦਿੱਤੀ ਗਈ ਸੀ ਜੋ ਇਸਤਰੀ ਦੇ ਜ਼ਿੰਦਾ ਰਹਿਣ ਦਾ ਹੱਕ ਖੋਹੰਦੀ ਸੀ ਅਤੇ ਮਨੁੱਖ ਹੋਣ ਦਾ ਰੁਤਬਾ ਵੀ ਖ਼ਤਮ ਕਰਦੀ ਸੀ। ਇਹ ਪ੍ਰਥਾ ਸਿੱਧੇ ਰੂਪ ਵਿਚ ਇਸਤਰੀ ਦੇ ਮਨੁੱਖੀ ਅਧਿਕਾਰ ਦਾ ਖ਼ਾਤਮਾ ਸੀ। ਗੁਰੂ ਸਾਹਿਬਾਨ ਨੇ ਸਮਾਜ ਅੰਦਰ ਧਾਰਮਿਕ ਰੀਤ ਵਜੋਂ ਪ੍ਰਵਾਨ ਹੋ ਚੁੱਕੀ ਸਤੀ ਪ੍ਰਥਾ ਨੂੰ ਖ਼ਤਮ ਕਰਨ ਲਈ ਜ਼ੋਰਦਾਰ

ਪ੍ਰਚਾਰ ਕੀਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਉਪਦੇਸ਼ ਦਰਜ ਕੀਤੇ-

*-ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ੍॥*
*ਨਾਨਕ ਸਤੀਆ ਜਾਣੀਅਨਿ੍ ਜਿ ਬਿਰਹੇ ਚੋਟ ਮਰੰਨਿ੍॥...*
*ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ੍॥*
*ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਾਲੰਨਿ੍॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੭੮੭)*

**ਇਸਤਰੀ ਦੇ ਪਰਦਾ ਕਰਨ ਦਾ ਵਿਰੋਧ:** ਗੁਰੂ ਸਾਹਿਬਾਨ ਨੇ ਸੰਗਤ ਵਿਚ ਆਈਆਂ ਇਸਤਰੀਆਂ ਨੂੰ ਪਰਦੇ ਅੰਦਰ ਰਹਿਣ ਦੇ ਗ਼ੁਲਾਮੀ ਵਾਲੇ ਰਿਵਾਜ਼ ਤੋਂ ਮੁਕਤ ਕੀਤਾ। ਗੁਰੂ ਸਾਹਿਬ ਦੇ ਹੁਕਮ ਅਨੁਸਾਰ ਇਸਤਰੀਆਂ ਬਿਨਾਂ ਮੂੰਹ ਢੱਕੇ ਗੁਰਦੁਆਰਾ ਸਾਹਿਬ ਆਉਂਦੀਆਂ, ਲੰਗਰ ਵਿਚ ਸੇਵਾ ਕਰਦੀਆਂ ਅਤੇ ਪਰਸ਼ਾਦਾ ਛਕਦੀਆਂ। ਇਸ ਤਰ੍ਹਾਂ ਗੁਰੂ ਸਾਹਿਬਾਨ ਨੇ ਇਸਤਰੀ ਨੂੰ ਸਮਾਜ ਅੰਦਰ ਬਰਾਬਰਤਾ ਨਾਲ ਵਿਚਰਨ ਦਾ ਹੱਕ ਪ੍ਰਦਾਨ ਕੀਤਾ।

**ਇਸਤਰੀ ਨੂੰ ਪੁਨਰ-ਵਿਆਹ ਕਰਵਾਉਣ ਦਾ ਹੱਕ:** ਸਿੱਖ ਗੁਰੂ ਸਾਹਿਬਾਨ ਨੇ ਜਿੱਥੇ ਇਸਤਰੀ ਜਾਤੀ ਉੱਪਰ ਧਰਮ ਦੀ ਆੜ ਵਿਚ ਥੋਪੀ ਗਈ 'ਸਤੀ ਪ੍ਰਥਾ' ਦਾ ਧਰਮ ਉਪਦੇਸ਼ਾਂ ਰਾਹੀਂ ਸਖ਼ਤ ਵਿਰੋਧ ਕੀਤਾ, ਉਥੇ ਹੀ ਇਸਤਰੀ ਨੂੰ ਪੁਨਰ-ਵਿਆਹ ਕਰਵਾਉਣ ਦਾ ਹੱਕ ਦੇਣਾ ਯੁੱਗ-ਪਲਟਾਊ ਕ੍ਰਾਂਤੀਕਾਰੀ ਵਿਚਾਰਧਾਰਾ ਸੀ। ਸਿੱਖ ਧਰਮ ਅੰਦਰ ਇਸਤਰੀ ਨੂੰ ਪੁਨਰ-ਵਿਆਹ ਦਾ ਹੱਕ ਮਿਲਣ ਨਾਲ ਇੱਕ ਤਾਂ ਇਸਤਰੀ ਦੀ ਸਤੀ ਹੋਣ ਤੋਂ ਜਾਨ ਬਚ ਗਈ, ਦੂਜਾ ਇਸਤਰੀ ਨੂੰ ਮਰਦ ਦੇ ਬਰਾਬਰ ਸਮਾਜਿਕ ਹੱਕ ਪ੍ਰਾਪਤ ਹੋ ਗਿਆ। ਇਤਿਹਾਸ ਅੰਦਰ ਇਹ ਵਰਤਾਰਾ ਪਹਿਲੀ ਵਾਰ ਇਸਤਰੀ ਦੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਦਾ ਆਧਾਰ ਬਣਿਆ।

**ਇਸਤਰੀ ਦੇ ਸਤਿਕਾਰ ਦੀਆਂ ਇਤਿਹਾਸਿਕ ਮਿਸਾਲਾਂ:** ਸਮਾਜ ਅੰਦਰ ਪ੍ਰਚੱਲਤ 'ਇਸਤਰੀ ਨੂੰ ਘਰ ਦੀ ਚਾਰਦੀਵਾਰੀ ਵਿਚ ਰੱਖਣ' ਦੀ ਸੋਚ ਦਾ ਖੰਡਨ ਕਰਦਿਆਂ ਸਿੱਖ ਗੁਰੂ ਸਾਹਿਬਾਨ ਨੇ ਅਮਲੀ ਰੂਪ ਵਿਚ ਗੁਰੂ-ਪਰਵਾਰ ਦੀਆਂ ਇਸਤਰੀਆਂ ਨੂੰ ਸਮਾਜਿਕ ਤੇ ਧਾਰਮਿਕ ਜ਼ਿੰਮੇਵਾਰੀਆਂ ਸੌਂਪ ਕੇ ਉਦਾਹਰਨਾਂ ਕਾਇਮ ਕੀਤੀਆਂ, ਜਿਸ ਤੋਂ ਪ੍ਰੇਰਣਾ ਲੈ ਕੇ ਆਮ ਸਿੱਖ ਇਸਤਰੀਆਂ ਵੀ ਸਮਾਜਿਕ ਤੇ ਧਾਰਮਿਕ ਤੌਰ 'ਤੇ ਕਾਰਜਸ਼ੀਲ ਹੋਈਆਂ। ਇਤਿਹਾਸ ਅੰਦਰ ਦਰਜ ਹੈ ਕਿ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਚਾਰ ਯਾਤਰਾ 'ਤੇ ਜਾਂਦੇ ਸਨ ਤਾਂ ਪਿੱਛੋਂ ਭੈਣ ਨਾਨਕੀ ਜੀ ਗੁਰੂ-ਪਰਵਾਰ ਦੀ ਜ਼ਿੰਮੇਵਾਰੀ ਸੰਭਾਲਦੇ ਸਨ, ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸੁਪਤਨੀ ਮਾਤਾ ਖੀਵੀ ਜੀ ਵੱਲੋਂ ਲੰਗਰ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ ਜਾਂਦੀ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਮਾਤਾ ਜੀ ਅਤੇ ਸੁਪਤਨੀ ਗੁਰੂ ਸਾਹਿਬ ਨਾਲ ਪ੍ਰਚਾਰ ਯਾਤਰਾਵਾਂ ਦੌਰਾਨ ਸਮਾਜਿਕ ਤੇ ਧਾਰਮਿਕ ਤੌਰ 'ਤੇ ਵਿਚਰਦੇ ਰਹੇ। ਗੁਰੂ ਸਾਹਿਬ ਵੱਲੋਂ ਸਿੱਖੀ ਪ੍ਰਚਾਰ ਲਈ ਥਾਪੀਆਂ ਗਈਆਂ ਮੰਜੀਆਂ ਤੇ ਪੀਹੜਿਆਂ ਦੀਆਂ ਮੁਖੀ ਵਜੋਂ ਕੁਝ ਇਸਤਰੀਆਂ ਨੂੰ ਮਿਲੀ ਧਾਰਮਿਕ

ਜ਼ਿੰਮੇਵਾਰੀ ਵਿਸ਼ਵ ਦੇ ਧਾਰਮਿਕ ਇਤਿਹਾਸ ਅੰਦਰ ਕ੍ਰਾਂਤੀਕਾਰੀ ਮਿਸਾਲ ਵਜੋਂ ਸਥਾਪਿਤ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖ਼ਾਲਸਾ ਸਾਜਣ ਸਮੇਂ ਤਿਆਰ ਕੀਤੀ ਗਈ ਖੰਡੇ-ਬਾਟੇ ਦੀ ਪਾਹੁਲ ਵਿਚ ਮਾਤਾ ਜੀਤੋ ਜੀ ਵੱਲੋਂ ਪਤਾਸੇ ਪਾਏ ਗਏ ਸਨ ਜੋ ਇਸਤਰੀ ਦੀ ਧਾਰਮਿਕ ਤੌਰ 'ਤੇ ਮਹੱਤਤਾ ਤੇ ਮਹਾਨਤਾ ਦਾ ਸਿਖ਼ਰ ਹੋ ਨਿਬੜਿਆ।

ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ ਬ੍ਰਾਹਮਣ ਫਰਿਆਦ ਲੈ ਕੇ ਆਏ ਕਿ ਉਨ੍ਹਾਂ ਦੀ ਬੇਟੀ ਦਾ ਡੋਲਾ ਮੁਗ਼ਲਾਂ ਨੇ ਲੁੱਟ ਲਿਆ ਹੈ ਤਾਂ ਗੁਰੂ ਜੀ ਨੇ ਆਪਣੇ ਵੱਡੇ ਸਪੁੱਤਰ ਬਾਬਾ ਅਜੀਤ ਸਿੰਘ ਤੇ ਭਾਈ ਉਦੈ ਸਿੰਘ ਨੂੰ ਉਸ ਪੁੱਤਰੀ ਨੂੰ ਬਚਾਉਣ ਲਈ ਭੇਜਿਆ ਅਤੇ ਸਿੰਘ ਉਸ ਨੂੰ ਬਚਾਅ ਕੇ ਲੈ ਆਏ। ਅਜਿਹੀਆਂ ਅਨੇਕਾਂ ਘਟਨਾਵਾਂ ਸਿੱਖ ਇਤਿਹਾਸ ਵਿਚ ਦਰਜ ਹਨ ਜਦੋਂ ਸਿੱਖਾਂ ਨੇ ਮੁਗ਼ਲਾਂ ਕੋਲੋਂ ਇਸਤਰੀਆਂ ਨੂੰ ਬਚਾਇਆ ਸੀ।

ਖ਼ਾਲਸਾ ਰਾਜ ਦੇ ਜਰਨੈਲ ਸਰਦਾਰ ਹਰੀ ਸਿੰਘ ਨਲਵਾ ਨੇ ਜਦੋਂ ਦੱਰਾ ਖ਼ੈਬਰ ਉੱਪਰ ਕਬਜ਼ਾ ਕੀਤਾ ਤਾਂ ਉਸ ਸਮੇਂ ਇਕ ਮੁਸਲਿਮ ਲੜਕੀ ਬਾਨੋ ਸਰਦਾਰ ਹਰੀ ਸਿੰਘ ਨਲੂਆ ਕੋਲ ਆਈ ਤੇ ਕਹਿਣ ਲੱਗੀ ਮੈਂ ਚਾਹੁੰਦੀ ਹਾਂ ਕਿ ਮੇਰੇ ਪੇਟ ਤੋਂ ਤੇਰੇ ਵਰਗਾ ਬਹਾਦਰ ਪੁੱਤਰ ਪੈਦਾ ਹੋਵੇ। ਸਰਦਾਰ ਹਰੀ ਸਿੰਘ ਨਲੂਆ ਨੇ ਉਸ ਨੂੰ ਕਿਹਾ ਕਿ ਪੁੱਤਰੀ ਮੈਂ ਸ਼ਾਦੀਸ਼ੁਦਾ ਹਾਂ ਅਤੇ ਮੇਰੇ ਬੱਚੇ ਵੀ ਹਨ ਤੂੰ ਇਥੋਂ ਚਲੀ ਜਾ। ਬਾਨੋ ਨੇ ਜਦੋਂ ਕਿਹਾ ਕਿ ਮੈਂ ਸੁਣਿਆ ਸੀ ਕਿ ਸਿੱਖਾਂ ਦੇ ਦਰ ਤੋਂ ਕਦੇ ਕੋਈ ਖਾਲੀ ਨਹੀਂ ਮੁੜਦਾ ਤਾਂ ਸਰਦਾਰ ਹਰੀ ਸਿੰਘ ਨਲੂਆ ਨੇ ਬਾਨੋ ਮੂਹਰੇ ਹੱਥ ਜੋੜ ਕੇ ਕਿਹਾ ਕਿ ਅੱਜ ਤੋਂ ਤੂੰ ਮੈਨੂੰ ਆਪਣਾ ਪੁੱਤਰ ਸਮਝ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਸਿੱਖ ਫ਼ੌਜ ਦੁਸ਼ਮਣਾਂ ਦੀਆਂ ਇਸਤਰੀਆਂ ਨਾਲ ਵੀ ਸਤਿਕਾਰ ਨਾਲ ਪੇਸ਼ ਆਉਂਦੀ ਸੀ। ਇਤਿਹਾਸ ਵਿਚ ਕਿਧਰੇ ਵੀ ਅਜਿਹਾ ਨਹੀਂ ਮਿਲਦਾ ਕਿ ਕਦੇ ਸਿੱਖ ਫ਼ੌਜ ਨੇ ਦੁਸ਼ਮਣ ਦੀ ਕਿਸੇ ਇਸਤਰੀ ਨਾਲ ਬਦਸਲੂਕੀ ਕੀਤੀ ਹੋਵੇ, ਕੁਕਰਮ ਤਾਂ ਦੂਰ ਦੀ ਗੱਲ ਰਹੀ। ਅਜਿਹੀਆਂ ਘਟਨਾਵਾਂ ਕੋਈ ਇੱਕਾ-ਦੁੱਕਾ ਨਹੀਂ ਸਗੋਂ ਅਨੇਕਾਂ ਦੀ ਗਿਣਤੀ ਵਿਚ ਵਾਪਰੀਆਂ ਸਨ ਜਦੋਂ ਸਿੱਖਾਂ ਨੇ ਇਸਤਰੀਆਂ ਦੇ ਸਤਿਕਾਰ ਵਿਚ ਮਿਸਾਲਾਂ ਕਾਇਮ ਕਰਕੇ ਇਤਿਹਾਸ ਸਿਰਜੇ ਸਨ।

**ਸਿੱਖ ਇਸਤਰੀਆਂ ਨੂੰ ਸ਼ਸਤਰਧਾਰੀ ਹੋਣ ਦਾ ਉਪਦੇਸ਼:** ਸਿੱਖ ਗੁਰੂ ਸਾਹਿਬਾਨ ਨੇ ਇਸਤਰੀ ਨੂੰ ਵੀ ਅੰਮ੍ਰਿਤ ਦੀ ਦਾਤ ਬਖਸ਼ਿਸ਼ ਕੀਤੀ ਅਤੇ ਸ਼ਸਤਰਧਾਰੀ ਬਣਾਇਆ। ਇਸਤਰੀ ਨੂੰ ਘਰ ਦੀ ਚਾਰਦੀਵਾਰੀ ਅੰਦਰ ਸੀਮਤ ਨਹੀਂ ਕੀਤਾ ਸਗੋਂ ਸ਼ਸਤਰਧਾਰੀ ਹੋ ਕੇ ਜਿੱਥੇ ਆਪਣੇ ਪਰਵਾਰ ਦੀ ਸਾਂਭ-ਸੰਭਾਲ ਕਰਨਾ ਸਿਖਾਇਆ, ਉੱਥੇ ਹੀ ਪਰਵਾਰ ਦੀ ਰੱਖਿਆ ਕਰਨ ਦੇ ਸਮਰੱਥ ਵੀ ਬਣਾਇਆ ਹੈ। ਜਿਨ੍ਹਾਂ ਇਸਤਰੀਆਂ ਨੂੰ ਨਿਰਬਲ, ਮਜ਼ਲੂਮ ਤੇ ਵਸਤੂਆਂ ਸਮਝਿਆ ਜਾਂਦਾ ਸੀ ਉਨ੍ਹਾਂ ਇਸਤਰੀਆਂ ਵੱਲੋਂ ਸ਼ਸਤਰਧਾਰੀ ਬਣ ਕੇ ਹਮਲਾਵਰਾਂ ਦਾ ਮੁਕਾਬਲਾ ਕਰਨਾ ਵਿਸ਼ਵ ਦੇ ਇਤਿਹਾਸ ਅੰਦਰ ਯੁੱਗ-ਪਲਟਾਊ ਵਰਤਾਰਾ ਹੋ ਨਿਬੜਿਆ। ਸਿੱਖ ਇਤਿਹਾਸ ਵਿਚ ਅਨੇਕਾਂ ਮਿਸਾਲਾਂ ਦਰਜ ਹਨ ਕਿ ਸ਼ਸਤਰਧਾਰੀ ਸਿੱਖ ਇਸਤਰੀਆਂ ਨੇ ਵੈਰੀਆਂ ਦੇ ਆਹੂ ਲਾਹ ਸੁੱਟੇ ਸਨ

ਅਤੇ ਇਸਤਰੀਆਂ ਅੰਦਰ ਅਜਿਹੀ ਜੰਗਜੂ-ਸੂਰਬੀਰਤਾ ਅੰਮ੍ਰਿਤ ਛਕ ਕੇ ਸ਼ਸਤਰਧਾਰੀ ਬਣਨ ਨਾਲ ਪੈਦਾ ਹੋਈ ਸੀ। ਸਿੱਖ ਇਤਿਹਾਸ ਵਿਚ ਸਿੱਖ ਇਸਤਰੀਆਂ ਦੀ ਬਹਾਦਰੀ ਤੇ ਸਿਆਣਪ ਬੇਮਿਸਾਲ ਰੂਪ ਵਿਚ ਦਰਜ ਹੈ।

ਇਹ ਠੀਕ ਹੈ ਕਿ ਸਿੱਖ ਇਤਿਹਾਸ ਅੰਦਰ ਦਰਜ ਉਨ੍ਹਾਂ ਜਾਂਬਾਜ਼ ਸਿੱਖ ਇਸਤਰੀਆਂ ਬਾਰੇ ਵੱਡੇ ਪੱਧਰ 'ਤੇ ਪ੍ਰਚਾਰ ਨਹੀਂ ਕੀਤਾ ਗਿਆ। ਅੱਜ ਵੀ ਇੰਝ ਜਾਪਦਾ ਹੈ ਜਿਵੇਂ ਇਤਿਹਾਸ ਵਿੱਚੋਂ ਵੀ ਮਰਦ-ਪ੍ਰਧਾਨਤਾ ਨੂੰ ਹੀ ਵਧੇਰੇ ਪ੍ਰਚਾਰਿਆ ਜਾਂਦਾ ਹੈ ਅਤੇ ਇਸਤਰੀਆਂ ਦੇ ਵਡਮੁੱਲੇ ਯੋਗਦਾਨ ਨੂੰ ਬਰਾਬਰਤਾ ਨਾਲ ਨਹੀਂ ਪ੍ਰਚਾਰਿਆ ਜਾਂਦਾ। ਪਰੰਤੂ ਸਿੱਖ ਅਰਦਾਸ ਵਿਚ ਦਰਜ ਪੰਕਤੀ- 'ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ' ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਇਤਿਹਾਸ ਅੰਦਰ ਸਿੱਖ ਇਸਤਰੀਆਂ ਨੇ ਵੀ ਧਰਮ ਲਈ ਵੱਡੇ ਪੱਧਰ 'ਤੇ ਕੁਰਬਾਨੀਆਂ ਦਿੱਤੀਆਂ ਸਨ। ਸਿੱਖ ਧਰਮ ਅੰਦਰ ਗੁਰੂ ਸਾਹਿਬ ਨੇ ਅਜਿਹੀ ਧਾਰਮਿਕ ਵਿਵਸਥਾ ਕਾਇਮ ਕੀਤੀ ਹੈ ਜਿਸ ਨੇ ਇਸਤਰੀ ਨੂੰ ਮਰਦ ਦੇ ਬਰਾਬਰ ਲਿਆ ਖੜ੍ਹਾ ਕਰ ਦਿੱਤਾ ਹੈ।

**ਸੋਸ਼ਲ ਮੀਡੀਆ ਉੱਪਰ ਇਸਤਰੀਆਂ ਦੀ ਦੁਰਦਸ਼ਾ-** ਸੋਸ਼ਲ ਮੀਡੀਆ ਉੱਪਰ ਫੈਲੀ ਲੱਚਰਤਾ ਤੋਂ ਕਈ ਸਿੱਖ ਇਸਤਰੀਆਂ ਪ੍ਰਭਾਵਿਤ ਹੋ ਚੁੱਕੀਆਂ ਹਨ ਅਤੇ ਕਈ ਤਾਂ ਲੱਚਰਤਾ ਫੈਲਾਉਣ ਵਿਚ ਮੋਹਰੀ ਬਣ ਰਹੀਆਂ ਹਨ। ਜਿਸ ਦੁਰਦਸ਼ਾ ਵਿੱਚੋਂ ਸਿੱਖ ਧਰਮ ਨੇ ਇਸਤਰੀ ਨੂੰ ਕੱਢਿਆ ਸੀ ਅੱਜ ਉਸੇ ਦੁਰਦਸ਼ਾ ਵਿਚ ਕਈ ਸਿੱਖ ਇਸਤਰੀਆਂ ਆਪਣੀ ਮਰਜ਼ੀ ਨਾਲ ਖ਼ਪਤ ਹੋ ਰਹੀਆਂ ਹਨ। ਇਹ ਕੌਮੀ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਇਹ ਵਰਤਾਰਾ ਜਿੱਥੇ ਗੁਰਮਤਿ ਦੀ ਉਲੰਘਣਾ ਹੈ, ਉੱਥੇ ਹੀ ਸਿੱਖ ਇਸਤਰੀ ਦੇ ਆਦਰਸ਼ਕ ਕਿਰਦਾਰ ਦੀ ਤਬਾਹੀ ਹੈ। ਜਿਸ ਬਾਰੇ ਸਮੁੱਚੀ ਸਿੱਖ ਕੌਮ ਨੂੰ ਇੱਕ ਜਾਗਰੂਕਤਾ ਲਹਿਰ ਖੜ੍ਹੀ ਕਰਨ ਦੀ ਲੋੜ ਹੈ ਤਾਂ ਜੋ ਭਟਕ ਚੁੱਕੀਆਂ ਉਨ੍ਹਾਂ ਸਿੱਖ ਇਸਤਰੀਆਂ ਦੀ ਘਰ-ਵਾਪਸੀ ਕਰਵਾਈ ਜਾ ਸਕੇ।

**ਸਿੱਖ ਇਸਤਰੀ ਆਪਣੀ ਜ਼ਿੰਮੇਵਾਰੀ ਪਛਾਣੇ:** ਅਜੋਕੇ ਸਮੇਂ ਫੈਮੀਨਿਜ਼ਮ ਦੇ ਪ੍ਰਭਾਵ ਅਧੀਨ ਕਈ ਸਿੱਖ ਇਸਤਰੀਆਂ ਦੇ ਸਿੱਖ ਧਰਮ ਦੀਆਂ ਸਿੱਖਿਆਵਾਂ ਪ੍ਰਤੀ ਬਾਗ਼ੀ ਸੁਰ ਦੇਖਣ-ਸੁਣਨ ਨੂੰ ਮਿਲਦੇ ਰਹਿੰਦੇ ਹਨ। ਇਸਦਾ ਮੁੱਖ ਕਾਰਨ ਹੈ ਕਿ ਜ਼ਿਆਦਾਤਰ ਸਿੱਖ ਇਸਤਰੀਆਂ ਗੁਰਬਾਣੀ ਤੇ ਸਿੱਖ ਇਤਿਹਾਸ ਨੂੰ ਪੜ੍ਹਨ ਤੋਂ ਦੂਰ ਜਾ ਰਹੀਆਂ ਹਨ। ਗੁਰਬਾਣੀ ਦੇ ਇਲਾਹੀ ਗਿਆਨ ਨਾਲ ਆਪਣਾ ਜੀਵਨ ਸੰਵਾਰਨ ਤੋਂ ਅਨੇਕਾਂ ਸਿੱਖ ਇਸਤਰੀਆਂ ਅਗਿਆਨੀ ਹੀ ਰਹਿ ਜਾਂਦੀਆਂ ਹਨ। ਅਕਸਰ ਇਹ ਦੇਖਿਆ ਜਾਂਦਾ ਹੈ ਕਿ ਬਹੁਤਾਤ ਸਿੱਖ ਇਸਤਰੀਆਂ ਕੌਮੀ ਮਸਲਿਆਂ ਦੀ ਜਾਣਕਾਰੀ ਲੈਣ ਅਤੇ ਗੁਰਮਤਿ ਸਿਧਾਂਤਾਂ ਬਾਰੇ ਪੜ੍ਹਨ-ਸਮਝਣ ਪ੍ਰਤੀ ਕੋਈ ਰੁਚੀ ਨਹੀਂ ਰੱਖਦੀਆਂ। ਅਨੇਕਾਂ ਸਿੱਖ ਇਸਤਰੀਆਂ ਸਿੱਖ ਰਹਿਤ ਮਰਯਾਦਾ ਅਨੁਸਾਰ ਰੀਤੀ-ਰਿਵਾਜ਼ ਆਦਿ ਨਿਭਾਉਣ ਵਿਚ ਵੱਡੀਆਂ ਗ਼ਲਤੀਆਂ ਕਰਦੀਆਂ

ਹਨ। ਇਸ ਵਰਤਾਰੇ ਪਿੱਛੇ ਵੱਡਾ ਕਸੂਰ ਸਿੱਖ ਇਸਤਰੀਆਂ ਦਾ ਆਪਣਾ ਹੈ।

ਅੱਜ ਲੋੜ ਹੈ ਕਿ ਸਿੱਖ ਇਸਤਰੀਆਂ ਆਪਣੇ ਵਡਮੁੱਲੇ ਇਤਿਹਾਸ ਤੋਂ ਪ੍ਰੇਰਣਾ ਲੈਣ ਅਤੇ ਕੌਮ ਪ੍ਰਤੀ ਆਪਣੀ ਬਣਦੀ ਜ਼ਿੰਮੇਵਾਰੀ ਨੂੰ ਪਛਾਣਦਿਆਂ ਢੁੱਕਵੇਂ ਕਾਰਜ ਕਰਨ। ਸਿੱਖ ਇਸਤਰੀਆਂ ਨੂੰ ਆਪਣੇ ਸੁਨਹਿਰੀ ਸਿੱਖ ਇਤਿਹਾਸ ਨੂੰ ਪੜ੍ਹਨਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਨੂੰ ਇਹ ਸਮਝ ਲੱਗ ਸਕੇ ਕਿ ਸਿੱਖ ਇਸਤਰੀ ਦਾ ਕਿਰਦਾਰ, ਆਦਰਸ਼ ਅਤੇ ਜੀਵਨ ਉਦੇਸ਼ ਹੋਰਨਾਂ ਇਸਤਰੀਆਂ ਨਾਲੋਂ ਬੇਹੱਦ ਉਚੇਰਾ ਤੇ ਮਹਾਨ ਹੈ।

ਸਿੱਖ ਇਤਿਹਾਸ ਅੰਦਰ ਝਾਤੀ ਮਾਰਿਆਂ ਅਨੇਕਾਂ ਸੂਰਬੀਰ ਸਿੱਖ ਇਸਤਰੀਆਂ ਦੇ ਦਰਸ਼ਨ ਹੋ ਜਾਂਦੇ ਹਨ ਜਿਨ੍ਹਾਂ ਨੇ ਆਪਣਾ ਪਰਵਾਰ ਪਾਲਦਿਆਂ ਕੌਮ ਦੀ ਰੱਖਿਆ ਲਈ ਤੇਗਾਂ ਵੀ ਸੂਤ ਲਈਆਂ ਅਤੇ ਬਹਾਦਰੀ ਦੇ ਝੰਡੇ ਗੱਡ ਦਿੱਤੇ। ਵਿਸ਼ਵ ਦਾ ਇਤਿਹਾਸ ਜੋ ਇਸਤਰੀਆਂ ਬਾਰੇ ਰਚਿਆ ਗਿਆ ਹੈ, ਉੱਪਰ ਝਾਤ ਮਾਰਨੀ ਚਾਹੀਦੀ ਹੈ ਕਿ ਕਿਵੇਂ ਇਸਤਰੀ ਨੂੰ ਨੀਵੇਂ ਪੱਧਰ 'ਤੇ ਰੱਖਿਆ ਜਾਂਦਾ ਸੀ ਅਤੇ ਅਜਿਹੇ ਸਮੇਂ ਗੁਰੂ ਸਾਹਿਬਾਨ ਨੇ ਇਸਤਰੀ ਨੂੰ ਉੱਚਾ ਹੀ ਨਹੀਂ ਚੁੱਕਿਆ ਬਲਕਿ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਉਪਦੇਸ਼ ਦਰਜ ਕਰਕੇ ਇਸਤਰੀ ਲਈ ਸਨਮਾਨਯੋਗ ਸਥਾਨ ਸਦੀਵਕਾਲ ਲਈ ਸਥਾਪਿਤ ਕਰ ਦਿੱਤਾ ਸੀ।

**ਫੈਮੀਨਿਜ਼ਮ ਵਿਚਾਰਧਾਰਾ ਬਨਾਮ ਸਿੱਖ ਵਿਚਾਰਧਾਰਾ-** ਇਸਤਰੀਆਂ ਦੇ ਹੱਕਾਂ ਲਈ ਫੈਮੀਨਿਜ਼ਮ ਵਿਚਾਰਧਾਰਾ ਦੇ ਸਥਾਪਿਤ ਹੋਣ ਦਾ ਕਾਰਨ ਇਸਤਰੀਆਂ ਨਾਲ ਧਾਰਮਿਕ ਤੇ ਸਮਾਜਿਕ ਰੂਪ ਵਿਚ ਕੀਤੇ ਜਾਂਦੇ ਵਿਤਕਰੇ ਸਨ। ਖ਼ਾਸਕਰ ਧਾਰਮਿਕ ਵਿਤਕਰਿਆਂ ਕਾਰਨ ਇਸਤਰੀਆਂ ਅੰਦਰ ਫੈਮੀਨਿਜ਼ਮ ਦੇ ਰੂਪ ਵਿਚ ਜ਼ੋਰਦਾਰ ਵਿਰੋਧ ਨੇ ਜਨਮ ਲਿਆ ਸੀ। ਭਾਵੇਂ ਕਿ ਫੈਮੀਨਿਜ਼ਮ ਵਿਚਾਰਧਾਰਾ ਨੇ ਇਸਤਰੀਆਂ ਦੇ ਹੱਕਾਂ ਪ੍ਰਤੀ ਜਾਗਰੂਕਤਾ ਪੈਦਾ ਕੀਤੀ ਹੈ ਪਰੰਤੂ ਅਨੇਕਾਂ ਇਸਤਰੀਆਂ ਇਸ ਵਿਚਾਰਧਾਰਕ ਅਖੌਤੀ ਅਜ਼ਾਦੀ ਦੀ ਆੜ ਵਿਚ ਸਮਾਜਿਕ, ਧਾਰਮਿਕ ਜਾਬਤੇ ਤੋਂ ਬਾਹਰ ਹੋ ਗਈਆਂ।

ਸਮਝਣਯੋਗ ਹੈ ਕਿ ਫੈਮੀਨਿਜ਼ਮ ਵਿਚਾਰਧਾਰਾ ਪੱਛਮੀ ਦੇਸ਼ਾਂ ਵਿਚ ਸਥਾਪਿਤ ਕੀਤੀ ਗਈ ਸੀ ਅਤੇ ਉੱਥੋਂ ਦੀਆਂ ਇਸਤਰੀਆਂ ਦੇ ਧਾਰਮਿਕ ਤੇ ਸਮਾਜਿਕ ਹਾਲਾਤ ਅਨੁਸਾਰ ਇਸ ਨੂੰ ਪਰਿਭਾਸ਼ਤ ਕੀਤਾ ਗਿਆ ਸੀ। ਦੂਜੇ ਪਾਸੇ ਸਿੱਖ ਧਰਮ ਅੰਦਰ ਇਸਤਰੀ ਨੂੰ ਉੱਚ-ਆਦਰਸ਼ਕ ਜੀਵਨ-ਜਾਚ ਤਕ ਪਹੁੰਚਾਉਣ ਦਾ ਉਦੇਸ਼ ਮੌਜੂਦ ਹੈ ਅਤੇ ਇਸ ਦੀ ਪ੍ਰਾਪਤੀ ਲਈ ਵਿਉਂਤਬੱਧ ਵਿਵਸਥਾ ਕਾਇਮ ਕੀਤੀ ਗਈ ਹੈ। ਧਰਮ ਦੇ ਮਾਰਗ ਉੱਪਰ ਚੱਲਦਿਆਂ ਉੱਚ-ਆਦਰਸ਼ਕ ਜੀਵਨ-ਜਾਚ ਪ੍ਰਾਪਤ ਕਰਨ ਦਾ ਅਧਿਕਾਰ ਮਰਦ ਤੇ ਇਸਤਰੀ ਦੋਨਾਂ ਨੂੰ ਬਰਾਬਰ ਹੈ।

ਉੱਪਰ ਦਿੱਤੇ ਗਏ ਵਿਸਥਾਰ ਤੋਂ ਸਪੱਸ਼ਟ ਹੁੰਦਾ ਹੈ ਕਿ ਸਿੱਖ ਇਸਤਰੀਆਂ ਨੂੰ ਸਿੱਖ ਧਰਮ ਅੰਦਰ ਧਾਰਮਿਕ ਅਤੇ ਸਮਾਜਿਕ ਰੂਪ ਵਿਚ ਬਰਾਬਰਤਾ ਵਾਲਾ ਸਥਾਨ ਅਰੰਭ ਤੋਂ ਹੀ ਮਿਲਿਆ ਹੋਇਆ ਹੈ। ਇਹ ਕਹਿਣਾ ਅਣ-ਉੱਚਿਤ ਨਹੀਂ ਹੋਵੇਗਾ

ਕਿ ਵਾਹਦ ਇੱਕ ਸਿੱਖ ਧਰਮ ਹੈ ਜਿਸ ਵਿਚ ਇਸਤਰੀ ਦੇ ਮਹੱਤਵ ਤੇ ਸਤਿਕਾਰ ਲਈ ਧਰਮ ਉਪਦੇਸ਼ ਦਰਜ ਕੀਤੇ ਗਏ ਹਨ, ਜੋ ਇਸ ਗੱਲ ਦਾ ਪ੍ਰਮਾਣ ਹਨ ਕਿ ਇਸਤਰੀ ਦੇ ਸਤਿਕਾਰ ਨੂੰ ਹਰ ਹਾਲ ਬਹਾਲ ਰੱਖਣਾ ਸਿੱਖ ਸਮਾਜ ਦਾ ਧਾਰਮਿਕ ਫਰਜ਼ ਹੈ। ਇਸ ਲਈ ਦੁਨੀਆ ਉੱਪਰ ਪ੍ਰਚੱਲਿਤ ਫੈਮੀਨਿਜ਼ਮ ਦੀ ਵਿਚਾਰਧਾਰਾ ਨਾਲ ਸਿੱਖ ਇਸਤਰੀ ਦਾ ਕੋਈ ਵਾਹ-ਵਾਸਤਾ ਨਹੀਂ ਹੋਣਾ ਚਾਹੀਦਾ ਕਿਉਂਕਿ ਸਿੱਖ ਵਿਚਾਰਧਾਰਾ, ਸਿੱਖ ਇਸਤਰੀ ਨੂੰ ਫੈਮੀਨਿਜ਼ਮ ਵਿਚਾਰਧਾਰਾ ਨਾਲੋਂ ਕਿਤੇ ਜ਼ਿਆਦਾ ਮਹੱਤਤਾ ਤੇ ਸਤਿਕਾਰ ਪ੍ਰਦਾਨ ਕਰਦੀ ਹੈ।

**ਤੱਤ-ਸਾਰ:** ਸਿੱਖ ਧਰਮ ਇੱਕ ਵਾਹਦ ਧਰਮ ਹੈ ਜਿਸ ਦੇ ਧਰਮ ਗ੍ਰੰਥ ਵਿਚ ਇਸਤਰੀ ਦੇ ਸਤਿਕਾਰ ਲਈ ਉਪਦੇਸ਼ ਦਰਜ ਕੀਤੇ ਗਏ ਹਨ। ਸਿੱਖ ਇਤਿਹਾਸ ਅੰਦਰ ਇਸਤਰੀਆਂ ਦੇ ਹੌਂਸਲੇ, ਬਹਾਦਰੀ, ਨਿੱਡਰਤਾ ਅਤੇ ਉੱਚ ਆਦਰਸ਼ਕ ਜੀਵਨ ਦੀਆਂ ਮਿਸਾਲਾਂ ਸਮਾਜ ਲਈ ਪ੍ਰੇਰਣਾ ਸਰੋਤ ਹਨ। ਸਿੱਖ ਗੁਰੂ ਸਾਹਿਬਾਨ ਨੇ ਭਾਰਤ ਅੰਦਰ ਇਸਤਰੀਆਂ ਦੇ ਸਤਿਕਾਰ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਧਾਰਮਿਕ ਤੌਰ 'ਤੇ ਇੱਕ ਕ੍ਰਾਂਤੀਕਾਰੀ ਵਿਚਾਰਧਾਰਾ ਦੀ ਸਥਾਪਨਾ ਕੀਤੀ। ਸਿੱਖੀ ਵਿਚਾਰਧਾਰਾ ਤੋਂ ਸ਼ਕਤੀ ਪ੍ਰਾਪਤ ਕਰ ਕੇ ਅਨੇਕਾਂ ਸੂਰਬੀਰ ਇਸਤਰੀਆਂ ਨੇ ਕੌਮ ਦੀ ਰੱਖਿਆ ਲਈ ਹਥਿਆਰਬੰਦ ਸੰਘਰਸ਼ ਕੀਤਾ। ਮੀਰ ਮੰਨੂੰ ਦੀ ਕੈਦ ਵਿਚ ਅਨੇਕਾਂ ਇਸਤਰੀਆਂ ਨੇ ਧਰਮ ਦੀ ਖ਼ਾਤਰ ਆਪਣੇ ਬੱਚੇ ਕੁਰਬਾਨ ਕਰ ਦਿੱਤੇ। ਸਿੱਖ ਇਤਿਹਾਸ ਸਿੱਖੀ ਨੂੰ ਕੇਸਾਂ-ਸੁਆਸਾਂ ਨਾਲ ਨਿਭਾਉਣ ਵਾਲੀਆਂ ਸਿੱਖ ਇਸਤਰੀਆਂ ਦੀ ਸੂਰਬੀਰ ਦਾਸਤਾਨ ਨਾਲ ਭਰਿਆ ਪਿਆ ਹੈ। ਇਤਿਹਾਸ ਅੰਦਰ ਦਰਜ ਮਹਾਨ ਸਿੱਖ ਇਸਤਰੀਆਂ ਦੀ ਮਹਾਨਤਾ ਨੂੰ ਉਜਾਗਰ ਕਰਦੀਆਂ ਕਿਤਾਬਾਂ ਜਿਵੇਂ ਕਿ 'ਪ੍ਰਸਿੱਧ ਸਿੱਖ ਬੀਬੀਆਂ' (ਲੇਖਕ ਬੀਬੀ ਸਿਮਰਨ ਕੌਰ), 'ਮਹਾਨ ਸਿੱਖ ਇਸਤਰੀਆਂ' (ਲੇਖਕ ਡਾ. ਰਾਜਿੰਦਰਜੀਤ ਕੌਰ ਢੀਂਡਸਾ) ਆਦਿ ਪੜ੍ਹਨਯੋਗ ਹਨ।

ਆਪਣੇ ਸ਼ਾਨਾਂਮੱਤੇ ਇਤਿਹਾਸ ਨੂੰ ਪੜ੍ਹ ਕੇ ਹਰੇਕ ਸਿੱਖ ਇਸਤਰੀ ਜਿੱਥੇ ਆਪਣੇ-ਆਪ ਉੱਪਰ ਮਾਣ ਮਹਿਸੂਸ ਕਰੇਗੀ, ਉੱਥੇ ਹੀ ਉਸਦੇ ਅੰਦਰ ਨਿੱਡਰਤਾ ਅਤੇ ਬਹਾਦਰੀ ਦੀ ਭਾਵਨਾ ਵੀ ਪ੍ਰਚੰਡ ਹੋਵੇਗੀ। ਉਸ ਨੂੰ ਅਹਿਸਾਸ ਹੋਵੇਗਾ ਕਿ ਉਹ ਅਜਿਹੀਆਂ ਮਹਾਨ ਸੂਰਬੀਰ ਇਸਤਰੀਆਂ ਦੀ ਵਾਰਿਸ ਹੈ ਜਿੰਨ੍ਹਾਂ ਨੇ ਤਿੱਖੀਆਂ ਤੇਗਾਂ ਨਾਲ ਹਮਲਾਵਰਾਂ ਦੀਆਂ ਭੀੜਾਂ ਦਾ ਮੁਕਾਬਲਾ ਕੀਤਾ ਸੀ। ਅੱਜ ਲੋੜ ਹੈ ਸਿੱਖ ਇਸਤਰੀਆਂ ਨੂੰ ਆਪਣੇ ਸੁਨਹਿਰੀ ਇਤਿਹਾਸ ਬਾਰੇ ਜਾਗਰੂਕ ਕਰਨ ਦੀ ਤਾਂ ਜੋ ਉਹ ਆਪਣੇ ਉੱਪਰ ਹੋ ਰਹੇ ਚਹੁੰ-ਤਰਫੀਂ ਹਮਲਿਆਂ ਦਾ ਮੂੰਹ ਤੋੜਵਾਂ ਜਵਾਬ ਦੇ ਸਕਣ। ਸਿੱਖ ਇਸਤਰੀਆਂ ਦੇ ਜਿਸ ਮਹੱਤਵ, ਕਿਰਦਾਰ ਤੇ ਸਤਿਕਾਰ ਦੀ ਗੱਲ ਪਾਵਨ ਗੁਰਬਾਣੀ ਕਰਦੀ ਹੈ ਉਸ ਨੂੰ ਜਿਉਂਦਾ ਰੱਖਣ ਲਈ ਸੰਜੀਦਾ ਯਤਨ ਕਰਨਾ ਸਮੁੱਚੀ ਸਿੱਖ ਕੌਮ ਦਾ ਧਾਰਮਿਕ ਫਰਜ਼ ਹੈ। ■

# ਬਸੰਤ ਅਤੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਾਤਸ਼ਾਹੀ ਨੌਵੀਂ

*-ਪ੍ਰੋ. ਨਵ ਸੰਗੀਤ ਸਿੰਘ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਰਾਮਕਲੀ ਮਹਲਾ ੫' ਵਿਚ 'ਰੁਤੀ' ਸਿਰਲੇਖ ਹੇਠ ਇਨ੍ਹਾਂ ਛੇ ਰੁੱਤਾਂ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਹੈ:-

੧. ਸਰਸ ਬਸੰਤ (ਬਸੰਤ) (ਚੇਤ-ਵੈਸਾਖ):

*ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੭)*

੨. ਗ੍ਰੀਖਮ (ਗਰਮੀ) (ਜੇਠ-ਹਾੜ੍ਹ):

*ਗ੍ਰੀਖਮ ਰੁਤਿ ਅਤਿ ਗਾਖੜੀ ਜੇਠ ਅਖਾੜੈ ਘਾਮ ਜੀਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੮)*

੩. ਬਰਸੁ (ਵਰਖਾ) (ਸਾਵਣ-ਭਾਦੋਂ):

*ਰੁਤਿ ਬਰਸੁ ਸੁਹੇਲੀਆ ਸਾਵਣ ਭਾਦਵੇ ਆਨੰਦ ਜੀਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੮)*

੪. ਸਰਦ (ਸਰਦੀ) (ਅੱਸੂ-ਕੱਤਕ):

*ਰੁਤਿ ਸਰਦ ਅਡੰਬਰੋ ਅਸੂ ਕਤਕੇ ਹਰਿ ਪਿਆਸ ਜੀਉ॥*

*ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੮)*

੫. ਸਿਸੀਅਰ (ਸਿਆਲ) (ਮੱਘਰ-ਪੋਹ):

*ਰੁਤਿ ਸਿਸੀਅਰ ਸੀਤਲ ਹਰਿ ਪ੍ਰਗਟੇ ਮੰਘਰ ਪੋਹਿ ਜੀਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੯)*

੬. ਹਿਮਕਰ (ਪਿਛੇਤਰੀ ਸਰਦੀ) (ਮਾਘ-ਫੱਗਣ):

*ਹਿਮਕਰ ਰੁਤਿ ਮਨਿ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੯)*

ਬਸੰਤ ਰੁੱਤ ਨੂੰ 'ਰਿਤੂ ਰਾਜ' ਯਾਨੀ ''ਰੁੱਤਾਂ ਦੀ ਰਾਣੀ'' ਕਿਹਾ ਜਾਂਦਾ ਹੈ। ਇਸ ਰੁੱਤ ਦਾ ਸਮਾਂ ਸ੍ਰੀ ਗੁਰੂ ਅਰਜਨ ਦੇਵ ਜੀ ਮੁਤਾਬਕ ਚੇਤ-ਵੈਸਾਖ ਹੈ। ਪੁਰਾਤਨ ਮਰਿਆਦਾ ਅਨੁਸਾਰ ਪੋਹ ਮਹੀਨੇ ਦੇ ਆਖ਼ਰੀ ਦਿਨ ਗੁਰਦੁਆਰਾ ਸਾਹਿਬਾਨ ਵਿਚ ਬਸੰਤ ਰਾਗ ਦੀ ਸ਼ੁਰੂਆਤ ਹੋ ਜਾਂਦੀ ਹੈ, ਜੋ ਕਿ ਹੋਲੇ-ਮਹੱਲੇ ਤਕ ਚੱਲਦੀ ਹੈ। ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਅਰਦਾਸੀਆ ਸਿੰਘ ਮਾਘੀ ਤੋਂ ਇੱਕ ਦਿਨ ਪਹਿਲਾਂ ਰਾਤ ਨੌਂ ਵਜੇ ਦੇ

** #੧, ਲਤਾ ਗਰੀਨ ਐਨਕਲੇਵ, ਪਟਿਆਲਾ-੧੪੭੦੦੨; ਮੋ. ੯੪੧੭੬੯੨੦੧੫*

ਕਰੀਬ ਗੁਰੂ-ਚਰਨਾਂ ਵਿਚ 'ਬਸੰਤ ਰਾਗ' ਸ਼ੁਰੂ ਕਰਨ ਦੀ ਆਗਿਆ ਲੈਂਦਾ ਹੈ ਤੇ ਫਿਰ ਕੀਰਤਨੀਏ ਸਿੰਘ ਸ਼ਬਦ ਦਾ 'ਬਸੰਤ ਰਾਗ' ਵਿਚ ਗਾਇਨ ਕਰਦੇ ਹਨ। ਇਸ ਤਰ੍ਹਾਂ ਹਰ ਰੋਜ਼ ਕੀਰਤਨੀਏ ਸਿੰਘ ਪਹਿਲਾ ਸ਼ਬਦ ਬਸੰਤ ਰਾਗ ਵਿੱਚੋਂ ਹੀ ਗਾਇਨ ਕਰਦੇ ਹਨ। ਹਰ ਕੀਰਤਨੀ ਜਥਾ 'ਬਸੰਤ ਕੀ ਵਾਰ ਮਹਲ ੫' ਦੀਆਂ ਪਉੜੀਆਂ ਦਾ ਗਾਇਨ ਵੀ ਕਰਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁੱਲ ੩੧ ਰਾਗ ਹਨ, ਜਿਨ੍ਹਾਂ ਵਿਚ ਬਸੰਤ ਰਾਗ ਵੀ ਸ਼ਾਮਲ ਹੈ, ਜਿਸ ਦਾ ਜ਼ਿਕਰ ਕ੍ਰਮ ੨੫ ਉੱਤੇ ਆਉਂਦਾ ਹੈ। ਇਹ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਨਾ ਨੰ ੧੧੬੮ ਤੋਂ ੧੧੯੬ ਤਕ ਸੁਭਾਇਮਾਨ ਹੈ। ਬਸੰਤ ਰੁੱਤ ਦੇ ਪ੍ਰਥਾਇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੁਝ ਪੰਕਤੀਆਂ ਵੇਖਣਯੋਗ ਹਨ:

- *ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੬੮)*
- *ਰੁਤਿ ਆਈਲੇ ਸਰਸ ਬਸੰਤ ਮਾਹਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੬੮)*
- *ਮਾਹਾ ਰੁਤੀ ਮਹਿ ਸਦ ਬਸੰਤੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੭੨)*
- *ਬਨਸਪਤਿ ਮਉਲੀ ਚੜਿਆ ਬਸੰਤੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੭੬)*
- *ਮਉਲੀ ਧਰਤੀ ਮਉਲਿਆ ਅਕਾਸੁ॥*
  *ਘਟਿ ਘਟਿ ਮਉਲਿਆ ਆਤਮ ਪ੍ਰਗਾਸੁ॥੧॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੯੩)*

ਬਸੰਤ ਰੁੱਤ ਵਿਚ ਵਾਤਾਵਰਨ ਅਕਸਰ ਸੁਹਾਵਣਾ ਹੁੰਦਾ ਹੈ। ਭਾਵ ਕਿ ਨਾ ਬਹੁਤੀ ਸਰਦੀ, ਨਾ ਬਹੁਤੀ ਗਰਮੀ। ਇਸੇ ਲਈ ਕਿਹਾ ਜਾਂਦਾ ਹੈ - "ਆਈ ਬਸੰਤ ਪਾਲ਼ਾ ਉਡੰਤ।" ਇਸ ਰੁੱਤ ਦੀ ਵਿਸ਼ੇਸ਼ਤਾ ਹੈ - ਮੌਸਮ ਦਾ ਥੋੜ੍ਹਾ ਜਿਹਾ ਗਰਮ ਹੋਣਾ, ਫੁੱਲਾਂ ਦਾ ਖਿੜਨਾ, ਪੌਦਿਆਂ ਦਾ ਹਰਾ-ਭਰਾ ਹੋਣਾ ਅਤੇ ਬਰਫ਼ ਦਾ ਪਿਘਲਣਾ। ਇਹ ਇੱਕ ਸੰਤੁਲਿਤ ਮੌਸਮ ਹੈ। ਇਸ ਮੌਸਮ ਵਿਚ ਚਾਰੇ ਪਾਸੇ ਹਰਿਆਲੀ ਹੁੰਦੀ ਹੈ। ਰੁੱਖਾਂ 'ਤੇ ਨਵੇਂ ਪੱਤੇ ਆਉਂਦੇ ਹਨ। ਸੁਹਾਵਣਾ ਮੌਸਮ ਹੋਣ ਕਰਕੇ ਕਈ ਲੋਕ ਬਾਗ਼ਾਂ ਤੇ ਦੂਰ-ਦੁਰਾਡੀਆਂ ਥਾਂਵਾਂ 'ਤੇ ਪ੍ਰਕਿਰਤੀ ਦਾ ਅਨੰਦ ਮਾਣਨ ਲਈ ਜਾਂਦੇ ਹਨ। ਭਾਰਤ ਦਾ ਤਿਉਹਾਰ ਹੋਲੀ ਬਸੰਤ ਰੁੱਤ ਵਿਚ ਹੀ ਮਨਾਇਆ ਜਾਂਦਾ ਹੈ।

ਭਾਰਤੀ ਸੰਗੀਤ, ਗੁਰਬਾਣੀ ਸੰਗੀਤ, ਸਾਹਿਤ ਅਤੇ ਕਲਾ ਵਿਚ ਬਸੰਤ ਦਾ ਮਹੱਤਵਪੂਰਨ ਸਥਾਨ ਹੈ। ਸੰਗੀਤ ਵਿਚ ਖਾਸ ਰਾਗ ਬਸੰਤ ਦੇ ਨਾਂ 'ਤੇ ਵੀ ਹੈ, ਜਿਸ ਨੂੰ 'ਰਾਗ ਬਸੰਤ' ਕਹਿੰਦੇ ਹਨ। ਬਸੰਤ ਰਾਗ 'ਤੇ ਚਿੱਤਰ ਵੀ ਬਣਾਏ ਹੋਏ ਮਿਲਦੇ ਹਨ। ਇਸ ਤੋਂ ਇਲਾਵਾ ਭਾਰਤੀ ਕਵਿਤਾ ਵਿਚ ਬਸੰਤ 'ਤੇ ਕਾਫੀ ਕੁਝ ਲਿਖਿਆ ਮਿਲਦਾ ਹੈ।

ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਾਤਸ਼ਾਹੀ ਨੌਵੀਂ, ਪਟਿਆਲਾ ਵਿਖੇ ਬਸੰਤ ਪੰਚਮੀ ਦਾ ਆਪਣਾ ਹੀ ਜਲੌਅ ਹੈ। ਉਂਜ ਤਾਂ ਇੱਥੇ ਹਰ ਮਹੀਨੇ ਦੀ ਪੰਚਮੀ ਨੂੰ ਸੰਗਤ ਬੜੀ ਹੁੰਮ ਹੁੰਮਾ ਕੇ ਪਹੁੰਚਦੀ ਹੈ ਤੇ ਨਤਮਸਤਕ ਹੁੰਦੀ ਹੈ, ਪਰ ਏਥੇ ਬਸੰਤ ਪੰਚਮੀ ਦਾ ਸਾਲਾਨਾ ਜੋੜ-ਮੇਲ ਬੜੀ ਸ਼ਰਧਾ ਤੇ ਸਤਿਕਾਰ ਨਾਲ ਵਿਸ਼ੇਸ਼ ਰੂਪ ਵਿਚ ਮਨਾਇਆ ਜਾਂਦਾ ਹੈ। ਬਸੰਤ ਪੰਚਮੀ ਵਾਲੇ ਦਿਨ ਸੰਗਤ ਪਿਛਲੀ ਅੱਧੀ ਰਾਤ ਤੋਂ

ਹੀ ਵੱਡੀ ਗਿਣਤੀ ਵਿਚ ਇੱਥੇ ਪਹੁੰਚ ਕੇ ਨਤਮਸਤਕ ਹੁੰਦੀ ਹੈ। ਇਸ ਦੌਰਾਨ ਗੁਰਦੁਆਰਾ ਸਾਹਿਬ ਵਿਖੇ ਕਵੀ ਦਰਬਾਰ, ਗੁਰਮਤਿ ਸਮਾਗਮ, ਢਾਡੀ ਦਰਬਾਰ ਅਤੇ ਬਸੰਤ ਰਾਗ ਕੀਰਤਨ ਦਰਬਾਰ ਕਰਵਾਇਆ ਜਾਂਦਾ ਹੈ। ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ ਬਸੰਤ ਪੰਚਮੀ ਦੀ ਇਸ ਲਈ ਵੀ ਮਹੱਤਤਾ ਵੀ ਹੈ ਕਿਉਂਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੇ ਹੁਕਮਨਾਮੇ (ਜੋ ਹੁਣ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ ਸੁਸ਼ੋਭਿਤ ਹੈ) ਰਾਹੀਂ ਏਥੇ (ਜੋ ਉਦੋਂ ਲਹਿਲ ਪਿੰਡ ਸੀ) ਬਸੰਤ ਪੰਚਮੀ ਦਾ ਤਿਉਹਾਰ ਮਨਾਏ ਜਾਣ ਦੇ ਆਦੇਸ਼ ਦਿੱਤੇ ਸਨ। ਇਸ ਹੁਕਮਨਾਮੇ ਦਾ ਮੂਲ ਖਰੜਾ ਇਸ ਪ੍ਰਕਾਰ ਹੈ:

*ੴ ਸਤਿਗੁਰ ਪ੍ਰਸਾਦਿ॥ ਹੁਕਮਨਾਮਾ ੴ ਅਕਾਲ ਜੀ ਸਹਾਏ*

*ਸ੍ਰੀ ਗੁਰੂ ਤੇਗ ਬਹਾਦਰ ਜੀ ਸਾਹਿਬ ਨੂੰ ਭਾਗ ਰਾਮ ਝਿਉਰ ਬੇਨਤੀ ਕਰਤ ਭਇ ਜੀ ਲਾਹਲ ਗਾਵੇਂ ਬਿਮਾਰੀ ਜਾਂਦੀ ਨਹੀਂ ਸਚੇ ਸਾਹਿਬ ਸਫਾਬਾਦ ਤੋਂ ਉਠ ਕੇ ਲਾਹਲ ਗਾਵੇਂ ਦੇ ਪਹਾੜ ਓਰ ਕਰੀਬਣ ਸਤ ਆਠ ਸੌ ਤੌਰ ਬੋਹੜ ਦੇ ਤਲੇ ਆਣ ਬਰਾਜਤ ਭਏ, ਯੀਹਾਂ ਟੋਬੜ ਮੇ ਚਰਨ ਧੋਬਤ ਭਏ, ਹੁਕਮ ਹੋਇਆ ਏਥੇ ਜੋ ਕੋਈ ਰੋਗੀ ਸ਼ਰਧਾ ਸਹਿਤ ਅਸ਼ਨਾਨ ਕਰੇਗਾ ਉਸ ਦੇ ਸਭੇ ਰੋਗ ਖੰਡੀਏਂਗੇ। ਇਥੇ ਥੜਾ ਬਣਾਉ, ਲੰਗਰ ਚਲਾਉ। ਹੁਕਮ ਹੋਇਆ ਜੋ ਏਥੇ ਬਸੰਤ ਪੰਚਮੀ ਨੂੰ ਅਸ਼ਨਾਨ ਕਰੇਗਾ, ਉਸ ਨੂੰ ਸਭ ਤੀਰਥਾਂ ਦਾ ਫ਼ਲ ਪਰਾਪਤ ਹੋਏਗਾ। ਸੰਗਤ ਬੇਨਤੀ ਕਰਤ ਭਈ ਜੀ ਇਥੇ ਅਬਾਦੀ ਹੁੰਦੀ ਨਹੀਂ ਅਬਾਦੀ ਹੋਵੇ ਜੀ ਹੁਕਮ ਹੋਇਆ ਏਥੇ ਰੌਣਕ ਬਹੁਤ ਹੋਵੇਗੀ। ਏਥੇ ਗੁਰਸਿਖ ਹੋਸੀ ਰਾਜਧਾਨ, ਸੇਵਾ ਕਰਸੀ ਗੁਰਧਾਮ, ਉਗਾ ਹੋਸੀ ਸਭ ਜਹਾਨ, ਜੋ ਕੋਈ ਸੇਵ ਕਮਾਵੈ ਮਨਬਾਂਛਤ ਫਲ ਪਾਵੈ। ਕਰਮਾਂ ਦੇਵੀ ਖਤਰਾਣੀ ਚਰਨੀ ਡਿਗੀ ਜੀ ਅਠਰਾਏ ਨਾਲ ਬਾਲ ਸ਼ਾਂਤ ਹੋ ਜਾਂਦੈ ਹੈ ਜੀ ਹੁਕਮ ਹੋਇਆ ਏਥੇ ਅਸ਼ਨਾਨ ਕਰ ਸੋ ਦੂਰ ਹੋਸੀ, ਕੋਈ ਰੋਗ ਨਾ ਰਹਿਸੀ, ਏਥੇ ਦਿਨ ਖੋੜਸ ਮਾਘ ਸ਼ੁਕਲ ਪੰਚਮੀ ਸਤਾਰਾਂ ਸੌ ਅਠਾਈਸ ਸਭ ਸੰਗਤ ਕੋ ਖੁਸ਼ੀ ਕਰਤ ਭਏ। ਜੋ ਹੁਕਮ ਨਾਮੇ ਦੇ ਦਰਸ਼ਨ ਪਾਵੇਗਾ ਸੋ ਮੇਰੇ ਦਰਸ਼ਨ ਪਾਵੇਗਾ ਗੁਰਧਾਮ ਕੋ ਜਾਵੇਗਾ ਸਭ ਸੁਖ ਪਾਵੇਗਾ ਜਮ ਧਾਮ ਨਾ ਜਾਵੇਗਾ। ਸਮਾਪਤੰ॥*

ਇਸ ਪ੍ਰਕਾਰ ਬਸੰਤ ਪੰਚਮੀ ਪਟਿਆਲਾ ਦੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਾਤਸ਼ਾਹੀ ਨੌਵੀਂ ਵਿਖੇ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਗੁਰਮਤਿ ਅਨੁਸਾਰ ਮਨਾਈ ਜਾਂਦੀ ਹੈ। ■

# ਸਿੱਖਾਂ ਦੀ ਧਰਮ ਯੁੱਧ ਕਲਾ: ਗਤਕਾ

*-ਸ. ਮੋਹਨ ਸਿੰਘ ਉਰਲਾਣਾ**

ਸਿੱਖਾਂ ਦੀ ਧਰਮ ਯੁੱਧ ਕਲਾ ਗਤਕਾ ਦੀ ਸਾਰੀ ਦੁਨੀਆ ਵਿਚ ਇਕ ਵੱਖਰੀ ਪਹਿਚਾਣ ਹੈ। ਇਸ ਨੇ ਜੰਗੀ ਹੁਨਰ ਵਿਚ ਸੰਸਾਰ ਪੱਧਰ 'ਤੇ ਜੋ ਪ੍ਰਾਪਤੀਆਂ ਕੀਤੀਆਂ ਉਸ ਬਾਰੇ ਜਾਣਕਾਰੀ ਇਸ ਪ੍ਰਕਾਰ ਹੈ:

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦਾ ਸਿੱਖ ਹਿਰਦਿਆਂ ਅੰਦਰ ਬੜਾ ਰੋਸ ਪੈਦਾ ਹੋਇਆ। ਦਸਵੇਂ ਪਾਤਸ਼ਾਹ ਜੀ ਨੇ ਗੁਰਿਆਈ ਸੰਭਾਲਦਿਆਂ ਸਿੱਖ ਧਰਮ ਦੇ ਅਭਿਆਸ ਲਈ ਅਖਾੜਾ ਕਾਇਮ ਕੀਤਾ ਜਿਸ ਵਿਚ ਯੁੱਧ ਕਲਾ ਦੀ ਸਿਖਲਾਈ ਅਤੇ ਸ਼ਸਤਰਾਂ ਦਾ ਅਭਿਆਸ ਕਰਵਾਇਆ ਜਾਣ ਲੱਗਾ। ਗੁਰੂ ਜੀ ਨੇ ਵਡ-ਆਕਾਰੀ ਰਣਜੀਤ ਨਗਾਰਾ ਵਜਾ ਕੇ ਜੱਦੀ ਪੁਸ਼ਤੀ ਆ ਰਹੇ ਰਾਜਿਆਂ ਨੂੰ ਵੰਗਾਰਿਆ। ਹਜ਼ੂਰ ਨੇ ਚੱਲੀ ਆ ਰਹੀ ਮਰਯਾਦਾ ਵਿਚ ਤਬਦੀਲੀ ਕਰਨ ਹਿੱਤ ਸਿੱਖੀ ਦੀ ਪਰਖ ਕਰਦਿਆਂ ਪੰਜ ਆਗਿਆਕਾਰੀ ਸਿੱਖਾਂ ਦੀ ਚੋਣ ਕੀਤੀ। ਉਨ੍ਹਾਂ ਨੂੰ ਇੱਕੋ ਤਰ੍ਹਾਂ ਦੇ ਸੁੰਦਰ ਤੇ ਕੀਮਤੀ ਬਾਣੇ ਪਹਿਨਾ ਕੇ ਸਰਬ ਲੋਹ ਦੇ ਬਾਟੇ ਵਿਚ ਜਲ ਤੇ ਪਤਾਸੇ ਪਾ ਕੇ ਪੰਜ ਬਾਣੀਆਂ ਦਾ ਪਾਠ ਕਰਦਿਆਂ ਹੋਇਆਂ ਉਸ ਵਿਚ ਆਕਰਖਣ ਸ਼ਕਤੀ, ਪ੍ਰੇਮਾ-ਭਾਵ ਭਰ ਕੇ ਮ੍ਰਿਤੂ ਰਹਿਤ ਅੰਮ੍ਰਿਤ ਤਿਆਰ ਕਰ ਕੇ ਛਕਾਇਆ ਤੇ ਉਨ੍ਹਾਂ ਨੂੰ ਸਿੱਖ ਤੋਂ ਸਿੰਘ ਸਾਜਿਆ। ਇਹ ਪੰਜ ਕਕਾਰਧਾਰੀ ਖਾਲਸਾ ਅਖਵਾਇਆ ਫਿਰ ਜਾਚਨਾ ਕਰਕੇ ਆਪ ਉਨ੍ਹਾਂ ਤੋਂ ਅੰਮ੍ਰਿਤ-ਪਾਨ ਕਰ ਕੇ— *ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ* ਅਖਵਾਇਆ। ਹਜ਼ੂਰ ਨੇ ਚੱਲੀ ਆ ਰਹੀ ਚਰਨ ਪਾਹੁਲ ਹਮੇਸ਼ਾਂ ਲਈ ਹਟਾ ਕੇ ਖੰਡੇ ਦੀ ਪਾਹੁਲ ਦੀ ਮਰਯਾਦਾ ਪੱਕੇ ਤੌਰ 'ਤੇ ਲਾਗੂ ਕਰ ਕੇ ਸਾਜੇ ਖਾਲਸੇ ਨੂੰ ਸਿੱਧਾ ਆਪਣੇ ਸੰਪਰਕ ਵਿਚ ਲਿਆਂਦਾ ਉਸ ਨੂੰ ਮਸੰਦਾਂ ਦੀ ਸਹਲੰਗੀ ਮਰਯਾਦਾ ਤੋਂ ਅਜ਼ਾਦ ਕੀਤਾ।

ਸ਼ਾਸਤਰ ਦੇ ਨਾਲ ਸ਼ਸਤਰ ਵਿੱਦਿਆ ਦੀ ਸਿਖਲਾਈ ਵੀ ਲਾਜ਼ਮੀ ਕੀਤੀ। ਸਾਰੇ ਸਿੱਖ ਅੰਮ੍ਰਿਤ ਛਕ ਕੇ ਸਿੰਘ ਸਜਣ ਤੇ ਸ਼ਸਤਰਾਂ ਤੇ ਗਤਕੇ ਦਾ ਅਭਿਆਸ ਕਰਕੇ ਯੁੱਧ ਵਿੱਦਿਆ ਵਿਚ ਪ੍ਰਬੀਨ ਹੋਣ।

**ਪਰਿਭਾਸ਼ਾ**

ਸਿੱਖਾਂ ਦੀ ਧਰਮ ਯੁੱਧ ਕਲਾ ਦਾ ਅੰਗ ਗਤਕਾ ਹੈ ਜੋ ਮਨੁੱਖੀ ਕਦਰਾਂ-ਕੀਮਤਾਂ ਦਾ ਸਤਿਕਾਰ ਕਰਨ, ਭੈ ਰਹਿਤ ਰਹਿਣ ਤੇ ਨਿਸ਼ਕਾਮਤਾ ਵਾਲੀ, ਗੁਰਮਤਿ ਅਨੁਸਾਰੀ ਜੀਵਨ-ਜਾਚ ਸਿਖਾਉਂਦਾ ਹੈ। ਗਤਕਾ ਸ਼ਬਦ ਦੇ ਤ੍ਰੈ ਅੱਖਰਾਂ ਦਾ ਅਰਥ 'ਗ' ਅੱਖਰ ਦਾ

**#ਐਲ ੬/੯੦੫, ਗਲੀ ਨੰ:੩/੪ ਨਿਊ ਸ਼ਹੀਦ ਊਧਮ ਸਿੰਘ ਨਗਰ, ਸ੍ਰੀ ਅੰਮ੍ਰਿਤਸਰ-੧੪੩੦੦੬; ਮੋ:੯੭੭੯੬੦੮੦੫੦*

ਗਤੀ ਅਥਵਾ ਚਾਲ, 'ਤ' ਅੱਖਰ ਦਾ ਤਾਲਮੇਲ ਅਤੇ 'ਕ' ਅੱਖਰ ਦਾ ਕਾਲ ਭਾਵ ਸਮਾਂ ਕੀਤਾ ਜਾਂਦਾ ਹੈ। ਜਿਸ ਦਾ ਮਤਲਬ ਹੈ ਕਿ ਜਦ ਗਤਕਾ ਖੇਡਦਿਆਂ ਰਫ਼ਤਾਰ, ਸ਼ਸਤਰ ਦਾ ਪੈਂਤਰੇ ਨਾਲ ਤਾਲਮੇਲ ਅਤੇ ਰੋਕਣ ਤੇ ਠੋਕਣ ਵੇਲੇ ਸਮੇਂ ਦਾ ਸਹੀ ਖਿਆਲ ਰੱਖਣਾ ਅਤਿਅੰਤ ਜ਼ਰੂਰੀ ਹੈ। ਉਪਰੋਕਤ ਵਿਚਾਰ ਸੀਨਾ-ਬ-ਸੀਨਾ ਚੱਲੀ ਆ ਰਹੀ ਹੈ।

ਗਤਕੇ ਦੇ ਇਸ ਤਿੰਨ ਹੱਥ ਲੰਮੇ ਡੰਡੇ ਦੀ ਮੋਟਾਈ ਪੌਣਾ ਇੰਚ ਤੇ ਵਜ਼ਨ ਅੱਧਾ ਕਿਲੋਗ੍ਰਾਮ ਹੋਣਾ ਚਾਹੀਦਾ ਹੈ। ਇਸ ਦੀ ਮੁੱਠ ਉੱਪਰ ਸੋਟੀ ਵਾਲੇ ਪਾਸੇ ਲੱਗੇ ਵੱਡੇ ਲਾਟੂ ਨੂੰ ਪਰਜ ਕਿਹਾ ਜਾਂਦਾ ਹੈ ਜਿਸ ਦੇ ਉੱਤੇ ਨਰਮ ਜੇਹੀ ਫੋਮ ਲਾਈ ਜਾਂਦੀ ਹੈ ਤਾਂ ਕਿ ਲੱਕੜ ਦੀ ਰਗੜ ਹੱਥ ਨੂੰ ਨਾ ਲੱਗੇ। ਹੱਥ ਦੇ ਬਾਹਰਲੇ ਪਾਸੇ ਲੱਕੜ ਦਾ ਛੋਟਾ ਲਾਟੂ ਲਾਇਆ ਜਾਂਦਾ ਹੈ। ਵੱਡੇ ਲਾਟੂ ਦੇ ਵਿਚਕਾਰ ਤੇ ਛੋਟੇ ਦੇ ਬਾਹਰਲੇ ਪਾਸੇ ਬਾਂਸ ਆਦਿਕ ਦੇ ਗੁੱਜੇ ਲਾ ਕੇ ਇਨ੍ਹਾਂ ਨੂੰ ਸੋਟੀ ਦੇ ਨਾਲ ਪੂਰੀ ਤਰ੍ਹਾਂ ਜੋੜਿਆ ਜਾਂਦਾ ਹੈ। ਚਮੜੇ ਦਾ ਖੋਲ ਹੱਥ ਦੀ ਰਖਵਾਲੀ ਲਈ ਰੱਖਿਆ-ਕਵਚ ਦਾ ਕੰਮ ਕਰਦਾ ਹੈ। ਸਾਰੀ ਸੋਟੀ ਉੱਤੇ ਨਵਾਰ ਦਾ ਕਪੜਾ ਚਾੜ੍ਹਿਆ ਜਾਂਦਾ ਹੈ। ਇਸ ਸੋਟੀ ਨੂੰ ਗਤਕਾ ਕਹੀਦਾ ਹੈ।

**ਪੈਂਤਰਾ**

ਗਤਕੇ ਦਾ ਮੁੱਢਲਾ ਸ਼ਬਦ ਪੈਂਤਰਾ ਹੈ, ਇਸ ਨੂੰ ਪੈਂਤੜਾ ਅਥਵਾ ਪਾਇਤਾ ਵੀ ਕਿਹਾ ਜਾਂਦਾ ਹੈ। ਇਸ ਲਈ ਇਹ ਨਿਯਮ ਹੈ ਕਿ ਗਤਕਈ ਪੈਰਾਂ ਨੂੰ ਜ਼ਮੀਨ 'ਤੇ ਜੰਮਾ ਕੇ ਰੱਖਣ ਜਾਂ ਵਿਸ਼ੇਸ਼ ਕਦਮ ਚਾਲ ਚੱਲ ਕੇ ਸ਼ਸਤਰ ਚਲਾਉਣ ਜਾਂ ਬਚਾਅ ਕਰਨ ਲਈ ਸਾਵਧਾਨ ਰਹਿਣ ਤੇ ਸਹੀ ਪੈਂਤਰੇ ਦੀ ਵਰਤੋਂ ਕਰਨ। ਜੇਕਰ ਖੇਡਿਆ ਜਾਣ ਵਾਲਾ ਪੈਂਤਰਾ ਸ਼ਸਤਰ ਨਾਲ ਮੇਲ ਨਾ ਖਾਂਦਾ ਹੋਵੇ ਤਾਂ ਸ਼ਸਤਰ-ਚਾਲਕ ਨੂੰ ਫੱਟੜ ਵੀ ਕਰ ਸਕਦਾ ਹੈ। ਪਹਿਨੇ ਜਾਣ ਵਾਲੇ ਚੋਲੇ ਦੀ ਹਰ ਚੀਜ਼ ਵੀ ਪੈਂਤਰੇ ਵਿਚ ਹੁੰਦੀ ਹੈ ਤੇ ਨਿਹੰਗ ਸਿੰਘਾਂ ਵੱਲੋਂ ਵਰਤੇ ਜਾਣ ਵਾਲੇ ਬੋਲੇ ਵੀ ਪੈਂਤਰੇ ਦਾ ਹਿੱਸਾ ਹੁੰਦੇ ਹਨ।

ਗਤਕੇ ਦੀ ਸਿਖਲਾਈ ਦੇਣ ਸਮੇਂ ਸਭ ਤੋਂ ਪਹਿਲਾਂ ਪੈਂਤਰੇ ਦਾ ਪਹਿਲਾ ਅੰਗ ਘੁਰੇ ਅਥਵਾ ਚਾਰ ਪੈਰ ਦਾ ਪੈਂਤਰਾ ਹੀ ਸਿਖਾਇਆ ਜਾਂਦਾ ਹੈ। ਪਹਿਲਾ, ਦੂਜਾ ਤੇ ਤੀਜਾ ਪੈਂਤਰਾ ਸੋਟੀ ਚਲਾਉਣ ਦੇ ਕੰਮ ਆਉਂਦਾ ਹੈ। ਇਨ੍ਹਾਂ ਨੂੰ ਸਿੱਖਣ ਤੋਂ ਮਗਰੋਂ ਹੀ ਸ਼ਗਿਰਦ ਸ਼ਸਤਰ ਨੂੰ ਹੱਥ ਲਾ ਸਕਦਾ ਹੈ। ਉਸਤਾਦ ਆਪਣੇ ਸ਼ਗਿਰਦਾਂ ਨੂੰ ਵੱਖੋ-ਵੱਖਰੀ ਕਿਸਮ ਦੇ ਪੈਂਤਰੇ ਸਿਖਾਲ ਕੇ ਸ਼ਸਤਰ ਕਲਾ ਵਿਚ ਪੂਰਨ ਰੂਪ ਵਿਚ ਸਿੱਖਿਅਤ ਕਰਦੇ ਹਨ ਜਿਨ੍ਹਾਂ ਬਾਰੇ ਜਾਣਕਾਰੀ ਇਸ ਪ੍ਰਕਾਰ ਹੈ:

ਅੱਗੇ-ਪਿੱਛੇ ਦਾ, ਸੱਜੇ-ਖੱਬੇ ਦਾ, ਚੜ੍ਹਾਈ-ਉਤਰਾਈ ਦਾ ਤੇ ਪੁੱਠੇ-ਸਿੱਧੇ ਦਾ। ਅੱਧੇ ਪੈਰ ਦਾ, ਇਕ ਪੈਰ ਦਾ, ਡੇਢ ਪੈਰ ਦਾ, ਦੋ ਪੈਰ ਦਾ, ਢਾਈ ਪੈਰ ਦਾ, ਤਿੰਨ ਪੈਰ ਦਾ ਅਤੇ ਜੰਗੀ ਪੈਂਤਰਾ। ਇਹ ਸਾਰੇ ਪੈਂਤਰੇ ਸ਼ਸਤਰ ਚਲਾਉਣ, ਵਾਰ ਕਰਨ ਜਾਂ ਵਾਰ ਰੋਕਣ ਲਈ ਵਰਤੇ ਜਾਂਦੇ ਹਨ। ਪ੍ਰੰਤੂ ਸ਼ਸਤਰਾਂ ਨੂੰ ਸਲਾਮੀ ਦੇਣ ਵਾਲੇ ਪੈਂਤਰਿਆਂ ਨੂੰ ਪੈਂਤਰਾ ਚਾਲ ਕਿਹਾ ਜਾਂਦਾ ਹੈ। ਜਿਹੜੇ ਵੱਖ-ਵੱਖ ਚਾਲਾਂ 'ਤੇ ਆਧਾਰਤ ਹੁੰਦੇ ਹਨ ਜਿਵੇਂ ਕਿ ਸ਼ੇਰ ਚਾਲ

ਪੈਂਤਰਾ, ਘੋੜ ਚਾਲ ਪੈਂਤਰਾ, ਬਾਘ ਚਾਲ ਪੈਂਤਰਾ, ਪਤਾਸਾ ਚਾਲ ਪੈਂਤਰਾ, ਡੱਡੂ ਚਾਲ ਪੈਂਤਰਾ, ਨਾਗ ਵਲ ਪੈਂਤਰਾ ਤੇ ਭਲਵਾਨੀ ਪੈਂਤਰਾ ਆਦਿ।

**ਘੁਰੇ**

ਚਾਰ ਪੈਰ ਦੇ ਪੈਂਤੜੇ ਨੂੰ ਘੁਰੇ ਕਿਹਾ ਜਾਂਦਾ ਹੈ, ਸਾਰੇ ਸ਼ਸਤਰ ਚਲਾਉਣ ਦੀ ਜੁਗਤੀ ਇਨ੍ਹਾਂ ਘੁਰਿਆਂ ਵਿਚ ਹੀ ਹੁੰਦੀ ਹੈ ਕਿਉਂਕਿ ਸਾਰੇ ਸ਼ਸਤਰਾਂ ਦੇ ਸਾਰੇ ਹੀ ਵਾਰ ਪੈਂਤੜੇ ਵਿਚ ਹੀ ਕੀਤੇ ਤੇ ਰੋਕੇ ਜਾਂਦੇ ਹਨ ਤੇ ਉਹ ਪੈਂਤਰਾ ਇਹ ਘੁਰੇ ਹੀ ਹਨ। ਜਿਹੜਾ ਗਤਕਾ ਸਿੱਖਣ ਵਾਲਾ ਖਿਡਾਰੀ ਇਨ੍ਹਾਂ ਸਾਰੇ ਘੁਰਿਆਂ ਦੇ ਪੈਂਤਰੇ ਸਿੱਖਣ ਵਿਚ ਪੂਰੀ ਮੁਹਾਰਤ ਹਾਸਲ ਕਰ ਲਵੇਗਾ ਉਹ ਹੀ ਸਾਰੇ ਸ਼ਸਤਰਾਂ ਨੂੰ ਬੜੀ ਆਸਾਨੀ ਨਾਲ ਚਲਾਉਣ ਅਤੇ ਰੋਕਣ ਵਿਚ ਪ੍ਰਬੀਨ ਹੋ ਜਾਵੇਗਾ।

**ਨਿਯਮ**

ਗਤਕਾ ਸਿੱਖ ਪੰਥ ਦੀ ਧਾਰਮਿਕ ਯੁੱਧ ਵਿੱਦਿਆ ਹੈ ਇਸ ਦੀ ਸਿੱਖਿਆ ਪ੍ਰਾਪਤ ਕਰਨ ਵਾਲਾ ਅੰਮ੍ਰਿਤਧਾਰੀ ਹੋਣਾ ਚਾਹੀਦਾ ਹੈ ਤੇ ਉਸ ਦਾ ਬਾਣਾ ਵੀ ਪੰਥਕ ਸਿਰ ’ਤੇ ਦਸਤਾਰ ਅਤੇ ਗਲ਼ ਚੋਲਾ ਹੋਣਾ ਚਾਹੀਦਾ ਹੈ। ਇਸ ਸਿੱਖੀ ਲਿਬਾਸ ਵਾਲਾ ਵਿਦਿਆਰਥੀ ਹੀ ਗਤਕੇ ਦੀ ਸਿਖਲਾਈ ਲੈ ਸਕਦਾ ਹੈ। ਇਹ ਰਵਾਇਤ ਗੁਰੂ ਕਾਲ ਤੋਂ ਹੀ ਤੁਰੀ ਆਉਂਦੀ ਹੈ ਤੇ ਇਸ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ੨੩ ਨਵੰਬਰ ਸੰਨ ੨੦੧੨ ਈਸਵੀ ਵਿਚ ਵੀ ਆਦੇਸ਼ ਜਾਰੀ ਕੀਤਾ ਗਿਆ ਹੈ।

ਗਤਕਾ ਸਿੱਖਣ ਦੀ ਚਾਹਨਾ ਵਾਲੇ ਨੂੰ ਗਤਕੇ ਦੇ ਅਖਾੜੇ ਦਾ ਮੁਖੀਆ ਇਹ ਸਿੱਖਿਆ ਦਿੰਦਾ ਹੈ:-

“ਸ਼ਸਤਰ ਹਮੇਸ਼ਾਂ ਗਰੀਬਾਂ, ਨਿਤਾਣਿਆਂ, ਮਜ਼ਲੂਮਾਂ, ਔਰਤਾਂ, ਬੱਚਿਆਂ, ਬਜ਼ੁਰਗਾਂ ਦੀ ਰੱਖਿਆ ਵਾਸਤੇ ਹੀ ਵਰਤਣਾ ਹੈ।”

ਸਿਖਿਆਰਥੀ ਦੀ ਸਹਿਮਤੀ ’ਤੇ ਉਸਤਾਦ ਉਸ ਨੂੰ ਆਪਣਾ ਸ਼ਗਿਰਦ ਬਣਾਉਂਦਾ ਹੈ ਤੇ ਉਸ ਨੂੰ ਭੁਜੰਗੀ ਕਿਹਾ ਜਾਂਦਾ ਹੈ। ਭੁਜੰਗੀ ਉਸਤਾਦ ਨੂੰ ਦਸਤਾਰ ਭੇਟ ਕਰਕੇ ਉਸ ਤੋਂ ਆਸ਼ੀਰਵਾਦ ਲੈਂਦਾ ਹੈ। ਸ਼ਗਿਰਦ ਵੱਲੋਂ ਲਿਆਂਦਾ ਕੜਾਹ ਪਰਸ਼ਾਦ ਆਦਿਕ ਸ਼ਸਤਰਾਂ ਕੋਲ ਸਜਾ ਕੇ ਉਸ ਦੀ ਸਿਖਲਾਈ ਦੀ ਅਰਦਾਸ ਕੀਤੀ ਜਾਂਦੀ ਹੈ ਇਹ ਰਵਾਇਤ ਪੁਰਾਤਨ ਤੁਰੀ ਆ ਰਹੀ ਹੈ।

**ਸਿਖਲਾਈ**

ਤਖ਼ਤ ਪੋਸ਼, ਮੰਜੇ ਜਾਂ ਕਿਸੇ ਉੱਚੀ ਥਾਂ ’ਤੇ ਬਸਤਰ ਵਿਛਾ ਕੇ ਉਸ ਉੱਪਰ ਇਹ ਸ਼ਸਤਰ ਸਤਿਕਾਰ ਸਹਿਤ ਸਜਾਏ ਜਾਂਦੇ ਹਨ-

ਗਤਕਾ, ਛੋਟੀ ਢਾਲ, ਕਿਰਪਾਨ, ਵੱਡੀ ਢਾਲ, ਚੱਕਰ, ਖੰਡਾ, ਖੰਜਰ ਅਤੇ ਬਰਛਾ ਆਦਿਕ। ਮੂਲ ਮੰਤ੍ਰ, ਚੌਪਈ ਸਾਹਿਬ ਆਦਿਕ ਪੜ੍ਹ ਕੇ ਅਰਦਾਸ ਕਰ ਕੇ ਸ਼ਸਤਰ ਵਿੱਦਿਆ ਦੀ ਸਿਖਲਾਈ ਆਰੰਭ ਕੀਤੀ ਜਾਂਦੀ ਹੈ।

ਅਖਾੜੇ ਵਿਚ ਆ ਕੇ ਖਿਡਾਰੀ ਜੁੱਸੇ ਗਰਮਾਉਣ ਲਈ ਦੰਡ ਬੈਠਕਾਂ ਕੱਢਦੇ ਤੇ ਦੌੜਾਂ ਲਾਉਂਦੇ ਹਨ। ਸ਼ਸਤਰ ਚੁੱਕਣ ਤੋਂ ਪਹਿਲਾਂ ਤੇ ਮਗਰੋਂ ਗਤਕਈ ਸ਼ਸਤਰਾਂ ਨੂੰ ਸਲਾਮੀ ਦੇਂਦਾ ਹੈ ਜਿਹੜੀ ਸਲਾਮੀ ਪੈਂਤੜੇ ਅਨੁਸਾਰ ਹੁੰਦੀ ਹੈ। ਸ਼ਸਤਰ ਫੜਣ 'ਤੇ ਧਰਨ ਸਮੇਂ ਸ਼ਸਤਰ ਨੂੰ ਨਮਸਕਾਰ ਕੀਤੀ ਜਾਂਦੀ ਹੈ। ਸ਼ਸਤਰ ਵਿੱਦਿਆ ਦੇ ਕਰਤੱਬ ਵਿਖਾਉਣ ਸਮੇਂ ਰਵਾਇਤੀ ਛੰਦਾ ਬੰਦੀ ਵੀ ਨਾਲ-ਨਾਲ ਪੜ੍ਹੀ ਜਾਂਦੀ ਹੈ। ਇਸ ਦੌਰਾਨ ਜ਼ਿਆਦਾਤਰ ਖ਼ਾਲਸਈ ਬੋਲਿਆਂ ਦੀ ਵਰਤੋਂ ਹੀ ਕੀਤੀ ਜਾਂਦੀ ਹੈ।

## ਪ੍ਰਾਪਤੀਆਂ

ਗਤਕੇ ਦੀ ਸਿਖਲਾਈ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਅਰੰਭ ਹੋਈ। ਓਦੋਂ ਤੋਂ ਲੈ ਕੇ ਹੁਣ ਤੱਕ ਇਸ ਨੇ ਬੜੀਆਂ ਪ੍ਰਾਪਤੀਆਂ ਕੀਤੀਆਂ ਹਨ। ਇਸ ਨੇ ਐਸੀ ਜੰਗੀ ਜੋਧੇ ਤਿਆਰ ਕੀਤੇ ਜਿਨ੍ਹਾਂ ਨੇ ਆਪਣੀ ਬਹਾਦਰੀ ਦੇ ਅਦਭੁੱਤ ਕਾਰਨਾਮੇ ਕਰਕੇ ਸਿੱਖ ਪੰਥ ਦਾ ਨਾਂ ਰੋਸ਼ਨ ਕੀਤਾ। ਜਿਨ੍ਹਾਂ ਵਿਚ ਬਾਬਾ ਦੀਪ ਸਿੰਘ ਜੀ ਤੇ ਜਥੇਦਾਰ ਬਾਬਾ ਫੂਲਾ ਸਿੰਘ ਜੀ ਅਕਾਲੀ ਦੇ ਨਾਮ ਜ਼ਿਕਰਯੋਗ ਹਨ। ਸਰਦਾਰ ਹਰੀ ਸਿੰਘ ਜੀ ਨੇ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦੀ ਵਾਗਡੋਰ ਸੰਭਾਲ ਕੇ ਬਹਾਦਰੀ ਦੇ ਅਦੁੱਤੀ ਜੌਹਰ ਦਿਖਾਏ ਜਿਸ ਬਾਰੇ ਸਾਰਾ ਸੰਸਾਰ ਜਾਣਦਾ ਹੈ।

ਇਸ ਤੋਂ ਇਲਾਵਾ ਨਿਹੰਗ ਸਿੰਘ ਦਲਾਂ, ਬਾਬਾ ਚੇਤ ਸਿੰਘ ਜੀ ਬੁੱਢਾ ਦਲ, ਬਾਬਾ ਸੋਹਣ ਸਿੰਘ ਜੀ ਸੁਰਸਿੰਘ, ਬਾਬਾ ਬਿਸ਼ਨ ਸਿੰਘ ਜੀ ਬਾਬਾ ਬਕਾਲਾ ਅਤੇ ਭਿੰਡਰਾਂ ਵਾਲੀ ਸੰਪ੍ਰਦਾ ਵਿਚ ਜਥੇਦਾਰ ਭਾਈ ਰਾਮ ਸਿੰਘ ਜੀ ਜੇਠੂਵਾਲ, ਬਾਬਾ ਮੱਸਾ ਸਿੰਘ ਜੀ ਸਭਰਾਵਾਂ, ਗਿਆਨੀ ਸਵਰਨ ਸਿੰਘ ਜੀ ਬਿੱਲਾ, ਭਾਈ ਨੈਬ ਸਿੰਘ ਜੀ ਰੋਡੇ ਆਦਿਕ ਤੇ ਹੋਰ ਵੀ ਸੰਪ੍ਰਦਾਵਾਂ ਦਲਾਂ, ਅਖਾੜਿਆਂ ਵਿਚ ਬਹੁਤ ਤਜ਼ਰਬੇਕਾਰ ਗਤਕਈ ਕਾਰਜਸ਼ੀਲ ਰਹੇ ਹਨ ਤੇ ਹੁਣ ਵੀ ਯਤਨਸ਼ੀਲ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼੍ਰੋਮਣੀ ਗਤਕਾ ਫੈਡਰੇਸ਼ਨ ਆਫ਼ ਇੰਡੀਆ ਦੀ ਸਥਾਪਨਾ ਕੀਤੀ ਗਈ ਹੈ, ਜਿਸ ਵਿਚ ਬਹੁਤ ਸਾਰੇ ਪੰਥਕ ਅਖਾੜੇ ਵੀ ਸ਼ਾਮਲ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਪ੍ਰਬੰਧ ਅਧੀਨ ਵਿੱਦਿਅਕ ਅਦਾਰਿਆਂ ਵਿਚ ਗਤਕਾ ਸਿਖਲਾਈ ਲਾਜ਼ਮੀ ਕੀਤੀ ਹੋਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਿੰਨ ਸੌ ਸਾਲਾ ਗੁਰਤਾਗੱਦੀ ਦਿਵਸ 'ਤੇ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗਤਕਾ ਫੈਡਰੇਸ਼ਨ ਦੇ ਸਹਿਯੋਗ ਨਾਲ ਬੜਾ ਕਾਮਯਾਬ ਇੰਟਰਨੈਸ਼ਨਲ ਗਤਕਾ ਮੁਕਾਬਲਾ ਕਰਵਾਇਆ, ਜਿਸ ਵਿਚ ਅਮਰੀਕਾ, ਇੰਗਲੈਂਡ, ਕੈਨੇਡਾ ਤੇ ਮਲੇਸ਼ੀਆ ਦੀਆਂ ਟੀਮਾਂ ਵੀ ਸ਼ਾਮਲ ਹੋਈਆਂ। ਸ੍ਰੀ ਅਨੰਦਪੁਰ ਸਾਹਿਬ ਤੇ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਵੀ ਸਾਲਾਨਾ ਵਿਸ਼ਾਲ ਪੱਧਰ ਦਾ 'ਇੰਟਰਨੈਸ਼ਨਲ ਗਤਕਾ ਕੈਂਪ' ਜਿੱਤਣ ਲਈ ਸਿੰਘਾਂ ਤੇ ਬੀਬੀਆਂ ਦੇ ਪ੍ਰਤੀਯੋਗਤਾ ਮੁਕਾਬਲੇ ਕਰਵਾਏ ਜਾਂਦੇ ਹਨ।

ਇਸ ਤੋਂ ਇਲਾਵਾ ਹੋਰ ਪੰਥਕ ਗਤਕਾ ਪਾਰਟੀਆਂ ਵੀ ਸਮੇਂ ਸਮੇਂ ਸਿਰ ਸ਼ਾਮਲ ਹੋ ਕੇ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਦੀਆਂ ਹਨ। ਗੁਰੂ ਜੀ ਕਿਰਪਾ ਕਰਨ ਤੇ ਇਹ ਖੇਡ ਜਿਹੜੀ ਸਿੱਖ ਧਰਮ ਦਾ ਜ਼ਰੂਰੀ ਅੰਗ ਹੈ ਬੁਲੰਦੀਆਂ 'ਤੇ ਪਹੁੰਚੇ।

■

# ਮਾਰਚ ਅਤੇ ਅਪ੍ਰੈਲ ੨੦੨੫ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ

| | |
|---|---|
| ਅਰੰਭਤਾ ਸੰਮਤ ਨਾਨਕਸ਼ਾਹੀ | ੦੧ ਚੇਤ ੧੪ ਮਾਰਚ |
| ਸ਼ਹੀਦੀ ਦਿਹਾੜਾ ਜਥੇਦਾਰ ਅਕਾਲੀ ਫੂਲਾ ਸਿੰਘ ਜੀ | ੦੧ ਚੇਤ ੧੪ ਮਾਰਚ |
| ਹੋਲਾ ਮਹੱਲਾ | ੦੨ ਚੇਤ ੧੫ ਮਾਰਚ |
| ਸ. ਬਘੇਲ ਸਿੰਘ ਵੱਲੋਂ ਦਿੱਲੀ ਫਤਿਹ | ੦੨ ਚੇਤ ੧੫ ਮਾਰਚ |
| ਸ਼ਹੀਦੀ ਦਿਹਾੜਾ ਸ. ਭਗਤ ਸਿੰਘ | ੧੦ ਚੇਤ ੨੩ ਮਾਰਚ |
| ਸ਼ਹੀਦੀ ਦਿਹਾੜਾ ਭਾਈ ਸੁਬੇਗ ਸਿੰਘ ਭਾਈ ਸ਼ਾਹਬਾਜ ਸਿੰਘ | ੧੨ ਚੇਤ ੨੫ ਮਾਰਚ |
| ਗੁਰਿਆਈ ਦਿਵਸ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | ੧੪ ਚੇਤ ੨੭ ਮਾਰਚ |
| ਗੁਰਿਆਈ ਦਿਵਸ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ | ੧੭ ਚੇਤ ੩੦ ਮਾਰਚ |
| ਜੋਤੀ ਜੋਤਿ ਦਿਵਸ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ | ੧੯ ਚੇਤ ੧ ਅਪ੍ਰੈਲ |
| ਜੋਤੀ ਜੋਤਿ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | ੨੦ ਚੇਤ ੨ ਅਪ੍ਰੈਲ |
| ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ | ੨੭ ਚੇਤ ੦੯ ਅਪ੍ਰੈਲ |
| ਗੁਰਿਆਈ ਦਿਵਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | ੨੯ ਚੇਤ ੧੧ ਅਪ੍ਰੈਲ |
| ਜੋਤੀ ਜੋਤਿ ਦਿਵਸ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | ੨੯ ਚੇਤ ੧੧ ਅਪ੍ਰੈਲ |
| ਖਾਲਸਾ ਸਾਜਣਾ ਦਿਵਸ (ਵੈਸਾਖੀ) | ੦੧ ਵੈਸਾਖ ੧੩ ਅਪ੍ਰੈਲ |
| ਸਿੱਖ ਦਸਤਾਰ ਦਿਵਸ | ੦੧ ਵੈਸਾਖ ੧੩ ਅਪ੍ਰੈਲ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | ੦੬ ਵੈਸਾਖ ੧੮ ਅਪ੍ਰੈਲ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ | ੦੮ ਵੈਸਾਖ ੨੦ ਅਪ੍ਰੈਲ |
| ਜਨਮ ਦਿਹਾੜਾ ਭਗਤ ਧੰਨਾ ਜੀ | ੦੮ ਵੈਸਾਖ ੨੦ ਅਪ੍ਰੈਲ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ | ੧੬ ਵੈਸਾਖ ੨੮ ਅਪ੍ਰੈਲ |
| **ਪੂਰਨਮਾਸੀ** | ੦੧ ਚੇਤ ੧੪ ਮਾਰਚ |
| **ਸੰਗਰਾਂਦ** | ੦੧ ਚੇਤ ੧੪ ਮਾਰਚ |
| **ਮੱਸਿਆ** | ੧੬ ਚੇਤ ੨੯ ਮਾਰਚ |
| **ਪੂਰਨਮਾਸੀ** | ੩੦ ਚੇਤ ੧੨ ਅਪ੍ਰੈਲ |
| **ਸੰਗਰਾਂਦ** | ੦੧ ਵੈਸਾਖ ੧੩ ਅਪ੍ਰੈਲ |
| **ਮੱਸਿਆ** | ੧੫ ਵੈਸਾਖ ੨੭ ਅਪ੍ਰੈਲ |

ਫਰਵਰੀ ੨੦੨੫ ਦਾ ਬਾਕੀ:

# ਇਤਿਹਾਸ ਸਿੱਖ ਰਹਿਤ ਮਰਯਾਦਾ
## (ਰਹਿਤਨਾਮਿਆਂ ਤੋਂ ਸਿੱਖ ਰਹਿਤ ਮਰਯਾਦਾ ਤਕ ਦਾ ਸਫ਼ਰ)

*-ਸ. ਗੁਰਚਰਨਜੀਤ ਸਿੰਘ ਲਾਂਬਾ**

ਇਸ ਤਰ੍ਹਾਂ ਇਸ ਪੰਥਕ ਸਮਾਗਮ ਵਿਚ ੧੭੦ ਨੁਮਾਇੰਦਿਆਂ ਨੇ ਹਾਜ਼ਰੀ ਭਰੀ। ਇਸ ਦੀ ਅਰੰਭਤਾ ਦਾ ਅਰਦਾਸਾ ਸ੍ਰੀ ਨਨਕਾਣਾ ਸਾਹਿਬ ਜੀ ਦੇ ਹੈਡ ਗ੍ਰੰਥੀ ਸੰਤ ਤੇਜਾ ਸਿੰਘ ਜੀ ਨੇ ਸੋਧਿਆ। ਇਸ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮਨਾਮਾ ਲਿਆ ਗਿਆ, ਜਿਸ ਦੀ ਪਹਿਲੀ ਤੁਕ ਸੀ:-

ਧਨਾਸਰੀ ਮਹਲਾ ੧ ਛੰਤ

*ੴ ਸਤਿਗੁਰ ਪ੍ਰਸਾਦਿ॥*

*ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥*

*ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੮੭)*

ਇਸ ਵਿਚ ਪ੍ਰੋਫੈਸਰ ਤੇਜਾ ਸਿੰਘ ਜੀ ਨੇ ਰਹੁਰੀਤ ਸਬ-ਕਮੇਟੀ ਦੀ ਰੀਪੋਰਟ ਸੁਣਾਈ ਅਤੇ ਸਮਾਗਮ ਨੂੰ ਸੰਬੋਧਨ ਕੀਤਾ ਕਿ ਕਈ ਸੱਜਣ ਅਤੇ ਜਥੇ ਭਾਵੇਂ ਰਹਿਤ ਮਰਯਾਦਾ ਨੀਯਤ ਕਰਨ ਦੇ ਮਾਮਲੇ ਨੂੰ ਲਮਕਾਣਾ ਚਾਹੁੰਦੇ ਹਨ, ਪਰ ਇਸ ਦੇ ਪਾਸ ਕਰਨ ਦੀ ਸਖਤ ਜ਼ਰੂਰਤ ਹੈ, ਨਹੀਂ ਤਾਂ ਸਾਡੀ ਰਹਿਤ ਮਰਯਾਦਾ ਇੱਕ ਨਾ ਹੋਣ ਕਰਕੇ ਅਸੀਂ ਬਹੁਤ ਹਾਸੋ ਹੀਣੇ ਹੋ ਰਹੇ ਹਾਂ। ਸਾਡਾ ਯਤਨ ਇਹ ਹੋਣਾ ਚਾਹੀਦਾ ਹੈ ਕਿ ਅਸੀਂ ਜੋ ਕੁਝ ਪਾਸ ਕਰੀਏ ਚੰਗੀ ਤੋਂ ਚੰਗੀ ਸ਼ਕਲ ਵਿਚ ਪਾਸ ਕਰੀਏ।

ਉਪਰੰਤ ਕਾਰਵਾਈ ਸ਼ੁਰੂ ਹੋਣ 'ਤੇ ਪ੍ਰੋਫੈਸਰ ਜੋਧ ਸਿੰਘ ਜੀ ਨੇ ਮੰਗ ਕੀਤੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ੧੩-੧੫ ਮਾਰਚ, ੧੯੨੭ ਦਾ ਉਹ ਗੁਰਮਤਾ ਸੁਣਾਇਆ ਜਾਵੇ, ਜਿਸ ਅਨੁਸਾਰ ਇਹ ਖਰੜਾ ਤਿਆਰ ਹੋ ਰਿਹਾ ਹੈ। ਇਸ 'ਤੇ ਉਹ ਗੁਰਮਤਾ ਪੜ੍ਹ ਕੇ ਸੁਣਾਇਆ ਗਿਆ ਜੋ ਇਸ ਤਰ੍ਹਾਂ ਹੈ :

"ਉਪਰੰਤ ਜਥੇਦਾਰ ਤੇਜਾ ਸਿੰਘ ਜੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤਜਵੀਜ਼ 'ਤੇ ਸ. ਰਵੇਲ ਸਿੰਘ ਜੀ ਦੀ ਤਾਈਦ ਕਰਨ ਉਤੇ ਸਰਬ-ਸੰਮਤੀ ਨਾਲ ਪਾਸ ਹੋਇਆ ਕਿ ਕਈਆਂ ਕਾਰਨਾਂ ਕਰਕੇ ਸਿੱਖ ਰਹਿਤ ਮਰਯਾਦਾ ਸੰਬੰਧੀ ਮੱਤ-ਭੇਦ ਪੈਦਾ ਹੋ ਗਏ ਹਨ ਤੇ ਹੁੰਦੇ ਜਾ ਰਹੇ ਹਨ, ਇਸ ਲਈ ਹੇਠ ਲਿਖੇ ਵਿਦਵਾਨਾਂ ਦੀ ਇਕ ਸਬ- ਕਮੇਟੀ ਬਣਾਈ ਗਈ ਜੋ ਰਹਿਤਨਾਮਿਆਂ ਤੇ ਹੋਰ ਗੁਰਮਤਿ ਗ੍ਰੰਥਾਂ ਤੋਂ ਮੁਖੀਆਂ ਦੀ ਰਾਇ ਨਾਲ ਗੁਰਮਤਿ ਦੀ ਰਹੁ-ਰੀਤੀ ਦਾ ਖਰੜਾ ਤਿਆਰ ਕਰ ਕੇ ਛੇਤੀ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਵਿਚਾਰ ਲਈ ਪੇਸ਼ ਕਰੇ।"

** New Jersey. USA. Mo: +1 9736990950 Email: santsipahi@gmail.com*

ਇਸ ਇਕੱਤਰਤਾ ਵਿਚ ਪ੍ਰੋਫੈਸਰ ਜੋਧ ਸਿੰਘ ਜੀ ਨੇ ਦਿਲਚਸਪ ਰਾਇ ਦਿੱਤੀ ਕਿ ਇਸ ਗੁਰਮਤੇ ਮੁਤਾਬਕ ਇਹ ਸਮਾਗਮ ਸਿਰਫ਼ ਗੁਰਦੁਆਰਿਆਂ ਦੀ ਮਰਯਾਦਾ ਦਾ ਫ਼ੈਸਲਾ ਕਰ ਸਕਦਾ ਹੈ। ਪ੍ਰੋਫੈਸਰ ਤੇਜਾ ਸਿੰਘ ਜੀ (ਕਨਵੀਨਰ ਰਹੁ-ਰੀਤ ਸਬ-ਕਮੇਟੀ) ਨੇ ਸਪੱਸ਼ਟ ਕੀਤਾ ਕਿ ਸਿੱਖਾਂ ਦੀ ਕੋਈ ਅਜਿਹੀ ਮਰਯਾਦਾ ਨਹੀਂ ਜੋ ਕਿ ਗੁਰਦੁਆਰਿਆਂ ਵਿਚ ਨਾ ਹੁੰਦੀ ਹੋਵੇ ਅਤੇ ਵੈਸੇ ਵੀ ਗੁਰਦੁਆਰਿਆਂ ਦੇ ਅੰਦਰ ਅਤੇ ਬਾਹਰ ਇੱਕੋ ਮਰਯਾਦਾ ਹੋਣੀ ਚਾਹੀਦੀ ਹੈ। ਕੁਝ ਬਹਿਸ ਉਪਰੰਤ ਇਕੱਤਰਤਾ ਦੇ ਪ੍ਰਧਾਨ (ਜਥੇਦਾਰ ਪ੍ਰਤਾਪ ਸਿੰਘ ਜੀ) ਨੇ ਰੂਲਿੰਗ ਦਿੱਤੀ ਕਿ ਇਸ ਖਰੜੇ ਉਤੇ ਵਿਚਾਰ ਹੋਵੇ।

ਇਸ ਦੇ ਇਕੱਤਰਤਾ ਦੇ ਵਿਧੀ ਵਿਧਾਨ, ਪ੍ਰੋਸੀਜਰ ਬਾਰੇ ਬਹੁਤ ਬਹਿਸ ਉਪਰੰਤ ਪ੍ਰਧਾਨ ਸਾਹਿਬ ਨੇ ਰੂਲਿੰਗ ਦਿੱਤੀ ਕਿ ਜਿਹੜੀਆਂ ਗੱਲਾਂ ਸੰਬੰਧੀ ਕੋਈ ਮਤਭੇਦ ਨਾ ਹੋਵੇ, ਉਹ ਪਾਸ ਸਮਝੀਆਂ ਜਾਣਗੀਆਂ ਅਤੇ ਜਿੱਥੋਂ ਮਤਭੇਦ ਹੋਵੇ, ਉਹ ਮਾਮਲਾ ਇਸ ਸਮਾਗਮ ਦੀਆਂ ਤਰਮੀਮਾਂ ਸਮੇਤ ਰਹੁਰੀਤੀ ਸਬ-ਕਮੇਟੀ ਦੇ ਹਵਾਲੇ ਮੁੜ ਵਿਚਾਰ ਲਈ ਪੇਸ਼ ਹੋਵੇਗਾ। ਰਹੁਰੀਤੀ ਕਮੇਟੀ ਦਾ ਫੈਸਲਾ ਦੁਬਾਰਾ ਸਾਰੇ ਸਮਾਗਮ ਵਿਚ ਪੇਸ਼ ਹੋਵੇਗਾ, ਪਰ ਉਸ ਸਮੇਂ ਨਵੀਂ ਤਰਮੀਮ ਕੋਈ ਪੇਸ਼ ਨਹੀਂ ਹੋਵੇਗੀ। ਇਸ ਤਰ੍ਹਾਂ ਦੂਜੀ ਵਾਰੀ ਸਮਾਗਮ ਵਿਚ ਪਾਸ ਹੋਇਆ ਮਾਮਲਾ ਪਾਸ ਸਮਝਿਆ ਜਾਵੇਗਾ ਅਤੇ ਫੇਲ੍ਹ ਹੋਇਆ ਮਸਲਾ ਛੱਡ ਦਿੱਤਾ ਜਾਵੇਗਾ।

ਰਹਿਤ ਮਰਯਾਦਾ ਦੀ ਇਕਸਾਰਤਾ ਅਤੇ ਕਾਇਮੀ ਇਸ ਲਈ ਵੀ ਲੋੜੀਂਦੀ ਸੀ ਕਿ ਉਸ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਅਤੇ ਆਲੇ-ਦੁਆਲੇ ਦੇ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਵਿਚ ਹੀ ਮਰਯਾਦਾ ਦਾ ਅੰਤਰ ਸੀ।

ਇਸ ਦੇ ਨਾਲ ਪ੍ਰੋ. ਜੋਧ ਸਿੰਘ ਜੀ ਨੇ ਇਕ ਨੁਕਤਾ ਹੋਰ ਚੁਕਿਆ ਸੀ ਕਿ ਕੀ ਪਿਛਲੀ ਮਰਯਾਦਾ ਨੂੰ ਬਦਲਿਆ ਜਾਣਾ ਹੈ ਕਿ ਜਿੱਥੇ ਕਿਤੇ ਨੁਕਸ ਹੋਵੇ ਕੇਵਲ ਉਸਨੂੰ ਸੋਧਿਆ ਜਾਵੇਗਾ।

ਇਸ ਦੇ ਜਵਾਬ ਵਿਚ ਦੱਸਿਆ ਗਿਆ ਕਿ ਪ੍ਰਚਲਿਤ ਮਰਯਾਦਾ ਨੂੰ ਬਿਲਕੁਲ ਨਹੀਂ ਬਦਲਿਆ ਜਾਵੇਗਾ। ਕੇਵਲ ਉਨ੍ਹਾਂ ਗੱਲਾਂ ਸੰਬੰਧੀ ਬਹਿਸ ਹੋਵੇਗੀ, ਜਿੱਥੇ ਮਰਯਾਦਾ ਇਕ ਹੈ ਹੀ ਨਹੀਂ, ਅਤੇ ਅਜਿਹੇ ਮਾਮਲਿਆਂ ਸੰਬੰਧੀ ਵੀ ਗੁਰਬਾਣੀ, ਇਤਿਹਾਸ, ਰਹਿਤਨਾਮਿਆਂ, ਹੁਕਮਨਾਮਿਆਂ, ਪ੍ਰਸਿੱਧ ਗੁਰਦੁਆਰਿਆਂ ਅਤੇ ਤਖ਼ਤ ਸਾਹਿਬਾਨ ਦੇ ਪੁਰਾਣੇ ਰਿਵਾਜਾਂ ਦੀ ਰੋਸ਼ਨੀ ਵਿਚ ਫੈਸਲਾ ਕੀਤਾ ਜਾਵੇਗਾ।

ਇਸ ਸਾਰੀ ਕਾਰਵਾਈ ਤੋਂ ਪਤਾ ਲਗਦਾ ਹੈ ਕਿ ਉਸ ਸਮੇਂ ਵੀ ਗੁਰੂ-ਪੰਥ ਵਿਚ ਇਕਸਾਰਤਾ ਪੈਦਾ ਕਰਨ ਲਈ ਸਿੱਖ ਰਹਿਤ ਮਰਯਾਦਾ ਬਣਾਉਣ ਦੇ ਉਪਰਾਲੇ ਵਿਚ ਰੁਕਾਵਟਾਂ ਪਾਉਣ ਦੀ ਕੋਸ਼ਿਸ਼ ਕੀਤੀ ਗਈ। ਇਸ 'ਤੇ ਇਕੱਤਰਤਾ ਵਿਚ ਹੀ ਪ੍ਰੋ. ਤੇਜਾ ਸਿੰਘ

ਨੂੰ ਕਹਿਣਾ ਪਿਆ ਕਿ ਕਈ ਸੱਜਣ ਇਸ ਮਾਮਲੇ ਨੂੰ ਲਟਕਾਉਣਾ ਚਾਹੁੰਦੇ ਹਨ। ਜੇਕਰ ਉਸ ਭਲੇ ਸਮੇਂ ਵੀ ਪੰਥ ਵਿਚ ਐਸੀ ਬਿਰਤੀ ਅਤੇ ਸੋਚ ਕਾਇਮ ਸੀ ਅਤੇ ਕਾਰਜ ਔਖਾ ਸੀ ਤਾਂ ਤੇ ਸਹਿਜੇ ਅਨੁਮਾਨਿਆ ਜਾ ਸਕਦਾ ਹੈ ਕਿ ਅੱਜ ਦੇ ਸਮੇਂ ਵਿਚ ਤਾਂ ਇਹ ਅਸੰਭਵ ਹੀ ਹੋਏਗਾ।

ਸਿੱਖ ਰਹਿਤ ਮਰਯਾਦਾ ਦੀ ਤਿਆਰੀ ਸਿੱਖ ਇਤਿਹਾਸ ਦੇ ਅਹਿਮ ਵਰਕੇ ਹਨ। ਪਰ ਦਿੱਕਤ ਇਹ ਹੈ ਕਿ ਇਸ ਦੀ ਤਿਆਰੀ ਸਮੇਂ ਦੇ ਮਤੇ ਤਾਂ ਸੰਖੇਪ ਵਿਚ ਲਿਖੇ ਗਏ ਹਨ ਪਰ ਉਸ ਦੌਰਾਨ ਹੋਏ ਵਿਚਾਰ-ਵਟਾਂਦਰੇ ਅਤੇ ਟਿੱਪਣੀਆਂ ਮੌਜੂਦ ਨਹੀਂ ਹਨ। ਦੱਸਿਆ ਜਾਂਦਾ ਹੈ ਕਿ ਵੱਡੀ ਗਿਣਤੀ ਵਿਚ ਇਹ ਮੌਜੂਦ ਸੀ ਪਰ ਦਰਬਾਰ ਸਾਹਿਬ ’ਤੇ ਹੋਏ ਹਮਲੇ ਦੌਰਾਨ ਸਭ ਗਵਾਚ ਗਿਆ।

ਇਸ ਦੇ ਨਾਲ ਹੀ ਪ੍ਰਧਾਨ ਸਾਹਿਬ ਦੀ ਇਹ ਰੂਲਿੰਗ ਬਹੁਤ ਮਹੱਤਵਪੂਰਨ ਸੀ ਕਿ ਖਰੜੇ ਦੇ ਵਿਚ ਮੌਜੂਦ ਜਿਨ੍ਹਾਂ ਮੁੱਦਿਆਂ ਨੂੰ ਚੁੱਕਿਆ ਗਿਆ ਉਨ੍ਹਾਂ ਬਾਰੇ ਵਿਚਾਰ ਕਰ ਕੇ ਨਿਰਣੇ ਦਿੱਤੇ ਗਏ ਅਤੇ ਬਾਕੀ ਦੇ ਮਾਮਲਿਆਂ ਨੂੰ ਪ੍ਰਵਾਨ ਸਮਝਿਆ ਗਿਆ। ਇਸ ਤਰ੍ਹਾਂ ਸਿੱਖ ਰਹਿਤ ਮਰਯਾਦਾ ਦੀ ਤਿਆਰੀ ਵੱਲ ਵੱਡੀ ਪੇਸ਼ ਕਦਮੀ ਕੀਤੀ ਗਈ।

ਇਸ ਤੋਂ ਬਾਅਦ ਬਾਕਾਇਦਾ ਕਾਰਵਾਈ ਸ਼ੁਰੂ ਕਰਦਿਆਂ ਪ੍ਰੋ. ਤੇਜਾ ਸਿੰਘ ਜੀ ਨੇ ਖਰੜੇ ਵਿਚ ਦਿੱਤੀ ਸਿੱਖ ਦੀ ਤਾਰੀਫ਼ (ਪਰਿਭਾਸ਼ਾ) ਪੜ੍ਹ ਕੇ ਸੁਣਾਈ:-

“ਜੋ ਇਸਤ੍ਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤਕ), ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸਚਾ ਰਖਦਾ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।“

ਇਸ ਸੰਬੰਧੀ ਕਈ ਤਰਮੀਮਾਂ ਬੇ-ਤਰਤੀਬੀਆਂ ਹੀ ਪੇਸ਼ ਹੋਣ ਲੱਗ ਪਈਆਂ, ਜਿਹਾ ਕਿ:-

(੧) ਜੋ ਇਸਤ੍ਰੀ ਜਾਂ ਪੁਰਸ਼ ਦੀ ਥਾਵੇਂ ਜੋ ਕੇਸਾਧਾਰੀ ਇਸਤ੍ਰੀ ਜਾਂ ਪੁਰਸ਼ ਕੀਤਾ ਜਾਵੇ। (ਸ. ਅਮ੍ਰੀਕ ਸਿੰਘ ਜੀ।)

(੨) ਅੰਮ੍ਰਿਤਧਾਰੀ ਸਿੱਖ ਅਤੇ ਸਹਿਜਧਾਰੀ ਸਿੱਖ ਦੀ ਤਾਰੀਫ਼ ਹੀ ਅੱਡ ਅੱਡ ਕੀਤੀ ਜਾਵੇ। (ਰਿਸਾਲਦਾਰ ਸੁੰਦਰ ਸਿੰਘ ਜੀ ਅਤੇ ਪ੍ਰੋਫੈਸਰ ਜੋਧ ਸਿੰਘ ਜੀ)

(੩) ਇਹ ਖਰੜਾ ਹੈ ਹੀ ਅੰਮ੍ਰਿਤਧਾਰੀ ਸਿਖਾਂ ਲਈ, ਸੋ ਏਸੇ ਅਨੁਸਾਰ ਖਰੜੇ ਦੇ ਹੈਡਿੰਗ ਵਿਚ ਤਬਦੀਲੀ ਕਰ ਲਈ ਜਾਵੇ।

ਸਵਾਮੀ ਰਾਜ ਕੁਮਾਰ ਤੀਰਥ ਉਦਾਸੀ ਨੇ ਕਿਹਾ ਕਿ ਸਾਨੂੰ ਇਸ ਖਰੜੇ 'ਤੇ ਵਿਚਾਰ ਕਰਨ ਦਾ ਸਮਾਂ ਨਹੀਂ ਮਿਲਿਆ, ਸੋ ਜਾਂ ਤਾਂ ਇਸ ਦਾ ਨਾਮ ਖ਼ਾਲਸਾ ਰਹਿਤ

ਮਰਯਾਦਾ ਰੱਖਿਆ ਜਾਵੇ ਜਾਂ ਸਾਨੂੰ ਵਿਚਾਰ ਦਾ ਸਮਾਂ ਦਿੱਤਾ ਜਾਵੇ।

ਇਸ ਸੰਬੰਧੀ ਕੁਝ ਖਿਆਲਾਤ ਪ੍ਰਗਟ ਕਰਦਿਆਂ ਹੋਇਆਂ ਗਿਆਨੀ ਸ਼ੇਰ ਸਿੰਘ ਜੀ, ਗੁਪਾਲ ਸਿੰਘ ਜੀ ਸਾਗਰੀ, ਸ. ਭਾਗ ਸਿੰਘ ਜੀ, ਸ. ਮਹਿੰਦਰ ਸਿੰਘ ਜੀ ਸਿਧਵਾਂ, ਭਾਈ ਸ਼ਰਧਾ ਸਿੰਘ ਜੀ ਅਤੇ ਗਿਆਨੀ ਨਾਹਰ ਸਿੰਘ ਜੀ ਨੇ ਫ਼ੁਰਮਾਇਆ ਕਿ ਉਦਾਸੀ ਸੰਤਾਂ ਨੂੰ ਵਿਚਾਰ ਵਿਚ ਹਿੱਸਾ ਲੈਣ ਲਈ ਸਮਾਂ ਮਿਲਣਾ ਚਾਹੀਦਾ ਹੈ, ਸੋ ਸਮਾਗਮ ਮੁਲਤਵੀ ਹੋਣਾ ਚਾਹੀਦਾ ਹੈ।

ਇਸ ਸੁਝਾਅ ਦੀ ਵਿਰੋਧਤਾ ਕਰਦਿਆਂ ਭਾਈ ਕਰਤਾਰ ਸਿੰਘ ਜੀ ਝੱਬਰ, ਪ੍ਰੋ. ਗੰਗਾ ਸਿੰਘ ਜੀ, ਗਿਆਨੀ ਸੁੰਦਰ ਸਿੰਘ ਜੀ 'ਰੰਗ', ਗਿਆਨੀ ਕਰਤਾਰ ਸਿੰਘ ਜੀ ਲਾਇਲਪੁਰੀ ਆਦਿ ਸੱਜਣਾਂ ਨੇ ਫ਼ੁਰਮਾਇਆ ਕਿ ਸਮਾਗਮ ਮੁਤਲਵੀ ਨਹੀਂ ਹੋਣਾ ਚਾਹੀਦਾ ਕਿਉਂਕਿ ਸਾਰੀਆਂ ਸੰਪ੍ਰਦਾਵਾਂ ਦੀ ਇਕ ਰਹਿਤ ਮਰਯਾਦਾ ਹੋ ਹੀ ਨਹੀਂ ਸਕਦੀ। ਇਹ ਖਰੜਾ ਤਾਂ ਪਾਸ ਹੋਣਾ ਚਾਹੀਦਾ ਹੈ, ਸੰਪ੍ਰਦਾਵਾਂ ਨੂੰ ਇਕੱਠਿਆਂ ਕਰਨ ਲਈ ਵੱਖਰਾ ਯਤਨ ਹੋਣਾ ਚਾਹੀਦਾ ਹੈ।

ਇਸ 'ਤੇ ਪ੍ਰਧਾਨ ਸਾਹਿਬ ਨੇ ਰੂਲਿੰਗ ਦਿੱਤੀ ਕਿ ਏਸ ਕੰਮ ਲਈ ਸਮਾਗਮ ਮੁਲਤਵੀ ਨਹੀਂ ਹੋ ਸਕਦਾ ਇਸ ਲਈ ਸਿਖ ਦੀ ਤਾਰੀਫ਼ 'ਤੇ ਵਿਚਾਰ ਹੋਵੇ।

ਇਸ 'ਤੇ ਸ੍ਰ. ਮੰਗਲ ਸਿੰਘ ਜੀ ਨੇ ਕਿਹਾ ਕਿ ਤਾਰੀਫ਼ ਇਉਂ ਹੋਵੇ:-

"ਜੋ ਇਸਤ੍ਰੀ ਜਾਂ ਪੁਰਸ਼ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਆਪਣਾ ਗੁਰੂ ਤੇ ਉਨ੍ਹਾਂ ਦੇ ਚਲਾਏ ਹੋਏ ਧਰਮ ਨੂੰ ਆਪਣਾ ਧਰਮ ਮੰਨਦਾ ਹੋਵੇ ਤੇ ਹੋਰ ਕਿਸੇ ਧਰਮ ਨੂੰ ਨਾ ਮੰਨਦਾ ਹੋਵੇ, ਉਹ ਸਿੱਖ ਹੈ।"

ਗਿਆਨੀ ਸ਼ੇਰ ਸਿੰਘ ਜੀ ਨੇ ਇਸ ਦੀ ਵਿਰੋਧਤਾ ਕੀਤੀ। ਉਨ੍ਹਾਂ ਦੱਸਿਆ ਕਿ ਜਿਹੜੀਆਂ ਸੰਪ੍ਰਦਾਵਾਂ ਸਾਰੇ ਗੁਰੂ ਸਾਹਿਬਾਨ ਨੂੰ ਇਕ ਜੋੜ ਨਹੀਂ ਮੰਨਦੀਆਂ, ਉਹ ਸਿਖ ਪੰਥ ਵਿੱਚੋਂ ਅਲਹਿਦਾ ਕੀਤੀਆਂ ਜਾਂਦੀਆਂ ਰਹੀਆਂ ਹਨ, ਜਿਹਾ ਕਿ ਰਾਮ ਰਾਈਏ, ਧੀਰ ਮਲੀਏ।

ਗਿਆਨੀ ਤ੍ਰਲੋਚਨ ਸਿੰਘ ਨੇ ਫ਼ੁਰਮਾਇਆ ਕਿ ਸਿੱਖ ਦਾ ਅੰਮ੍ਰਿਤਧਾਰੀ ਹੋਣਾ ਜ਼ਰੂਰੀ ਹੈ, ਇਹ ਤਾਰੀਫ਼ ਕਾਫ਼ੀ ਨਹੀਂ।

ਸ. ਗੰਡਾ ਸਿੰਘ ਜੀ ਕੇਵਲ ਅਤੇ ਗਿਆਨੀ ਨਾਹਰ ਸਿੰਘ ਜੀ ਨੇ ਰਾਇ ਦਿੱਤੀ ਕਿ ਤਾਰੀਫ਼ ਕੀਤੀ ਹੀ ਨਾ ਜਾਵੇ, ਸਾਰਾ ਖਰੜਾ ਸਿੱਖ ਦੀ ਤਾਰੀਫ਼ ਹੀ ਕਰ ਰਿਹਾ ਹੈ।

ਭਾਈ ਸਾਹਿਬ ਕਾਹਨ ਸਿੰਘ, ਗਿਆਨੀ ਸ਼ੇਰ ਸਿੰਘ, ਸੰਤ ਤੇਜਾ ਸਿੰਘ ਜੀ, ਪ੍ਰੋਫੈਸਰ ਗੰਗਾ ਸਿੰਘ ਜੀ, ਪ੍ਰੋ. ਤੇਜਾ ਸਿੰਘ ਜੀ ਆਦਿ ਨੇ ਫ਼ੁਰਮਾਇਆ ਕਿ ਖਰੜੇ ਵਾਲੀ ਤਾਰੀਫ਼ ਮੁਕੰਮਲ ਹੈ ਅਤੇ ਇਹ ਸ਼ੁਰੂ ਵਿਚ ਜ਼ਰੂਰ ਦਰਜ ਹੋਣੀ ਚਾਹੀਦੀ ਹੈ।

ਇਸ ਸਾਰੇ ਵਿਸਤ੍ਰਿਤ ਵਿਚਾਰ-ਵਟਾਂਦਰੇ ਦੇ ਬਾਅਦ ਪ੍ਰਧਾਨ ਸਾਹਿਬ ਨੇ

ਸਮਾਗਮ ਦੇ ਖਿਆਲਾਤ ਜਾਂਚ ਕੇ ਨਿਰਣਾ ਦਿੱਤਾ ਕਿ ਸਮਾਗਮ ਤਾਰੀਫ਼ ਸੰਬੰਧੀ ਸਹਿਮਤ ਨਹੀਂ ਹੈ, ਇਸ ਲਈ ਇਹ ਮਾਮਲਾ ਰਹੁਰੀਤੀ ਸਬ-ਕਮੇਟੀ ਦੀ ਵਿਚਾਰ ਮੁੜ ਭਰੇ ਸਮਾਗਮ ਵਿਚ ਪੇਸ਼ ਹੋਵੇਗੀ ਪਰ ਉਸ ਸਮੇਂ ਨਵੀਆਂ ਤਰਮੀਮਾਂ ਪੇਸ਼ ਨਹੀਂ ਹੋ ਸਕਣਗੀਆਂ।

ਇਸ ਦੇ ਨਾਲ ਹੀ ਇਹ ਵੀ ਕਿਹਾ ਕਿ ਜੇ ਸਭ ਤਜਵੀਜ਼ਾਂ ਰੱਦ ਹੋ ਜਾਣ ਤਾਂ ਫੇਰ ਨਵੀਂ ਤਜਵੀਜ਼ ਹੋ ਸਕਦੀ ਹੈ। ਇਸ ਸੰਬੰਧੀ ਜੇ ਕਿਸੇ ਸੱਜਣ ਨੂੰ ਕੋਈ ਹੋਰ ਤਜਵੀਜ਼ ਸੁਝੇ ਤਾਂ ਉਹ ਭੀ ਰਹੁਰੀਤ ਕਮੇਟੀ ਦੀ ਵਿਚਾਰ ਲਈ ਭੇਜ ਦੇਵੇ।

ਇਸ ਤੋਂ ਬਾਅਦ ਇਕੱਤਰਤਾ ਅਗਲੇ ਦਿਨ ਸਵੇਰੇ ੧੦:੦੦ ਵਜੇ ਤਕ ਮੁਲਤਵੀ ਹੋ ਗਈ। ਇਹ ਸਾਰੀ ਰਿਪੋਰਟ ਗੁਰਦੁਆਰਾ ਗਜ਼ਟ ਜਨਵਰੀ, ੧੯੩੪ ’ਤੇ ਅਧਾਰਿਤ ਹੈ।

(*ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ*, ਪੰਨਾ ੩੯੩)

**ਚਲਦਾ...**

---

## ਸਿੱਖ ਮਿਸ਼ਨ ਕਲਕੱਤਾ ਵੱਲੋਂ ਗੁਰਮਤਿ ਕੈਂਪ ਅਤੇ ਅੰਮ੍ਰਿਤ-ਸੰਚਾਰ

ਸਿੱਖ ਮਿਸ਼ਨ ਕਲਕੱਤਾ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਸ. ਹਰਜਿੰਦਰ ਸਿੰਘ ਧਾਮੀ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਅਤੇ ਸ. ਬਲਵਿੰਦਰ ਸਿੰਘ ਕਾਹਲਵਾਂ, ਸਕੱਤਰ, ਧਰਮ ਪ੍ਰਚਾਰ ਕਮੇਟੀ ਦੇ ਨਿਰਦੇਸ਼ਾਂ ਮੁਤਾਬਕ ਮਿਸ਼ਨ ਦੇ ਇੰਚਾਰਜ ਸ. ਜਗਮੋਹਨ ਸਿੰਘ ਦੀ ਅਗਵਾਈ ਵਿਚ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਗੁਰਮਤਿ ਲਹਿਰ ਆਰਗਨਾਈਜੇਸ਼ਨ, ਆਸਨਸੋਲ ਦੇ ਸਹਿਯੋਗ ਨਾਲ ਮਿਤੀ ੨੧ ਤੋਂ ੩੦ ਦਸੰਬਰ, ੨੦੨੪ ਈ. ਤਕ ਆਸਨਸੋਲ ਜ਼ਿਲ੍ਹੇ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨ: ਗੁਰਦੁਆਰਾ ਬਰਧਮਾਨ, ਗੁਰਦੁਆਰਾ ਓਖੜਾ, ਗੁਰਦੁਆਰਾ ਬੇਨਾਚਟੀ ਦੁਰਗਾਪੁਰ, ਗੁਰਦੁਆਰਾ ਪਾਨਾਗੜ੍ਹ , ਗੁਰਦੁਆਰਾ ਬਰਨਪੁਰ, ਗੁਰਦੁਆਰਾ ਗੋਬਿੰਦ ਨਗਰ ਅਤੇ ਗੁਰਦੁਆਰਾ ਕੋਮਾਡੋਬੀ ਆਦਿਕ ਸਥਾਨਾਂ ਤੇ ਗੁਰਮਤਿ ਕੈਂਪ ਲਗਾਏ ਗਏ, ਜਿਨ੍ਹਾਂ ਵਿਚ ਲਗਪਗ ੬੦੦ ਸਿਖਿਆਰਥੀਆਂ ਨੇ ਭਾਗ ਲਿਆ। ਮਿਤੀ ੩੧ ਦਸੰਬਰ, ੨੦੨੪ ਈ. ਨੂੰ ਗੁਰਦੁਆਰਾ ਗੁਰੂ ਨਾਨਕ ਨਗਰ, ਆਸਨਸੋਲ ਵਿਖੇ ਕੈਂਪ ਵਿਚ ਭਾਗ ਲੈਣ ਵਾਲੇ ਸਿਖਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।

ਇਸ ਤੋਂ ਇਲਾਵਾ ਮਿਸ਼ਨ ਵੱਲੋਂ ਗੁਰਦੁਆਰਾ ਸਿੰਘ ਸਭਾ ਕੋਮਾਡੋਬੀ, ਆਸਨਸੋਲ ਵਿਖੇ ੧੧ ਜਨਵਰੀ, ੨੦੨੫ ਈ. ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਦੌਰਾਨ ੧੪ ਪ੍ਰਾਣੀਆਂ ਨੇ ਖੰਡੇ-ਬਾਟੇ ਦੀ ਪਾਹੁਲ ਹਾਸਲ ਕੀਤੀ। ਅੰਮ੍ਰਿਤ-ਅਭਿਲਾਖੀਆਂ ਨੂੰ ਸਿੱਖ ਰਹਿਤ ਮਰਯਾਦਾ ਦੀਆਂ ਕਾਪੀਆਂ ਅਤੇ ਕਕਾਰ ਭੇਟਾ-ਰਹਿਤ ਦਿੱਤੇ ਗਏ। ■

# ਰਾਗੁ ਗੂਜਰੀ

*-ਮਾ. ਬਲਬੀਰ ਸਿੰਘ ਹੰਸਪਾਲ**

ਰਾਗੁ ਗੂਜਰੀ ਗੁਰਬਾਣੀ ਸੰਗੀਤ ਦਾ ਮਹੱਤਵਪੂਰਨ ਰਾਗ ਹੈ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗ ਵਿਧਾਨ ਦੀ ਤਰਤੀਬ ਅਨੁਸਾਰ ਰਾਗੁ ਗੂਜਰੀ ਨੂੰ ਪੰਜਵਾਂ ਸਥਾਨ ਦਿੱਤਾ ਹੈ। ਇਸ ਰਾਗ ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਭਗਤ ਸਾਹਿਬਾਨ ਵਿਚ ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਭਗਤ ਰਵਿਦਾਸ ਜੀ, ਭਗਤ ਤ੍ਰਿਲੋਚਨ ਜੀ ਅਤੇ ਭਗਤ ਜੈਦੇਵ ਜੀ ਦੀ ਬਾਣੀ ਦਰਜ ਹੈ।

ਰਾਗੁ ਗੂਜਰੀ ਤੋੜੀ ਥਾਟ ਦਾ ਜਨਯ ਰਾਗ ਹੈ। ਭਾਰਤੀ ਸੰਗੀਤ ਦੇ ਬਹੁਤ ਸਾਰੇ ਵਿਦਵਾਨਾਂ ਅਤੇ ਗ੍ਰੰਥਕਾਰਾਂ ਨੇ ਇਸ ਦਾ ਵਰਣਨ ਕੀਤਾ ਹੈ। ਸ਼ਾਸਤਰੀ ਸੰਗੀਤ ਦੇ ਗ੍ਰੰਥਾਂ ਵਿਚ ਰਾਗੁ ਗੂਜਰੀ ਦੇ ਨੌਂ ਪ੍ਰਕਾਰ ਦਾ ਵੀ ਜ਼ਿਕਰ ਆਉਂਦਾ ਹੈ। ਰਾਗੁ ਗੂਜਰੀ ਉਤਰਾਂਗ ਪ੍ਰਧਾਨ ਰਾਗ ਹੈ। ਇਸ ਨੂੰ ਲਗਪਗ ਤਿੰਨਾਂ ਸਪਤਕਾਂ ਵਿਚ ਹੀ ਗਾਇਆ ਵਜਾਇਆ ਜਾਂਦਾ ਹੈ।

ਰਾਗੁ ਗੂਜਰੀ ਬਹੁਤ ਹੀ ਪੁਰਾਤਨ ਅਤੇ ਪ੍ਰਸਿੱਧ ਰਾਗ ਹੈ। ਇਹ ਗੰਭੀਰ ਪ੍ਰਕ੍ਰਿਤੀ ਵਾਲਾ ਕਰੁਣਾ ਰਸ ਭਰਪੂਰ ਰਾਗ ਹੈ। ਰਾਗੁ ਗੂਜਰੀ ਵਿਚ ਜ਼ਿਆਦਾਤਰ ਭਗਤੀ ਭਾਵ ਦੀਆਂ ਰਚਨਾਵਾਂ ਦਾ ਗਾਇਨ ਕੀਤਾ ਜਾਂਦਾ ਹੈ। ਇਸ ਰਾਗ ਵਿਚ ਰੇ(ਰਿਸ਼ਭ), ਗਾ(ਗੰਧਾਰ), ਧਾ(ਧੈਵਤ) ਸਵਰ ਕੋਮਲ ਅਤੇ ਮਾ (ਮਧਿਅਮ) ਸਵਰ ਤੀਵਰ ਲਗਦਾ ਹੈ। ਇਸ ਰਾਗ ਵਿਚ ਪਾ(ਪੰਚਮ) ਸਵਰ ਨਹੀਂ ਲਗਾਇਆ ਜਾਂਦਾ, ਕਹਿਣ ਤੋਂ ਭਾਵ ਪੰਚਮ ਸਵਰ ਇਸ ਰਾਗ ਵਿਚ ਵਰਜਿਤ ਸਵਰ ਹੈ। ਰਾਗੁ ਗੂਜਰੀ ਵਿਚ ਰੇ (ਰਿਸ਼ਭ) ਅਤੇ ਧਾ (ਧੈਵਤ) ਸਵਰ ਨਿਆਸ ਦੇ ਸਵਰ ਮੰਨੇ ਜਾਂਦੇ ਹਨ। ਭਾਵ, ਰਾਗ ਨੂੰ ਗਾਇਨ ਕਰਦੇ ਸਮੇਂ ਇਨ੍ਹਾਂ ਦੋਨਾਂ ਸਵਰਾਂ ਉੱਪਰ ਰਾਗ ਵਿਚ ਲੱਗਣ ਵਾਲੇ ਬਾਕੀ ਨਿਸ਼ਚਿਤ ਸਵਰਾਂ ਨਾਲੋਂ ਜ਼ਿਆਦਾ ਇੱਕ ਖਾਸ ਠਹਿਰਾਵ ਦਿੱਤਾ ਜਾਂਦਾ ਹੈ। ਇਸ ਰਾਗ ਦੀਆਂ ਕੁਝ ਵਿਸ਼ੇਸ਼ ਸਵਰ ਸੰਗਤੀਆਂ (ਸਵਰ ਚਲਨ) ਜੋ ਕਿ ਇਸ ਰਾਗ ਨਾਲ ਰਲਦੇ-ਮਿਲਦੇ ਸਮਪ੍ਰਕ੍ਰਿਤਕ ਰਾਗਾਂ ਤੋਂ ਇਸ ਨੂੰ ਵੱਖ ਕਰ ਕੇ ਆਪਣਾ ਮੂਲ ਸਰੂਪ ਨਿਖਾਰ ਕੇ ਪੇਸ਼ ਕਰਨ ਵਿਚ ਲਾਹੇਵੰਦ ਸਾਬਤ ਹੁੰਦੀਆਂ ਹਨ, ਅੱਗੇ ਦਿੱਤੀਆਂ ਜਾ ਰਹੀਆਂ ਹਨ ਤਾਂ ਜੋ ਸੰਗੀਤ ਦੇ ਸਿਖਿਆਰਥੀ ਇਨ੍ਹਾਂ ਸਵਰ ਸੰਗਤੀਆਂ

** ਸੰਗੀਤ ਅਧਿਆਪਕ, ਸ੍ਰੀ ਗੁਰੂ ਰਾਮਦਾਸ ਖਾਲਸਾ ਸੀ: ਸੈ: ਸਕੂਲ, ਰਾਮਸਰ ਰੋਡ, ਸ੍ਰੀ ਅੰਮ੍ਰਿਤਸਰ। ਮੋ. ੯੮੧੪੯੪੯੪੪੮*

ਨੂੰ ਧਿਆਨ ਵਿੱਚ ਰੱਖ ਕੇ ਰਾਗੁ ਗੂਜਰੀ ਦੇ ਮੂਲ ਸਰੂਪ ਨੂੰ ਯਾਦ ਕਰਦੇ ਹੋਏ ਗਾਇਨ ਅਤੇ ਵਾਦਨ ਕਰਨ ਵਿਚ ਸਫਲਤਾ ਹਾਸਲ ਕਰ ਸਕਣ।

ਸਾ ਨ਼ੀ ਸਾ ਰੇ̱ ਸਾ, ਧ਼ਾ̱, ਧ਼ਾ̱ ਨ਼ੀ ਸਾ ਰੇ̱, ਰੇ̱ ਗਾ̱ ਰੇ̱, ਸਾ ਨ਼ੀ ਧ਼ਾ̱, ਮ਼ਾ̍ ਧ਼ਾ̱

ਨ਼ੀ ਧ਼ਾ̱, ਧ਼ਾ̱ ਨ਼ੀ ਸਾ ਰੇ̱, ਰੇ̱ ਗਾ̱ ਰੇ̱, ਸਾ ਰੇ̱ ਗਾ̱, ਰੇ̱ ਗਾ̱ ਮਾ̍ ਗਾ̱, ਰੇ̱ ਗਾ̱ ਮਾ̍

ਧਾ̱, ਮਾ̍ ਧਾ̱ ਨੀ ਧਾ̱, ਮਾ̍ ਧਾ̱ ਮਾ̍ ਨੀ ਧਾ̱, ਮਾ̍ ਧਾ̱ ਨੀ ਧਾ̱ ਸਾਂ, ਧਾ̱ ਨੀ ਸਾਂ ਰੇਂ̱,

ਰੇਂ̱ ਗਾਂ̱ ਰੇਂ̱ ਸਾਂ, ਰੇਂ̱ ਗਾਂ̱ ਮਾਂ̍ ਧਾਂ̱, ਮਾਂ̍ ਧਾਂ̱ ਮਾਂ̍ ਗਾਂ̱ ਰੇਂ̱, ਰੇਂ̱ ਗਾਂ̱ ਰੇਂ̱ ਸਾਂ, ਸਾਂ ਰੇਂ̱

ਨੀ ਧਾ̱, ਮਾ̍ ਧਾ̱ ਨੀ ਧਾ̱, ਮਾ̍ ਧਾ̱ ਮਾ̍ ਗਾ̱ ਰੇ̱, ਰੇ̱ ਗਾ̱ ਰੇ̱ ਸਾ।

**ਰਾਗ ਦਾ ਸਧਾਰਨ ਪਰਿਚਯ**

**ਰਾਗੁ**–ਗੂਜਰੀ
**ਥਾਟ**–ਤੋੜੀ
**ਵਾਦੀ ਸਵਰ**– ਧਾ (ਧੈਵਤ)
**ਸੰਵਾਦੀ ਸਵਰ**– ਰੇ (ਰਿਸ਼ਭ)
**ਗਾਇਨ ਸਮਾਂ**– ਦਿਨ ਦਾ ਦੂਜਾ ਪਹਿਰ
**ਸਵਰ**– ਰੇ (ਰਿਸ਼ਭ), ਗਾ (ਗੰਧਾਰ) ਅਤੇ ਧਾ (ਧੈਵਤ) ਸਵਰ ਕੋਮਲ, ਮਾ (ਮਧਿਅਮ) ਸਵਰ ਤੀਵਰ ਅਤੇ ਬਾਕੀ ਸਵਰ ਸ਼ੁੱਧ ਲਗਦੇ ਹਨ।
**ਵਰਜਿਤ ਸਵਰ**– ਪਾ (ਪੰਚਮ) ਸਵਰ
**ਜਾਤੀ**– ਸ਼ਾੜਵ-ਸ਼ਾੜਵ
**ਆਰੋਹ**– ਸਾ ਰੇ̱ ਗਾ̱, ਮਾ ਧਾ̱ ਨੀ ਸਾਂ
**ਅਵਰੋਹ**– ਸਾਂ ਨੀ ਧਾ̱, ਮਾ̍ ਗਾ̱ ਰੇ̱, ਗਾ̱ ਰੇ̱ ਸਾ
**ਪਕੜ**– ਗਾ ਮਾ̍ ਧਾ̱ ਨੀ ਧਾ̱, ਮਾ̍ ਧਾ̱ ਮਾ̍ ਗਾ̱, ਰੇ̱, ਗਾ̱ ਰੇ̱ ਸਾ।

■

## ਨਾਮ ਜਪੋ, ਕਿਰਤ ਕਰੋ, ਵੰਡ ਛਕੋ

ਕਵਿਤਾ:

# "ਬਾਰਹ ਮਾਹਾ" ਦਾ ਬਸੰਤ

*-ਭਾਈ ਹਰਪ੍ਰੀਤ ਸਿੰਘ**

*ਚੇਤਾ ਕਰ ਚੇਤ ਪ੍ਰਭ ਜਿਨ੍ਹਾਂ ਪਾਇਆ ਓ ਕੰਤ,*
*ਵੈਸਾਖ ਪ੍ਰੇਮ ਦੇ ਵਿਛੋੜੇ ਵਿਚ ਭੇਟ ਹਰਿ ਸੰਤ।*

*ਸੰਚ ਜੇਠ ਦੇ ਮਹੀਨੇ ਉਨ੍ਹਾਂ ਸਖੀਆਂ ਤੋਂ ਰੰਗ,*
*ਨਿਵ ਓਸ ਵਡਿਆਈ ਭਾਗ ਮੱਥੇ ਜੋ ਲਿਖੰਤ।*

*ਜੋ ਨੇ ਨਾਮ ਤੋਂ ਵਿਹੂਣੇ ਛੱਡ ਉਨ੍ਹਾਂ ਤਾਂਈਂ ਸੰਗ,*
*ਆਸਾੜ, ਨਾਮੁ ਰਾਹੀਂ ਪੈਣੀ ਤੇਰੇ ਹਿਰਦੇ ਨੂੰ ਠੰਢ।*

*ਸੱਚੇ ਦਰ ਤੋਂ ਬਿਨਾਂ ਨਾ ਕਿਸੇ ਹੋਰ ਥਾਂਈਂ ਮੰਗ,*
*ਬਾਰਾਂ-ਮਾਹ ਦੇ ਮਹੀਨੇ ਰਹੇ ਚੜ੍ਹਿਆ ਬਸੰਤ।*

*ਏਸ ਹਿਰਦੇ ਦਾ ਹਾਰ ਕਰ ਨਾਮ ਦਾ ਸ਼ਿੰਗਾਰ,*
*ਬਣ ਚਾਤ੍ਰਿਕ ਤੇ ਹੋਵੇ ਸਾਉਣ ਵਾਲੀ ਜਲਧਾਰ।*

*ਭਾਦੁਇ ਭਰਮ ਹੈ ਜਾਲ ਜੋ ਹੈ ਵੱਡਾ ਜਮਕਾਲ,*
*ਭਾ-ਦੁਇ ਸਦਾ ਛੱਡ, ਸਦਾ ਸਤਿਗੁਰ ਤੇਰੀ ਢਾਲ।*

*ਪ੍ਰੀਤ-ਪ੍ਰੇਮ ਵਾਲੀ ਤਾਂਘ, ਤੇ ਓਹ ਆਪ ਪ੍ਰਤਿਪਾਲ,*
*ਅਸੂ ਤ੍ਰਿਪਤੀ ਦਾ ਸੁੱਖ ਆਵੇ ਹਿਰਦੇ ਨੂੰ ਸ਼ਾਂਤ।*

*ਸੱਚੇ ਦਰ ਤੋਂ ਬਿਨਾਂ ਨਾ ਕਿਸੇ ਹੋਰ ਥਾਂਈਂ ਆਸ,*
*ਬਾਰਾਂ-ਮਾਹ ਦੇ ਮਹੀਨੇ ਰੱਖੀਂ ਸਾਂਭ ਸੱਚੀ ਦਾਤ।*

** ਹਜ਼ੂਰੀ ਦਿਲਰੁਬਾ ਵਾਦਕ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।*
*ਮੋ. ੯੮੫੫੭੦੦੮੮੦*

*ਕਤਿਕ ਸਾਧਸੰਗ ਜਪ, ਤੇਰੀ ਉਤਰਹਿ ਗੀ ਸੋਚ,*
*ਨਾ ਤੂੰ ਬੇਮੁਖ ਹੋਵੇਂ ਤੇ ਨਾ ਤੂੰ ਰੋਵਹਿਂ ਹਰ ਰੋਜ।*

*ਮੰਘਿਰਿ ਆਸਰਾ ਲੈ ਤੱਕ ਹੋ ਸੁਹਾਗਣਾਂ ਦੀ ਸੋਭ,*
*ਆਰਾਧ ਪੂਰਾ ਪਰਮੇਸਰ ਲੱਥੇ ਜਨਮ ਬਿਓਗ।*

*ਪੋਖਿ, ਸਰਬ ਸੁੱਖਾਂ ਦਾ, ਨਾ ਕੋਈ ਰੋਗ ਸਕੇ ਪੋਹ,*
*ਨਿੱਘ ਨਾਮ ਵਾਲਾ ਚੱਖ, ਸੱਚੀ ਪ੍ਰੀਤ ਦਾ ਤੂੰ ਹੋ।*

*ਸੱਚੇ ਦਰ ਤੋਂ ਬਿਨਾਂ ਏਹ ਦਿਨ ਚਾਰ ਵਾਲੀ ਸੋਭ,*
*ਬਾਰਾਂ-ਮਾਹ ਦੇ ਮਹੀਨੇ ਤੱਕ ਆਸਰਾ ਤੇ ਓਟ।*

*ਮਾਘਿ, ਸੱਚ ਦਾ ਹੈ ਮਜਨ, ਧੂੜੀ ਨਿਵ ਨਿਵ ਮੰਗ,*
*ਮਿਟੇ ਮਨ ਦਾ ਦਵੈਤ, ਕਰ ਸੱਚ ਸਾਧੂਆਂ ਦਾ ਸੰਗ।*

*ਫਲ ਗੁਣਿ ਦਾ ਅਨੰਦ, ਜਿਵੇਂ ਖਿੜਿਆ ਬਸੰਤ,*
*ਗੀਤ ਮੰਗਲ ਓਹ ਗਾਵਨ ਜਿਨ੍ਹਾਂ ਹਿਰਦੇ ਹੈ ਕੰਤ।*

*ਜਿਨ੍ਹਾਂ ਸਖੀਆਂ ਨੇ ਰੰਗਿਆ ਹੈ ਐਸਾ ਹਰਿ ਰੰਗ,*
*ਏਹ ਮਜੀਠ ਵਾਂਗ ਸੋਹਣਾ ਪ੍ਰੇਮ ਭਗਤੀ ਦਾ ਸੰਗ।*

*ਭਲੇ ਦਿਨ ਨੇ ਸੁਹਾਵੇ, ਦਾਤ ਗੁਰਬਾਣੀ ਵਾਲੀ ਮੰਗ,*
*ਬਾਰਾਂ-ਮਾਹ ਦੇ ਮਹੀਨੇ ਰਹੇ ਚੜ੍ਹਿਆ ਬਸੰਤ।*

■

## ਅੰਮ੍ਰਿਤ-ਸੰਚਾਰ

ਸਮੂਹ ਸਿੱਖ ਸੰਗਤ ਦੇ ਗਿਆਤ ਹਿਤ ਵਿਦਿਤ ਕੀਤਾ ਜਾਂਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਰ ਬੁੱਧਵਾਰ ਤੇ ਐਤਵਾਰ ਨੂੰ ਦੁਪਹਿਰੇ ੧੨:੦੦ ਵਜੇ ਅੰਮ੍ਰਿਤ-ਸੰਚਾਰ ਹੁੰਦਾ ਹੈ। ਅੰਮ੍ਰਿਤ-ਅਭਿਲਾਖੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਅੰਮ੍ਰਿਤਪਾਨ ਕਰ ਕੇ ਗੁਰੂ ਵਾਲੇ ਬਣਨ!

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ ੩੧-੧੨-੨੦੨੪ (੧੭ ਪੋਹ ਸੰਮਤ ਨਾਨਕਸ਼ਾਹੀ ੫੫੬) ਦੇ ਮਤੇ:-

### ਮਤਾ ਨੰ: ੮੭

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਅੱਜ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਉੱਘੇ ਅਰਥ ਸ਼ਾਸਤਰੀ ਡਾ. ਮਨਮੋਹਨ ਸਿੰਘ ਜੀ, ਸਾਬਕਾ ਪ੍ਰਧਾਨ ਮੰਤਰੀ ਭਾਰਤ ਸਰਕਾਰ ਦੇ ਅਕਾਲ ਚਲਾਣਾ ਕਰ ਜਾਣ ਪੁਰ ਗਹਿਰੇ ਦੁੱਖ ਦਾ ਇਜ਼ਹਾਰ ਕਰਦੀ ਹੈ। ਡਾ. ਮਨਮੋਹਨ ਸਿੰਘ ਜੀ ਜਿੱਥੇ ਭਾਰਤ ਦੇ ਵਿਕਾਸ ਲਈ ਵਚਨਬੱਧ ਸਨ, ਉੱਥੇ ਪੰਜਾਬ ਅਤੇ ਪੰਜਾਬੀਆਂ ਦੇ ਹਮਦਰਦ ਸਨ। ਉਨ੍ਹਾਂ ਨੇ ਪੰਜਾਬੀਆਂ ਅਤੇ ਖ਼ਾਸਕਰ ਸਿੱਖ ਦਸਤਾਰ ਦੀ ਪਛਾਣ ਨੂੰ ਪੂਰੀ ਦੁਨੀਆ ਵਿਚ ਉਭਾਰਿਆ। ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਭਾਰਤ ਦੇ ਪ੍ਰਧਾਨ ਮੰਤਰੀ ਰਹਿੰਦਿਆਂ ਡਾ. ਮਨਮੋਹਨ ਸਿੰਘ ਨੇ ਜਿੱਥੇ ਮਹੱਤਵਪੂਰਨ ਕਾਰਜ ਕੀਤੇ, ਉੱਥੇ ਪੰਜਾਬ ਦੇ ਵਿਕਾਸ ਵਿਚ ਵੀ ਵੱਡਾ ਯੋਗਦਾਨ ਪਾਇਆ। ਉਹ ਰਾਜਨੀਤੀ ਵਿਚ ਰਹਿੰਦਿਆਂ ਨਿਮਰਤਾ, ਤਿਆਗ, ਦ੍ਰਿੜ੍ਹਤਾ, ਸੰਜਮ ਤੇ ਸਾਦਗੀ ਵਰਗੇ ਗੁਣਾਂ ਨੂੰ ਹਮੇਸ਼ਾ ਸਮਰਪਤ ਰਹੇ ਅਤੇ ਇਹੀ ਵਿਸ਼ੇਸ਼ਣ ਉਨ੍ਹਾਂ ਦੇ ਆਖ਼ਰੀ ਸਾਹਾਂ ਤਕ ਪਛਾਣ ਦੇ ਲਖਾਇਕ ਰਹੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮਿਤਸਰ ਦੀ ਅੱਜ ਦੀ ਇਕੱਤਰਤਾ ਡਾ. ਮਨਮੋਹਨ ਸਿੰਘ ਜੀ ਵੱਲੋਂ ਦੇਸ਼ ਅਤੇ ਕੌਮ ਲਈ ਕੀਤੇ ਕਾਰਜਾਂ ਦੀ ਸ਼ਲਾਘਾ ਕਰਦੀ ਹੋਈ ਅਕਾਲ ਪੁਰਖ ਅੱਗੇ ਅਰਦਾਸ ਕਰਦੀ ਹੈ ਕਿ ਵਿੱਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ ਅਤੇ ਪਿੱਛੇ ਪਰਵਾਰਕ ਮੈਂਬਰਾਂ, ਰਿਸ਼ਤੇਦਾਰਾਂ, ਸਾਕ-ਸੰਬੰਧੀਆਂ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ।

### ਮਤਾ ਨੰ: ੧੪੦

ਯੂ.ਪੀ. ਅੰਦਰ ਪੰਜਾਬ ਦੇ ਤਿੰਨ ਨੌਜਵਾਨਾਂ ਨੂੰ ਮੁਕਾਬਲਾ ਬਣਾ ਕੇ ਮਾਰਨ ਦਾ ਮਾਮਲਾ, ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਪ੍ਰਧਾਨ ਸਾਹਿਬ ਦੀ ਆਗਿਆ ਅਤੇ ਹਾਜ਼ਰ ਮੈਂਬਰ ਸਾਹਿਬਾਨ ਦੀ ਸੰਮਤੀ ਨਾਲ ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਬੀਤੇ ਦਿਨੀਂ ਯੂ.ਪੀ.ਅੰਦਰ ਪੰਜਾਬ ਦੇ ਤਿੰਨ ਨੌਜਵਾਨਾਂ ਨੂੰ ਪੁਲੀਸ ਵੱਲੋਂ ਮੁਕਾਬਲੇ ਦੌਰਾਨ ਮਾਰੇ ਜਾਣ ਦਾ ਦਾਅਵਾ ਕਈ ਸ਼ੰਕੇ ਪੈਦਾ ਕਰਦਾ ਹੈ। ਇਹ ਬੇਹੱਦ ਸੰਜੀਦਾ ਮਾਮਲਾ ਹੈ, ਬਹੁਤ ਛੋਟੀ ਉਮਰ ਦੇ ਪੰਜਾਬ ਦੇ ਨੌਜਵਾਨਾਂ ਨੂੰ ਜਾਣਬੁਝ ਕੇ ਨਿਸ਼ਾਨਾ ਬਣਾਉਣ ਵਰਗੀ ਹਰਕਤ ਜਾਪਦੀ ਹੈ। ਅੰਤ੍ਰਿੰਗ ਕਮੇਟੀ ਇਸ ਮਾਮਲੇ ਦੀ ਨਿਆਂਇਕ ਜਾਂਚ ਕਰਵਾਉਣ ਲਈ ਪੰਜਾਬ ਤੇ ਭਾਰਤ ਸਰਕਾਰ ਪਾਸੋਂ ਪੁਰਜ਼ੋਰ ਮੰਗ ਕਰਦੀ ਹੈ।

### ਮਤਾ ਨੰ: ੧੪੨

ਕਿਸਾਨਾਂ ਦੀਆਂ ਹੱਕੀ ਮੰਗਾਂ ਲਈ ਖਨੌਰੀ ਬਾਰਡਰ ਵਿਖੇ ਸੰਘਰਸ਼ ਕਰ ਰਹੇ

ਕਿਸਾਨ ਆਗੂ ਸ. ਜਗਜੀਤ ਸਿੰਘ ਡੱਲੇਵਾਲ ਦੀ ਵਿਗੜ ਰਹੀ ਸਿਹਤ ਦਾ ਮਾਮਲਾ, ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਪ੍ਰਧਾਨ ਸਾਹਿਬ ਦੀ ਆਗਿਆ ਅਤੇ ਹਾਜ਼ਰ ਮੈਂਬਰ ਸਾਹਿਬਾਨ ਦੀ ਸੰਮਤੀ ਨਾਲ ਪੇਸ਼ ਹੋਣ 'ਤੇ ਸਮੁੱਚੀ ਅੰਤ੍ਰਿੰਗ ਕਮੇਟੀ ਵੱਲੋਂ ਸਰਬਸੰਮਤੀ ਨਾਲ ਸ. ਜਗਜੀਤ ਸਿੰਘ ਡੱਲੇਵਾਲ ਦੀ ਸਿਹਤਯਾਬੀ ਤੇ ਚੜ੍ਹਦੀ ਕਲਾ ਲਈ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕੀਤੀ ਗਈ।

ਅੰਤ੍ਰਿੰਗ ਕਮੇਟੀ ਵੱਲੋਂ ਕੇਂਦਰ ਤੇ ਪੰਜਾਬ ਸਰਕਾਰਾਂ ਪਾਸੋਂ ਇਹ ਵੀ ਮੰਗ ਕੀਤੀ ਜਾਂਦੀ ਹੈ ਕਿ ਉਹ ਕਿਸਾਨਾਂ ਦੀਆਂ ਜਾਇਜ਼ ਮੰਗਾਂ ਪ੍ਰਵਾਨ ਕਰਨ। ■

---

## ਬਿਹਾਰ ਵਿਖੇ ਧਾਰਮਿਕ ਮੁਕਾਬਲੇ

ਸਿੱਖ ਮਿਸ਼ਨ ਕਲਕੱਤਾ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਸ. ਹਰਜਿੰਦਰ ਸਿੰਘ ਧਾਮੀ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਅਤੇ ਸ. ਬਲਵਿੰਦਰ ਸਿੰਘ ਕਾਹਲਵਾਂ, ਸਕੱਤਰ, ਧਰਮ ਪ੍ਰਚਾਰ ਕਮੇਟੀ ਦੇ ਨਿਰਦੇਸ਼ਾਂ ਮੁਤਾਬਕ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਮਿਸ਼ਨ ਦੇ ਇੰਚਾਰਜ ਸ. ਜਗਮੋਹਨ ਸਿੰਘ ਦੀ ਅਗਵਾਈ ਵਿਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਉਚਲਾ, ਕਟਿਹਾਰ (ਬਿਹਾਰ) ਵਿਖੇ ਮਿਤੀ ੧੩ ਅਤੇ ੧੪ ਜਨਵਰੀ, ੨੦੨੫ ਈ. ਨੂੰ ਬੱਚਿਆਂ ਦੇ ਸਿੱਖ ਧਰਮ ਨਾਲ ਸੰਬੰਧਿਤ ਲਿਖਤੀ ਪ੍ਰਸ਼ਨੋਤਰੀ, ਕਵਿਤਾ/ ਲੈਕਚਰ ਅਤੇ ਸਾਖੀ ਮੁਕਾਬਲੇ ਕਰਵਾਏ ਗਏ। ਇਸ ਦੌਰਾਨ ਲਗਪਗ ੬੦ ਸਿਖਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਭਾਗ ਲੈਣ ਵਾਲੇ ਸਿਖਿਆਰਥੀਆਂ ਨੂੰ ਵਿਸ਼ੇਸ਼ ਰੂਪ ਵਿਚ ਸਨਮਾਨਿਤ ਕੀਤਾ ਗਿਆ। ■

### ਲਿਟਰੇਚਰ ਵਿਭਾਗ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਲਿਟਰੇਚਰ ਵਿਭਾਗ ਬਣਾਇਆ ਹੋਇਆ ਹੈ। ਜਿਸ ਵਿਚ ਸਿੱਖ ਧਰਮ ਅਤੇ ਸਿੱਖ ਇਤਿਹਾਸ ਨਾਲ ਸਬੰਧਤ ਵੱਖ-ਵੱਖ ਵਿਸ਼ਿਆਂ 'ਤੇ ਖੋਜ ਭਰਪੂਰ ਪੁਸਤਕਾਂ ਅਤੇ ਭੇਟਾ ਰਹਿਤ ਕਿਤਾਬਚੇ ਸੰਗਤ ਲਈ ਤਿਆਰ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਸਿੱਖ ਇਤਿਹਾਸ ਨਾਲ ਸੰਬੰਧਤ ਪੁਸਤਕ ਪ੍ਰਦਰਸ਼ਨੀਆਂ ਲਗਾਉਣ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ। ਸੰਗਤ ਦੀ ਮੰਗ 'ਤੇ ਇਸ ਵਿਭਾਗ ਵੱਲੋਂ ਪੁਸਤਕ ਪ੍ਰਦਰਸ਼ਨੀ ਵਾਲੀਆਂ ਗੱਡੀਆਂ ਵੀ ਥਾਂ ਪੁਰ ਥਾਂ ਭੇਜੀਆਂ ਜਾਦੀਆਂ ਹਨ। ਹਰ ਸਾਲ ਦਾ ਨਾਨਕਸ਼ਾਹੀ ਕੈਲੰਡਰ ਅਤੇ ਡਾਇਰੀ ਵੀ ਇਸ ਵਿਭਾਗ ਪਾਸੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ■

ਖ਼ਬਰਨਾਮਾ

## ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਬਾਪੂ ਸੂਰਤ ਸਿੰਘ ਦੇ ਅਕਾਲ ਚਲਾਣਾ ਕਰ ਜਾਣ 'ਤੇ ਕੀਤਾ ਦੁੱਖ ਪ੍ਰਗਟ

ਸ੍ਰੀ ਅੰਮ੍ਰਿਤਸਰ, ੧੫ ਜਨਵਰੀ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਲੰਮਾ ਸਮਾਂ ਸੰਘਰਸ਼ ਲੜਣ ਵਾਲੇ ਬਾਪੂ ਸੂਰਤ ਸਿੰਘ ਦੇ ਅਕਾਲ ਚਲਾਣੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਬਾਪੂ ਸੂਰਤ ਸਿੰਘ ਨੇ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਬੰਦੀ ਸਿੰਘਾਂ ਦੀ ਰਿਹਾਈ ਦੇ ਲੇਖੇ ਲਾਇਆ ਤੇ ਉਨ੍ਹਾਂ ਨੇ ਆਪਣਾ ਸੰਘਰਸ਼ ਪੂਰੀ ਦ੍ਰਿੜ੍ਹਤਾ ਨਾਲ ਲੜਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਬਾਪੂ ਸੂਰਤ ਸਿੰਘ ਦੇ ਅਕਾਲ ਚਲਾਣਾ ਕਰ ਜਾਣ ਨਾਲ ਸਿੱਖ ਕੌਮ ਕੋਲੋਂ ਇੱਕ ਦ੍ਰਿੜ੍ਹ ਆਗੂ ਚਲਾ ਗਿਆ ਹੈ, ਜਿਸ ਨਾਲ ਪੰਥ ਨੂੰ ਵੱਡਾ ਘਾਟਾ ਪਿਆ ਹੈ। ਐਡਵੋਕੇਟ ਧਾਮੀ ਨੇ ਕਰਤਾ ਪੁਰਖ ਅੱਗੇ ਅਰਦਾਸ ਕੀਤੀ ਕਿ ਬਾਪੂ ਸੂਰਤ ਸਿੰਘ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਣ ਅਤੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ।

ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਨੇ ਵੀ ਬਾਪੂ ਸੂਰਤ ਸਿੰਘ ਦੇ ਅਕਾਲ ਚਲਾਣਾ ਕਰ ਜਾਣ 'ਤੇ ਗਹਿਰੀ ਸੰਵੇਦਨਾ ਪ੍ਰਗਟ ਕਰਦਿਆਂ ਪਰਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੁੰਬਈ 'ਚ ਚਾਰ ਸਾਹਿਬਜ਼ਾਦੇ ਐੱਮ.ਆਰ.ਆਈ. ਤੇ ਸੀ.ਟੀ. ਸਕੈਨ ਕੇਂਦਰ ਸ਼ੁਰੂ

ਸ੍ਰੀ ਅੰਮ੍ਰਿਤਸਰ, ੨੪ ਜਨਵਰੀ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਮੁੰਬਈ ਵਿਖੇ ਚੱਲ ਰਹੇ ਗੁਰੂ ਨਾਨਕ ਖ਼ਾਲਸਾ ਕਾਲਜ ਮਾਟੁੰਗਾ ਵਿਚ ਚਾਰ ਸਾਹਿਬਜ਼ਾਦੇ ਐੱਮ.ਆਰ.ਆਈ. ਤੇ ਸੀ.ਟੀ. ਸਕੈਨ ਸੈਂਟਰ ਦਾ ਉਦਘਾਟਨ ਕੀਤਾ ਗਿਆ ਹੈ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਬਲਦੇਵ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਸ. ਗੁਰਿੰਦਰ ਸਿੰਘ ਬਾਵਾ, ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜਗਜੋਤ ਸਿੰਘ, ਸ਼੍ਰੋਮਣੀ

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਓ.ਐੱਸ.ਡੀ. ਸ. ਸਤਬੀਰ ਸਿੰਘ ਧਾਮੀ, ਸ. ਜਸਬੀਰ ਸਿੰਘ ਧਾਮ ਸਮੇਤ ਹੋਰ ਸ਼ਖ਼ਸੀਅਤਾਂ ਮੌਜੂਦ ਸਨ।

ਇਸ ਸੰਬੰਧੀ ਗੱਲਬਾਤ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਕੌਮ ਦੀ ਨੁਮਾਇੰਦਾ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲੋਕ ਭਲਾਈ ਦੇ ਕਾਰਜਾਂ ਵਿਚ ਵੱਡੀਆਂ ਸੇਵਾਵਾਂ ਕੀਤੀਆਂ ਜਾ ਰਹੀਆਂ ਹਨ। ਇਸੇ ਤਹਿਤ ਹੀ ਮੁੰਬਈ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਨੂੰ ਸਮਰਪਿਤ ਐੱਮ.ਆਰ.ਆਈ. ਤੇ ਸੀ.ਟੀ. ਸਕੈਨ ਸੈਂਟਰ ਦੀ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਦੱਸਿਆਂ ਕਿ ਇਸ ਸੈਂਟਰ ਵਿਖੇ ਆਰਥਕ ਤੌਰ ’ਤੇ ਕਮਜ਼ੋਰ ਲੋਕਾਂ ਨੂੰ ਕੇਵਲ ੧੦ ਰੁਪਏ ਵਿਚ ਐੱਮ.ਆਰ.ਆਈ., ਸੀ.ਟੀ. ਸਕੈਨ, ਐਕਸਰੇ ਆਦਿ ਟੈਸਟਾਂ ਦੀਆਂ ਸੇਵਾਵਾਂ ਦਿੱਤੀਆਂ ਜਾਣਗੀਆਂ। ਇਸ ਤੋਂ ਇਲਾਵਾ ਗੁਰੂ ਨਾਨਕ ਮਿਸ਼ਨ ੧੩੧੩ ਨਾਮ ਉੱਤੇ ਚਲਾਈ ਜਾਣ ਵਾਲੀ ਫਾਰਮੇਸੀ ਤੋਂ ਮਾਰਕੀਟ ਰੇਟ ਨਾਲੋਂ ੨੫% ਘੱਟ ਰੇਟ ਉੱਤੇ ਦਵਾਈਆਂ ਮੁਹੱਈਆ ਕਰਵਾਈਆਂ ਜਾਣਗੀਆਂ ਅਤੇ ਮੈਡੀਕਲ ਖੂਨ ਦੀ ਜਾਂਚ ਦੇ ਟੈਸਟ ਵੀ ੫੦% ਸਸਤੀਆਂ ਦਰਾਂ ਉੱਤੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਹ ਸੇਵਾਵਾਂ ਆਮ ਲੋਕਾਂ ਲਈ ਵੀ ਬਹੁਤ ਸਸਤੀਆਂ ਦਰਾਂ ਉੱਤੇ ਦਿੱਤੀਆਂ ਜਾਣਗੀਆਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਐਲਾਨ ਕੀਤਾ ਕਿ ਮੁੰਬਈ ਅਤੇ ਇਸ ਦੇ ਆਸ-ਪਾਸ ਦੇ ਇਲਾਕਿਆਂ ਦੇ ਗੁਰਦੁਆਰਾ ਸਾਹਿਬਾਨ ਦੇ ਗ੍ਰੰਥੀ ਸਿੰਘਾਂ ਅਤੇ ਹੋਰ ਮੁਲਾਜ਼ਮਾਂ ਨੂੰ ਵੀ ਇਹ ਸਹੂਲਤਾਂ ਕੇਵਲ ੧੦ ਰੁਪਏ ਵਿਚ ਹੀ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਇਨ੍ਹਾਂ ਕਾਰਜਾਂ ਵਿਚ ਮਹਾਂਰਾਸ਼ਟਰ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ. ਗੁਰਿੰਦਰ ਸਿੰਘ ਬਾਵਾ ਵੱਲੋਂ ਵਿਸ਼ੇਸ਼ ਤੇ ਸ਼ਲਾਘਾਯੋਗ ਯਤਨ ਕੀਤੇ ਗਏ ਹਨ, ਜਿਸ ਨਾਲ ਸਿੱਖ ਸੰਸਥਾ ਦਾ ਮਾਨ ਹੋਰ ਵਧੇਗਾ। ਇਸ ਮੌਕੇ ਗੁਰੂ ਨਾਨਕ ਖ਼ਾਲਸਾ ਕਾਲਜ ਦੀ ਡਾਇਰੈਕਟਰ ਐਡਮਿਨ ਡਾ. ਜਸਬੀਰ ਕੌਰ ਮੱਕੜ, ਸ. ਹਰਮੀਤ ਸਿੰਘ ਸਲੂਜਾ ਆਦਿ ਮੌਜੂਦ ਸਨ।

## ਗੁਰਮੀਤ ਰਾਮ ਰਹੀਮ ਨੂੰ ਮੁੜ ਪੈਰੋਲ ਦੇਣ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਖ਼ਤ ਇਤਰਾਜ਼ ਪ੍ਰਗਟ

ਸ੍ਰੀ ਅੰਮ੍ਰਿਤਸਰ, ੨੮ ਜਨਵਰੀ- ਕਤਲ ਤੇ ਜਬਰ ਜਨਾਹ ਦੇ ਸੰਗੀਨ ਦੋਸ਼ਾਂ ਤਹਿਤ ਜੇਲ੍ਹ ’ਚ ਸਜ਼ਾ ਕੱਟ ਰਹੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਸਰਕਾਰ ਵੱਲੋਂ ਮੁੜ ਪੈਰੋਲ ਦੇਣ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਖ਼ਤ ਇਤਰਾਜ਼ ਪ੍ਰਗਟ ਕੀਤਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਹ ਫੈਸਲਾ ਸਰਕਾਰ ਦੀ

ਦੋਹਰੀ ਪਹੁੰਚ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਸਿਆਸੀ ਲਾਹੇ ਲਈ ਰਾਮ ਰਹੀਮ ਨੂੰ ਵਾਰ-ਵਾਰ ਫਰਲੋ ਅਤੇ ਪੈਰੋਲ ਦਿੰਦੀ ਹੈ, ਜਦਕਿ ਤਿੰਨ-ਤਿੰਨ ਦਹਾਕਿਆਂ ਤੋਂ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਨਜ਼ਰਬੰਦ ਬੰਦੀ ਸਿੰਘਾਂ ਨੂੰ ਆਪਣੀਆਂ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਵੀ ਰਿਹਾਅ ਨਹੀਂ ਕੀਤਾ ਜਾ ਰਿਹਾ ਅਤੇ ਸੁਪਰੀਮ ਕੋਰਟ ਵੱਲੋਂ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਮੁਆਫ਼ੀ ’ਤੇ ਸਰਕਾਰ ਨੂੰ ਫੈਸਲਾ ਕਰਨ ਦੀ ਹਦਾਇਤ ਦੇ ਬਾਵਜੂਦ ਵੀ ਪੱਖਪਾਤੀ ਰਵੱਈਆ ਅਪਣਾਇਆ ਜਾ ਰਿਹਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਭਾਜਪਾ ਸਰਕਾਰ ਸਿਆਸੀ ਲਾਹੇ ਲਈ ਰਾਮ ਰਹੀਮ ਦੇ ਘਿਨੌਣੇ ਅਪਰਾਧਾਂ ਨੂੰ ਅੱਖੋਂ-ਉਹਲੇ ਕਰ ਕੇ ਉਸ ਨੂੰ ਪਹਿਲਾਂ ਵੀ ਚੋਣਾਂ ਸਮੇਂ ਫਰਲੋ ਤੇ ਪੈਰੋਲ ਦੇ ਚੁੱਕੀ ਹੈ ਅਤੇ ਹੁਣ ਫਿਰ ਦਿੱਲੀ ਦੀਆਂ ਵਿਧਾਨ ਸਭਾ ਅਤੇ ਹਰਿਆਣਾ ਅੰਦਰ ਨਿਗਮ ਚੋਣਾਂ ਵਿਚ ਸਿਆਸੀ ਲਾਹਾ ਲੈਣ ਲਈ ਉਸ ਨੂੰ ਜੇਲ੍ਹ ਤੋਂ ਬਾਹਰ ਲਿਆਂਦਾ ਗਿਆ ਹੈ, ਜੋ ਸਰਾਸਰ ਗ਼ਲਤ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਦੀ ਅਜਿਹੀ ਨੀਤੀ ਸਿੱਖਾਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਉਣ ਵਾਲੀ ਹੈ। ਐਡਵੋਕੇਟ ਧਾਮੀ ਨੇ ਰਾਮ ਰਹੀਮ ਦੀ ਪੈਰੋਲ ਨੂੰ ਤੁਰੰਤ ਰੱਦ ਕਰ ਕੇ ਮੁੜ ਜੇਲ੍ਹ ਭੇਜਣ ਦੀ ਮੰਗ ਕੀਤੀ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੁਆਬਾ ਖੇਤਰ ਵਿਚ ਧਰਮ ਪ੍ਰਚਾਰ ਲਈ ਪ੍ਰਚਾਰਕ ਜਥੇ ਕੀਤੇ ਰਵਾਨਾ

ਸ੍ਰੀ ਅੰਮ੍ਰਿਤਸਰ, ੮ ਫਰਵਰੀ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ੩੫੦ ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਧਰਮ ਪ੍ਰਚਾਰ ਲਹਿਰ ਤਹਿਤ ਗੁਰਦੁਆਰਾ ਸ੍ਰੀ ਗਰਨਾ ਸਾਹਿਬ ਬੋਦਲ ਹੁਸ਼ਿਆਰਪੁਰ ਤੋਂ ੧੦੦ ਵਲੰਟੀਅਰ ਪ੍ਰਚਾਰਕ ਸਿੰਘਾਂ ਨੂੰ ਜਥਿਆਂ ਦੇ ਰੂਪ ਵਿਚ ਪਿੰਡਾਂ ਲਈ ਰਵਾਨਾ ਕੀਤਾ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਦੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ’ਤੇ ਜਥਿਆਂ ਨੂੰ ਰਵਾਨਾ ਕਰਨ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਤੇ ਓ.ਐੱਸ.ਡੀ. ਸ. ਸਤਬੀਰ ਸਿੰਘ ਧਾਮੀ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।

ਇਸੇ ਸੰਬੰਧੀ ਜਾਣਕਾਰੀ ਦਿੰਦਿਆਂ ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ ਤੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਪ੍ਰਬੰਧ ਵਾਲੇ ਸਿੱਖ ਮਿਸ਼ਨਰੀ ਕਾਲਜਾਂ ਅਤੇ ਗੁਰਮਤਿ ਵਿਦਿਆਲਿਆਂ ਤੋਂ ਸਿੱਖਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਵਲੰਟੀਅਰ ਤੌਰ ’ਤੇ ਚੋਣ ਕੀਤੀ ਗਈ

ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਇਨ੍ਹਾਂ ਵਿੱਚੋਂ ੪-੪ ਸਿੰਘਾਂ ਦੇ ਜਥੇ ਬਣਾ ਕੇ ਪਿੰਡਾਂ ਵਿਚ ਭੇਜਿਆ ਜਾ ਰਿਹਾ ਹੈ, ਜੋ ਇਕ ਪਿੰਡ ਵਿੱਚ ੧੦ ਦਿਨ ਦੇ ਕਰੀਬ ਰਹਿ ਕੇ ਸੰਗਤ ਨੂੰ ਗੁਰਮਤਿ ਸਿਧਾਂਤਾਂ ਤੇ ਸਿੱਖ ਇਤਿਹਾਸ ਦੀ ਜਾਣਕਾਰੀ ਦੇਣਗੇ। ਉਨ੍ਹਾਂ ਕਿਹਾ ਕਿ ਖਾਲਸਾ ਪੰਥ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ੩੫੦ ਸਾਲਾ ਸ਼ਹੀਦੀ ਸ਼ਤਾਬਦੀ ਨਵੰਬਰ ੨੦੨੫ ਵਿਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਈ ਜਾ ਰਹੀ ਹੈ, ਜਿਸ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਮਤਿ ਸਮਾਗਮਾਂ ਦੀ ਲੜੀ ਚਲਾਈ ਜਾਵੇਗੀ। ਇਸੇ ਤਹਿਤ ਹੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸਾ ਸਾਜਨਾ ਦਿਵਸ ਵੈਸਾਖੀ ਮੌਕੇ ਵਿਸ਼ੇਸ਼ ਤੌਰ ’ਤੇ ਅੰਮ੍ਰਿਤ-ਸੰਚਾਰ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸਾ ਸਾਜਨਾ ਸਮੇਂ ਅੰਮ੍ਰਿਤ-ਸੰਚਾਰ ਲਈ ਵਰਤੇ ਖੰਡੇ ਨਾਲ ਸਿੰਘ ਸਾਹਿਬਾਨ ਅੰਮ੍ਰਿਤ ਦਾ ਬਾਟਾ ਤਿਆਰ ਕਰਨਗੇ। ਉਨ੍ਹਾਂ ਕਿਹਾ ਕਿ ਇਹ ਜਥੇ ਅੰਮ੍ਰਿਤ-ਸੰਚਾਰ ਲਈ ਵੀ ਸੰਗਤ ਨੂੰ ਪ੍ਰੇਰਨਾ ਕਰਨਗੇ। ਉਨ੍ਹਾਂ ਕਿਹਾ ਕਿ ਵੈਸਾਖੀ ਤਕ ਇਹ ਜਥੇ ਦੁਆਬਾ ਖੇਤਰ ਦੇ ਪਿੰਡਾਂ ਅੰਦਰ ਧਰਮ ਪ੍ਰਚਾਰ ਲਹਿਰ ਜਾਰੀ ਰੱਖਣਗੇ ਜਿਸ ਮਗਰੋਂ ਇਨ੍ਹਾਂ ਨੂੰ ਹੋਰ ਹਲਕਿਆਂ ਵਿਚ ਭੇਜਿਆ ਜਾਵੇਗਾ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ ਤੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਤੋਂ ਇਲਾਵਾ ਓ.ਐੱਸ.ਡੀ. ਸ. ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਸ. ਬਿਜੇ ਸਿੰਘ, ਸ. ਸੰਦੀਪ ਸਿੰਘ ਸੀਕਰੀ, ਹਲਕਾ ਇੰਚਾਰਜ ਸ਼ਾਮਚੁਰਾਸੀ, ਪ੍ਰਿੰਸੀਪਲ ਬੀਬੀ ਮਨਜੀਤ ਕੌਰ, ਸ. ਮਹਿੰਦਰਪਾਲ ਸਿੰਘ ਗੁੰਬਰ, ਇੰਚਾਰਜ ਸ. ਕਰਤਾਰ ਸਿੰਘ, ਸ. ਬਹਾਲ ਸਿੰਘ, ਸ. ਗੁਰਭਾਗ ਸਿੰਘ, ਮੈਨੇਜਰ ਸ. ਅਵਤਾਰ ਸਿੰਘ, ਗੁਰਦੁਆਰਾ ਸ੍ਰੀ ਗਰਨਾ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਸਰਤਾਜ ਸਿੰਘ, ਪ੍ਰਚਾਰਕ ਭਾਈ ਕਲਿਆਣ ਸਿੰਘ, ਭਾਈ ਅਮਰਜੀਤ ਸਿੰਘ ਜੰਡੀ, ਭਾਈ ਗੁਰਜੰਟ ਸਿੰਘ ਤਿੱਬੜ, ਮੀਤ ਮੈਨੇਜਰ ਸ. ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

## ਸਿੱਖ ਕਤਲ-ਏ-ਆਮ ਮਾਮਲੇ ’ਚ ਸੱਜਣ ਕੁਮਾਰ ਨੂੰ ਮਿਲੇ ਮਿਸਾਲੀ ਸਜ਼ਾ- ਐਡਵੋਕੇਟ ਹਰਜਿੰਦਰ ਸਿੰਘ ਧਾਮੀ

ਸ੍ਰੀ ਅੰਮ੍ਰਿਤਸਰ, ੧੨ ਫ਼ਰਵਰੀ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦਿੱਲੀ ਸਿੱਖ ਕਤਲ-ਏ-ਆਮ ਦੇ ਦੋਸ਼ੀ ਸੱਜਣ ਕੁਮਾਰ ਨੂੰ ਸਰਸਵਤੀ ਵਿਹਾਰ ਵਿਚ ਦੋ ਸਿੱਖਾਂ ਦੇ ਕਤਲ ਦੇ ਮਾਮਲੇ ਵਿਚ ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਵੱਲੋਂ ਦੋਸ਼ੀ ਕਰਾਰ ਦਿੱਤੇ ਜਾਣ

ਦਾ ਸਵਾਗਤ ਕਰਦਿਆਂ ਦੋਸ਼ੀ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੀ ਆਸ ਕੀਤੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ੧੯੮੪ ਈ. ਦਾ ਸਿੱਖ ਕਤਲ-ਏ-ਆਮ ਮਨੁੱਖੀ ਇਤਿਹਾਸ ਵਿਚ ਮਾਨਵ ਵਿਰੋਧੀ ਕਰੂਰ ਕਾਰੇ ਦੀ ਸਿਖਰ ਵਜੋਂ ਅੰਕਿਤ ਹੈ, ਜਿਸ ਦੇ ਪੀੜਤ ਕਰੀਬ ੪ ਦਹਾਕਿਆਂ ਤੋਂ ਇਨਸਾਫ਼ ਲਈ ਅੱਜ ਵੀ ਸੰਘਰਸ਼ ਕਰ ਰਹੇ ਹਨ, ਜੋ ਕਿ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਲਈ ਸ਼ਰਮਨਾਕ ਹੈ। ਹੁਣ ਜਦੋਂ ਸਿੱਖ ਕਤਲ-ਏ-ਆਮ ਦੇ ਇੱਕ ਮਾਮਲੇ ਵਿਚ ਕਾਂਗਰਸੀ ਆਗੂ ਸੱਜਣ ਕੁਮਾਰ ਦੋਸ਼ੀ ਪਾਏ ਗਏ ਹਨ ਤਾਂ ਉਸ ਨੂੰ ਮਿਸਾਲੀ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸੱਜਣ ਕੁਮਾਰ ਤੋਂ ਇਲਾਵਾ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਸਮੇਤ ਹੋਰ ਵੀ ਕਈ ਆਗੂ ਸਿੱਖ ਕਤਲ-ਏ-ਆਮ ਵਿਚ ਸ਼ਾਮਲ ਸਨ ਅਤੇ ਹਰ ਦੋਸ਼ੀ ਨੂੰ ਸਖ਼ਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਸਿੱਖਾਂ ਦੀ ਦੁਸ਼ਮਣ ਜਮਾਤ ਕਾਂਗਰਸ ਨੇ ਸਿੱਖਾਂ ਦੇ ਜ਼ਖ਼ਮ ਭਰਨ ਦੀ ਥਾਂ ਸਿੱਖ ਕਤਲ-ਏ-ਆਮ ਦੇ ਦੋਸ਼ੀਆਂ ਨੂੰ ਹਮੇਸ਼ਾ ਵੱਡੇ ਅਹੁਦੇ ਦੇ ਕੇ ਨਿਵਾਜਿਆ ਹੈ। ਉਨ੍ਹਾਂ ਕਿਹਾ ਕਿ ਅਦਾਲਤ ਦੇ ਇਸ ਫੈਸਲੇ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਕੁਝ ਹੱਦ ਤਕ ਧਰਵਾਸ ਮਿਲੇਗਾ। ਉਨ੍ਹਾਂ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ੧੯੮੪ ਸਿੱਖ ਕਤਲ-ਏ-ਆਮ ਨਾਲ ਸੰਬੰਧਿਤ ਦੇਸ਼ ਦੇ ਵੱਖ-ਵੱਖ ਥਾਂਵਾਂ ਉੱਤੇ ਚੱਲ ਰਹੇ ਮਾਮਲਿਆਂ ਨੂੰ ਫਾਸਟ ਟ੍ਰੈਕ ਅਦਾਲਤਾਂ ਰਾਹੀਂ ਅੱਗੇ ਵਧਾਇਆ ਜਾਵੇ ਤਾਂ ਜੋ ਇਨਸਾਫ਼ ਵਿੱਚ ਹੋਰ ਦੇਰੀ ਨਾ ਹੋਵੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਇਹ ਵੀ ਮੰਗ ਕੀਤੀ ਕਿ ਦੇਸ਼ ਦੀ ਸੰਸਦ ਅੰਦਰ ਸਿੱਖ ਕਤਲ-ਏ-ਆਮ ਪ੍ਰਤੀ ਸੰਵੇਦਨਾ ਅਤੇ ਮੁਆਫ਼ੀ ਦਾ ਇੱਕ ਮਤਾ ਵੀ ਜ਼ਰੂਰ ਪਾਸ ਕੀਤਾ ਜਾਵੇ। ਇਹ ਆਪਣੇ ਦੇਸ਼ ਵਿਚ ੧੯੮੪ ਅੰਦਰ ਮਾਰੇ ਗਏ ਬੇਦੋਸ਼ੇ ਸਿੱਖ ਨਾਗਰਿਕਾਂ ਪ੍ਰਤੀ ਇੱਕ ਸ਼ਰਧਾਂਜਲੀ ਹੋਵੇਗੀ।

■


## ਸਿੱਖ ਰੈਫ਼ਰੈਂਸ ਲਾਇਬ੍ਰੇਰੀ

ਸਮੂਹ ਜਗਤ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਜਿਸ ਸੱਜਣ ਪਾਸ ਕੋਈ ਵੀ ਦੁਰਲੱਭ ਇਤਿਹਾਸਿਕ ਪੁਸਤਕ/ਹੱਥ-ਲਿਖਤ ਗ੍ਰੰਥ/ਪੋਥੀ ਜਾਂ ਕੋਈ ਹੋਰ ਇਤਿਹਾਸਿਕ ਵਸਤੂ ਹੋਵੇ, ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਭੇਟਾ-ਰਹਿਤ ਜਾਂ ਭੇਟਾ-ਸਹਿਤ ਦੇਣ ਲਈ ਸੰਪਰਕ ਕਰਨ ਜੀ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ,
ਸ੍ਰੀ ਦਰਬਾਰ ਸਾਹਿਬ ਵਿਖੇ ਜਲੌ ਦਾ ਦ੍ਰਿਸ਼



Registered with Registrar of Newspaper at No. 354/57
Postal Regd.No.L-I/PB-ASR/007/2025-2027 Without Pre-payment of Postage under License no. PB/0370/2025-2027

# GURMAT PARKASH March 2025

Dharam Parchar Committee, Shiromani Gurdwara Parbandhak Committee, Sri Amritsar Sahib



ਕਿਲ੍ਹਾ ਅਨੰਦਗੜ੍ਹ ਸਾਹਿਬ



ਕਿਲ੍ਹਾ ਲੋਹਗੜ੍ਹ ਸਾਹਿਬ



ਕਿਲ੍ਹਾ ਫ਼ਤਿਹਗੜ੍ਹ ਸਾਹਿਬ



ਕਿਲ੍ਹਾ ਹੋਲਗੜ੍ਹ ਸਾਹਿਬ



ਕਿਲ੍ਹਾ ਤਾਰਾਗੜ੍ਹ ਸਾਹਿਬ

Owner : Shiromani Gurdwara Parbandhak Committee. Publisher & Printer : S. Manjit Singh. Printed at Golden Offset Press, Gurdwara Sri Ramsar Sahib, Sri Amritsar. Published from SGPC office, Teja Singh Samundri Hall, Sri Amritsar. Editor : Satwinder Singh
Date: 2-3-2025